ਹਫਤਾਵਾਰੀ
# ਦੇਸ਼ ਦੁਆਬਾ

VOL - 3 ISSUE - 28
March 12, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵਲੋਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈ






ਗੁਰਦੁਆਰਾ ਸਾਹਿਬ ਟਰਲੱਕ, ਕੈਲੇਫੋਰਨੀਆ ਦਾ ਚੌਥਾ ਸਾਲਾਨਾ ਨਗਰ ਕੀਰਤਨ 15 ਮਾਰਚ ਨੂੰ। (ਹੋਰ ਜਾਣਕਾਰੀ ਲਈ ਦੇਖੋ ਆਖਰੀ ਸਫਾ)

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਨਗਰ ਕੀਰਤਨ ਮੌਕੇ ਸੰਗਤਾਂ ਦਾ ਰਿਕਾਰਡ ਤੋੜ ਇਕੱਠ

## ਇਸ ਸਾਲ ਵੀ ਹੈਲੀਕਾਪਟਰ ਰਾਹੀਂ ਕੀਤੀ ਪਾਲਕੀ ਸਾਹਿਬ ਤੇ ਫੁੱਲਾਂ ਦੀ ਵਰਖਾ






**ਸੈਕਰਾਮੈਂਟੋ-** ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀਆਂ ਸੰਗਤਾਂ ਤੇ ਕਮੇਟੀ ਦੇ ਉਦਮ ਸਦਕਾ ਗੁਰੂ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਅਤੇ 15ਵੇਂ ਨਗਰ ਕੀਰਤਨ ਦੇ ਸਬੰਧ ਵਿਚ ਹਰ ਸਾਲ ਦੀ ਤਰ੍ਹਾਂ 9 ਮਾਰਚ ਦਿਨ ਐਤਵਾਰ ਨੂੰ ਸਜਾਏ ਗਏ ਮਹਾਨ ਨਗਰ ਕੀਰਤਨ ਵਿਚ ਦੂਰੋਂ-ਨੇੜਿਉਂ ਸੰਗਤਾਂ ਨੇ ਹੁੰਮ-ਹੁੰਮਾ ਕੇ ਹਾਜ਼ਰੀਆਂ ਲਗਵਾਈਆਂ। ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਵਿਚ ਕਈ ਗੁਰੂ ਘਰਾਂ ਅਤੇ ਕਈ ਸੰਸਥਾਵਾਂ ਦੇ ਫਲੋਟ ਅਤੇ ਗੁਰੂ ਘਰਾਂ ਦੇ ਨੁਮਾਇੰਦੇ ਬੈਨਰ ਲੈ ਕੇ ਮਹਾਰਾਜ ਜੀ ਦੀ ਪਾਲਕੀ ਦੇ ਪਿੱਛੇ ਪਿੱਛੇ ਚੱਲ ਰਹੇ ਸਨ। ਮੇਨ ਪਾਲਕੀ ਤੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਜਥੇ ਭਾਈ ਸਾਹਿਬ ਜਸਬੀਰ ਸਿੰਘ ਖਾਲਸਾ, ਭਾਈ ਸਤਨਾਮ ਸਿੰਘ ਕੁਹਾੜਕਾ, ਗੁਰ ਘਰ ਦਾ ਹਜ਼ੂਰੀ ਜਥਾ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਨੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਭੋਗ ਪੈਣ ਪਿੱਛੋਂ ਅਰਦਾਸ ਉਪਰੰਤ 12 ਵਜੇ ਨਗਰ ਕੀਰਤਨ ਚਾਲੇ ਪੈ ਕੇ ਵੱਖ ਵੱਖ ਪੜਾਵਾਂ ਵਿਚੋਂ ਹੁੰਦਾ ਹੋਇਆ ਸਾਢੇ ਚਾਰ ਵਜੇ ਗੁਰੂ ਘਰ ਪਹੁੰਚਿਆ। *(ਬਾਕੀ ਸਫਾ 22 ਤੇ, ਤਸਵੀਰਾਂ ਸਫਾ 11 ਤੋਂ 14 ਤੇ ਦੇਖੋ)*

# ਜਨਮ ਦਿਨ ਮੁਬਾਰਕ



ਪ੍ਰਸਿੱਧ ਲੇਖਕ ਪ੍ਰੋ: ਐਚ ਐਲ ਕਪੂਰ ਜੀ ਦੀ ਹੋਣਹਾਰ ਦੋਹਤੀ ਤਨਵੀ ਬਾਸੀ ਸਪੁੱਤਰੀ ਰਣਦੀਪ ਬਾਸੀ ਅਤੇ ਪੂਜਾ ਬਾਸੀ ਨੂੰ ਅਤੇ ਬੱਚੀ ਤਨਵੀ ਦੇ ਦਾਦਕੇ ਤੇ ਨਾਨਕਿਆਂ ਨੂੰ ਅਦਾਰਾ "ਦੇਸ ਦੁਆਬਾ" ਵੱਲੋਂ ਜਨਮ ਦਿਨ ਦੀਆਂ ਮੁਬਾਰਕਾਂ। - ਸੰਪਾਦਕ

# ਕੋਲੇ ਦੀ ਦਲਾਲੀ ਵਿਚ ਮਨਮੋਹਨ ਸਿੰਘ ਨੂੰ ਜਾਰੀ ਹੋਏ ਸੰਮਨ

**ਨਵੀਂ ਦਿੱਲੀ-** ਕੋਲਾ ਬਲਾਕਾਂ ਦੀ ਅਲਾਟਮੈਂਟ ਘਪਲੇ ਦੀ ਸੁਣਵਾਈ ਕਰ ਰਹੀ ਇੱਥੋਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮੁਲਜ਼ਮ ਵਜੋਂ ਸੰਮਨ ਜਾਰੀ ਕੀਤੇ ਹਨ ਤੇ ਉਨ੍ਹਾਂ ਨੂੰ 8 ਅਪਰੈਲ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਸੇ ਨਾਲ ਅਦਾਲਤ ਨੇ ਸਨਅਤਕਾਰ ਕੁਮਾਰ ਮੰਗਲਮ ਬਿਰਲਾ ਤੇ ਸਾਬਕਾ ਕੋਲਾ ਸਕੱਤਰ ਪੀ.ਸੀ. ਪਾਰੇਖ ਸਣੇ ਹੋਰਨਾਂ ਨੂੰ ਵੀ ਸੰਮਨ ਭੇਜੇ ਹਨ। ਵਿਸ਼ੇਸ਼ ਜੱਜ ਭਰਤ ਪਰਾਸ਼ਰ ਨੇ ਆਪਣੇ 75 ਸਫਿਆਂ ਦੇ ਹੁਕਮ ਵਿੱਚ ਕਿਹਾ, "ਪਹਿਲੀ ਨਜ਼ਰੇ ਸਪਸ਼ਟ ਹੈ ਕਿ ਉੜੀਸਾ ਵਿਚਲੇ ਤਾਲਾਬੀਰਾ ਕੋਲਾ ਬਲਾਕ (11 ਤੇ 111) ਨੂੰ ਅਦਿੱਤਿਆ ਬਿਰਲਾ ਗਰੁੱਪ ਕੰਪਨੀ ਨੂੰ ਅਲਾਟ



ਕਰਨ ਵੇਲੇ ਰਚੀ ਅਪਰਾਧ ਸਾਜ਼ਿਸ਼ ਤੇ ਭ੍ਰਿਸ਼ਟ ਵਰਤਾਰੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਵੀ ਸ਼ਾਮਲ ਸਨ। ਇਹ ਅਲਾਟਮੈਂਟ ਸਾਲ 2005 ਵਿੱਚ ਕੀਤੀ ਗਈ ਸੀ ਤੇ ਉਦੋਂ ਕੋਲਾ ਮੰਤਰਾਲਾ ਵੀ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਸੀ। ਜੱਜ ਨੇ ਕਿਹਾ ਕਿ ਇਸ ਕਾਰਨ ਸਰਕਾਰੀ ਕੰਪਨੀ ਨੇਵੇਲੀ ਲਿਗਨਾਈਟ ਕਾਰਪੋਰੇਸ਼ਨ (ਐਨ ਐਲ ਸੀ) ਨੂੰ ਨੁਕਸਾਨ ਸਹਿਣਾ ਪਿਆ, ਜਦਕਿ ਨਿੱਜੀ ਕੰਪਨੀ ਹਿੰਡਾਲਕੋ ਦੀਆਂ ਉਂਗਲਾਂ (ਬਾਕੀ ਸਫਾ 22 ਤੇ)

# ਪੀ ਸੀ ਐੱਸ ਸੈਕਰਾਮੈਂਟੋਂ ਵਲੋਂ 26ਵਾਂ ਵਿਸਾਖੀ ਮੇਲਾ 18 ਅਪ੍ਰੈਲ ਨੂੰ ਕਰਨ ਦਾ ਫੈਸਲਾ



**ਸੈਕਰਾਮੈਂਟੋ/ ਹਰਜਿੰਦਰ ਪੰਧੇਰ:** ਸਥਾਨਕ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਪਣਾ ਸਾਲਾਨਾ ਵਿਸਾਖੀ ਮੇਲਾ ਇਸ ਵਾਰ ਆਉਂਦੀ 18 ਅਪ੍ਰੈਲ (ਦਿਨ ਸ਼ਨੀਚਰਵਾਰ) ਨੂੰ ਪਹਿਲਾਂ ਵਾਲੀ ਥਾਂ, ਐਸ ਈ ਐਸ ਹਾਲ ਵਿਚ (ਬਾਕੀ ਸਫਾ 18 ਤੇ)

Prime Real Estate Services
Kulwinder Singh Realtor



Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager



50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

HAPPY TRAVELS AGENCY



Harjit (Happy)
Agency Owner
HappyTravels Agency
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fiiji, Uk, Europe and
All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY
INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


Raja SWEETS & CATERING
AUTHORIZED CATERER FOR MAJOR 5-STAR HOTELS
Raja Items Serving
• ALL KINDS OF SWEETS
• SNACKS
• CHAAT STALL
• NORTH INDIAN CUISINE
• FLUDA KULFI STALL
• ON SITE TANDOOR
Raja Catering Service
• WEDDING CEREMONIES
• RECEPTIONS
• BIRTHDAY PARTIES
• RELIGIOUS GATHERINGS
• CORPORATE EVENTS
• PICNICS / BAR-B-QUE
Raja Additional Service
• WARMERS
• CHAFFING DISHES
• CHINA & SILVERWARE
• LINEN RENTAL
• WAITERS
• BARTENDERS
Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS


INDIA MARKET
SWEETS & SPICES
ਤਾਜ਼ੀਆਂ ਸਬਜ਼ੀਆਂ ਅਤੇ
ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
Chaat Plate
Only for
$2.99
Chaat Papdi. Samosa
Chaat. Pani Puri. Dahi
Vada. Bhel Puri Chaat
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Music, Fabric, Artificial
Jewelry, Sweets, Fresh
Vegetables & more
We have the largest collection for
Indian, Fijian & Pakistani Grocery
The Threading queen
threading & HEENA TATTOOS
We accept EBT cards
Call for appointment
(916) 297-0150, (916) 316-8199
Eyebrow Threading &
Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm
1265 Pleasant Grove Blvd. # 100 Roseville, CA 95747
916-786-7666
5203 Elkhorn Blvd.Sacramento, CA 95842
916-338-5511


INDIA BAZAAR
Jai Ram Gaught
Harjit Gaught (Happy)
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
BRIDAL
BOUTIQUE
JEWELRY
KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138
ਕਸ਼ਮੀਰ ਸਿੰਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ

# ਅਗਰ ਜੰਮੂ-ਕਸ਼ਮੀਰ ਦੇ ਖਾੜਕੂ ਮਸਰਤ ਆਜਮ ਨੂੰ ਛੱਡਿਆ ਜਾ ਸਕਦਾ ਹੈ ਤਾਂ ਬੰਦੀ ਸਿੰਘਾਂ ਨੂੰ ਕਿਉਂ ਨਹੀਂ?

ਜੰਮੂ-ਕਸ਼ਮੀਰ ਵਿਚ ਪੀ. ਡੀ. ਪੀ. ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਦ ਨੇ 10 ਲੱਖ ਦੇ ਇਨਾਮ ਵਾਲੇ ਖਾੜਕੂ ਮਸਰਤ ਨੂੰ ਤੁਰੰਤ ਛੱਡ ਦਿੱਤਾ ਹੈ। ਇਹ 2010 ਵਿਚ ਜੰਮੂ-ਕਸ਼ਮੀਰ ਵਿਚ ਹੋਈ ਹਿੰਸਾ, ਜਿਸ ਵਿਚ 100 ਦੇ ਲੱਗਭੱਗ ਆਦਮੀ ਮਾਰੇ ਗਏ ਸਨ, ਉਸ ਨੂੰ ਜ਼ਿੰਮੇਵਾਰ ਸਮਝਿਆ ਜਾ ਰਿਹਾ ਸੀ ਅਤੇ ਉਹ ਪਿਛਲੇ 20 ਸਾਲਾਂ ਤੋਂ ਜੇਲ੍ਹ ਵਿਚ ਆਉਂਦਾ-ਜਾਂਦਾ ਹੀ ਰਹਿੰਦਾ ਸੀ। ਹੁਣ ਬਾਦਲਾਂ ਅਤੇ ਉਸ ਦੇ ਕਰਿੰਦਿਆਂ ਦੀ ਬਿੱਲੀ ਥੈਲਿਉਂ ਬਾਹਰ ਆ ਗਈ ਹੈ। ਬਾਹਰ ਦੀਆਂ ਜੇਲ੍ਹਾਂ ਤੋਂ ਪੰਜਾਬ ਵਿਚ ਲਿਆ ਕੇ ਸਾਰੇ ਬੰਦੀ ਜਿਹੜੇ ਕਿ ਲੰਮੇ ਸਮੇਂ ਦੇ ਅੰਦਰ ਜੇਲ੍ਹਾਂ ਵਿਚ ਬੰਦ ਹਨ, ਨੂੰ ਛੱਡਿਆ ਜਾ ਸਕਦਾ ਸੀ ਪਰ ਬਾਦਲ ਸਿੱਖ ਕੌਮ ਦਾ ਨੰਬਰ ਇਕ ਹੋ ਨਿਬੜਿਆ ਹੈ। ਮੁੱਖ ਮੰਤਰੀ ਦੀ ਜਗ੍ਹਾ ਉਸਦਾ ਸਿੱਖ ਦੁਸ਼ਮਣ ਡੀ. ਜੀ. ਪੀ. ਸੁਮੇਧ ਸੈਣੀ ਬਿਆਨ ਦਿੰਦਾ ਹੈ, ਜਿਸ ਉਪਰ ਕਾਫੀ ਸਾਰੇ ਬੰਦਿਆਂ ਨੂੰ ਚੁੱਕ ਕੇ ਖਤਮ ਕਰਨ ਦਾ ਕੇਸ ਚਲਦਾ ਹੈ। ਬਾਦਲਾਂ ਦੀ ਸਰਕਾਰ ਵਿਚ ਅਮਨ ਅਮਾਨ ਅਤੇ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰਨਾ ਵੀ ਵੱਡਾ ਗੁਨਾਹ ਸਮਝਿਆ ਜਾ ਰਿਹਾ ਹੈ ਅਤੇ ਇਹ ਮੀਰ ਮੰਨੂ ਤੋਂ ਘੱਟ ਨਹੀਂ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਮਾਸਟਰ ਸੂਰਤ ਸਿੰਘ ਨੇ ਆਪਣੇ ਘਰ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਤਾਂ ਕੁਝ ਦਿਨ ਬਾਅਦ ਹੀ ਪੁਲਿਸ ਨੂੰ ਉਹਨਾਂ ਨੂੰ ਜਬਰਦਸਤੀ ਚੁੱਕ ਕੇ ਸਿਵਲ ਹਸਪਤਾਲ ਲੁਧਿਆਣਾ ਵਿਚ ਲਿਆਂਦਾ। ਸਾਰੀਆਂ ਪੰਥਕ ਧਿਰਾਂ ਦੀ ਹੋਈ ਲਾਮਬੰਦੀ ਤੋਂ ਘਬਰਾ ਕੇ ਬਾਦਲ ਨੇ ਬਾਬਾ ਸੂਰਤ ਸਿੰਘ ਨੂੰ ਹਸਪਤਾਲ ਵਿਚ ਹੀ ਤੇ ਭਾਈ



ਮੋਹਕਮ ਸਿੰਘ ਪ੍ਰਧਾਨ ਯੂਨਾਈਟਿਡ ਅਕਾਲੀ ਦਲ ਅਤੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਨ ਵਾਲੇ ਭਾਈ ਗੁਰਦੀਪ ਸਿੰਘ ਬਠਿੰਡਾ, ਖਾਲਸਾ ਜੀ ਦਾ ਲੜਕਾ ਰਵਿੰਦਰਜੀਤ ਸਿੰਘ ਅਤੇ ਇਕ ਹੋਰ ਸੱਜਣ ਦਮਨਦੀਪ ਸਿੰਘ ਨੂੰ ਜਬਰਦਸਤੀ ਹਿਰਾਸਤ ਵਿਚ ਲੈ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਅਤੇ ਖਾਲਸਾ ਜੀ ਨੂੰ ਜਬਰਦਸਤੀ ਨੱਕ ਵਿਚ ਨਾਲੀ ਤੇ ਜਬਰਦਸਤੀ ਠੀਕ ਕਰ ਦਿੱਤਾ ਤਾਂ ਕਿ 3 ਮਾਰਚ ਨੂੰ ਜੰਤਰ ਮੰਤਰ ਵਾਲੇ ਧਰਨੇ ਨੂੰ ਤਾਰਪੀਡੋ ਕੀਤਾ ਜਾਵੇ ਅਤੇ ਆਰ. ਐਸ. ਐਸ. ਦਾ ਨੰਬਰ ਇਕ ਮਿੱਤਰ ਸਾਬਤ ਕਰ ਸਕੇ।

**ਜਾਰੀ ਕਰਤਾ- ਜਗਜੀਤ ਸਿੰਘ ਮੁਕੰਦਮਪੁਰੀ**
**ਮੈਂਬਰ ਵਰਕਿੰਗ ਕਮੇਟੀ ਤੇ ਕੌਮਾਂਤਰੀ ਬੁਲਾਰਾ**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਸਥਾਪਨਾ ਦਿਵਸ 14 ਮਾਰਚ ਨੂੰ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਸਥਾਪਨਾ ਦਿਵਸ 15 ਮਾਰਚ 2015 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਅਖੰਡ ਪਾਠ ਸਾਹਿਬ 13 ਮਾਰਚ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ।ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਨਾਲ 530-674-2564 ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823 ਜਾਂ ਦਿਲਵਿੰਦਰ ਰੱਲ੍ਹ (ਕੈਸ਼ੀਅਰ ) 530-933-3938 ਜਾਂ ਰਾਮ ਸੇਵਕ ਭਾਟੀਆ (ਕੈਸ਼ੀਅਰ) 530-701-4370 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਇੰਦਰ ਸਿੰਘ ਖ਼ਮੋਸ਼ ਦੇ ਨਵੇਂ ਨਾਵਲ 'ਲਟ ਲਟ ਲਾਟ ਬਲੇ' ਦਾ ਲੋਕ ਅਰਪਣ ਸਮਾਗਮ 22 ਮਾਰਚ ਨੂੰ

**ਸਟਾਕਟਨ (ਹਰਜਿੰਦਰ ਪੰਧੇਰ):-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵਲੋਂ ਪੰਜਾਬੀ ਸਾਹਿਤ ਦੀ ਬਹੁਪੱਖੀ ਸ਼ਖ਼ਸੀਅਤ ਇੰਦਰ ਸਿੰਘ ਖਾਮੋਸ਼ ਦੁਆਰਾ ਫਰਾਂਸੀਸੀ ਸਾਹਿਤਕਾਰ ਵਿਕਟਰ ਹੀਊਗੋ ਦੀ ਜੀਵਨੀ ਉਤੇ ਅਧਾਰਤ ਨਾਵਲ 'ਲਟ ਲਟ ਲਾਟ ਬਲੇ' ਨੂੰ 22 ਮਾਰਚ ( ਐਤਵਾਰ ) 2015, ਨੂੰ ਲੋਕ ਅਰਪਣ ਕੀਤਾ ਜਾ ਰਿਹਾ ਹੈ । ਜੀਵਨੀ ਮੂਲਕ ਨਾਵਲਾਂ ਦੀ ਲੜੀ ਵਿਚ ਉਹਨਾਂ ਦੇ ਇਸ ਸੱਤਵੇਂ ਨਾਵਲ ਤੇ ਉਸ ਦਿਨ ਭਰਵੀਂ ਵਿਚਾਰ ਚਰਚਾ ਵੀ ਕੀਤੀ ਜਾਵੇਗੀ ।

ਉਸ ਦਿਨ ਦੇ ਪ੍ਰੋਗਰਾਮ ਦਾ ਆਰੰਭ ਜੰਗੇ ਅਜ਼ਾਦੀ ਦੇ ਕੌਮੀ ਸ਼ਹੀਦਾਂ ਭਗਤ ਸਿੰਘ , ਸੁਖਦੇਵ ਅਤੇ ਰਾਜਗੁਰੂ ਦੀਆਂ ਲਾਸਾਨੀ ਸ਼ਹਾਦਤਾਂ ਨੂੰ ਯਾਦਾਂ ਦੇ ਫੁਲ ਚੜ੍ਹਾਉਂਦਿਆਂ ਕੀਤਾ ਜਾਵੇਗਾ । ਉਸ ਉਪਰੰਤ ਨਾਵਲ ਰੀਲੀਜ਼, ਕਹਾਣੀ ਵਰਕਸ਼ਾਪ ਅਤੇ ਸ਼ਾਨਦਾਰ ਕਵੀ ਦਰਬਾਰ ਵੀ ਹੋਵੇਗਾ। ਸਾਹਿਤ ਸਭਾ ਸਟਾਕਟਨ ਯੂਨਿਟ ਦੀ ਕਾਰਜ ਕਰਨੀ ਦੀ ਦੋ ਵਰ੍ਹਿਆਂ ਬਾਅਦ ਹੋਣ ਵਾਲੀ ਚੋਣ ਵੀ ਉਸ ਦਿਨ ਹੋਣੀ ਨੀਯਤ ਕੀਤੀ ਗਈ ਹੈ। ਸਾਹਿਤਕ ਇਕੱਤਰਤਾ, Swagat Indian cousine 2233, Grand Canal Blv # 205 Stockton . CA 95207 ਵਿਖੇ ਹੋਵੇਗੀ । ਪਹੁੰਚਣ ਦਾ ਸਮਾਂ ਸਵੇਰੇ 11 ਤੋਂ 12 ਵਜੇ ਤਕ ਮਿਥਿਆ ਗਿਆ ਹੈ । ਸਮਾਪਤੀ ਸ਼ਾਮ ਦੇ ਪੰਜ ਵਜੇ ਕੀਤੀ ਜਾਵੇਗੀ । ਸਮਾਗਮ ਵਿਚ ਪਹੁੰਚਣ ਲਈ ਸਮੂਹ ਸਾਹਿਤਕ ਪ੍ਰੇਮੀਆਂ ਨੂੰ ਖੁਲ੍ਹਾ ਸੱਦਾ ਪੱਤਰ ਦਿਤਾ ਜਾਂਦਾ ਹੈ ।

**ਵਲੋਂ : ਸਮੂਹ ਕਾਰਜਕਾਰਨੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ**
**(ਸਟਾਕਟਨ ਯੂਨਿਟ ) # 209 610 5055**

# ਮਸਰਤ ਆਲਮ: 44 ਸਾਲਾਂ ਦੀ ਉਮਰ ਵਿਚ 17 ਸਾਲ ਰਿਹਾ ਜੇਲ੍ਹ ਅੰਦਰ

**ਸ਼੍ਰੀਨਗਰ-** ਹੁਰੀਅਤ ਕਾਨਫਰੰਸ ਦੇ ਲੀਡਰ ਅਤੇ ਮੁਸਲਿਮ ਲੀਗ ਦੇ ਚੇਅਰਮੈਨ 44 ਸਾਲਾ ਮਸਰਤ ਆਲਮ ਬਟ ਨੂੰ ਹਾਲ ਹੀ ਵਿਚ ਲੱਗਭੱਗ ਸਾਢੇ ਚਾਰ ਸਾਲ ਤੋਂ ਬਾਅਦ ਜੇਲ੍ਹ ਤੋ ਰਿਹਾਅ ਕੀਤਾ ਗਿਆ ਹੈ। ਜੰਮੂ ਕਸ਼ਮੀਰ ਵਿਚ ਇਕ ਮਾਰਚ ਨੂੰ ਪੀ. ਡੀ. ਪੀ.-ਭਾਜਪਾ ਗੱਠਜੋੜ ਸਰਕਾਰ ਬਣੀ। ਰਾਜ ਦੇ ਨਵੇਂ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਦੇ ਅਹੁਦਾ ਸੰਭਾਲਣ ਤੋਂ ਕੁਝ ਦਿਨ ਬਾਅਦ ਹੀ ਮਸਰਤ ਦੀ ਰਿਹਾਈ ਹੋਈ ਹੈ। ਮੌਜੂਦਾ ਵਿਵਾਦ ਮਸਰਤ ਆਲਮ ਦੀ ਜਨਵਰੀ 2010 ਵਿਚ ਹੋਈ ਗ੍ਰਿਫਤਾਰੀ ਅਤੇ ਮਾਰਚ 2015 ਵਿਚ ਹੋਈ ਰਿਹਾਈ ਨੂੰ ਲੈ ਕੇ ਹੈ। ਸ਼੍ਰੀਨਗਰ ਦੇ ਜੈਡਰਾ ਇਲਾਕੇ ਵਿਚ ਰਹਿਣ ਵਾਲੇ ਮਸਰਤ ਆਲਮ ਨੇ 1990 ਤੋਂ ਲੈ ਕੇ ਹੁਣ ਤੱਕ 17 ਸਾਲ ਜੇਲ੍ਹ ਵਿਚ ਗੁਜ਼ਾਰੇ ਹਨ। 10 ਨਵੰਬਰ 1971 ਨੂੰ ਜੰਮੇ ਮਸਰਤ ਨੂੰ ਪਹਿਲੀ ਵਾਰ ਦੋ ਅਕਤੂਬਰ 1990 ਵਿਚ ਪਬਲਿਕ ਸੇਫਟੀ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।ਇਸ ਕਾਨੂੰਨ ਦੇ ਤਹਿਤ ਜ਼ਿਲ੍ਹੇ ਦੇ ਡੀ. ਐਮ. ਜਾਂ ਇਲਾਕਾ ਮੈਜਿਸਟ੍ਰੇਟ ਕਿਸੇ ਦੀ ਵੀ ਗ੍ਰਿਫਤਾਰੀ ਦਾ ਆਦੇਸ਼ ਦੇ ਸਕਦਾ ਹੈ ਜੇਕਰ ਉਸ ਤੋਂ ਰਾਜ ਦੀ ਸੁਰੱਖਿਆ ਜਾਂ ਸ਼ਾਂਤੀ ਭੰਗ ਹੋਣ ਦਾ ਖਤਰਾ ਹੋਵੇ।

ਪਰ ਗ੍ਰਿਫਤਾਰੀ ਦੇ 12 ਦਿਨ ਬਾਅਦ ਰਾਜ ਦੇ ਗ੍ਰਹਿ ਮੰਤਰਾਲੇ ਤੋਂ ਉਸਦੀ ਮਨਜ਼ੂਰੀ ਲੈਣੀ ਪੈਂਦੀ ਹੈ। ਰਾਜ ਦੀ ਸੁਰੱਖਿਆ ਨੂੰ ਖਤਰਾ ਹੋਣ ਦੀ ਸਥਿਤੀ ਵਿਚ ਦੋ ਸਾਲ ਅਤੇ ਸ਼ਾਂਤੀ ਭੰਗ ਹੋਣ ਦੀ ਸਥਿਤੀ ਵਿਚ ਇਕ ਸਾਲ ਤੱਕ ਜੇਲ੍ਹ ਵਿਚ ਬੰਦ ਰੱਖਿਆ ਜਾ ਸਕਦਾ ਹੈ। ਪਰ 2012 ਵਿਚ ਇਸ ਕਾਨੂੰਨ ਵਿਚ ਸੋਧ ਕਰਕੇ ਇਹ ਮਿਆਦ ਲੜੀਵਾਰ ਛੇ ਮਹੀਨੇ ਅਤੇ ਤਿੰਨ ਮਹੀਨੇ ਕੀਤੀ ਗਈ।

ਕਈ ਵਾਰ ਅਜਿਹਾ ਹੋਇਆ ਕਿ ਜੰਮੂ-ਕਸ਼ਮੀਰ ਹਾਈਕੋਰਟ ਨੇ ਉਹਨਾਂ ਦੀ ਗ੍ਰਿਫਤਾਰੀ ਨੂੰ ਖਾਰਜ ਕਰ ਦਿੱਤਾ ਪਰ ਉਹਨਾਂ ਨੂੰ ਰਿਹਾਅ ਕਰਨ ਦੀ ਬਜਾਏ ਕਿਸੇ ਦੂਜੇ ਕੇਸ ਵਿਚ ਫੌਰਨ ਗ੍ਰਿਫਤਾਰ ਕਰ ਲਿਆ ਗਿਆ ਅਤੇ ਫਿਰ ਬਾਅਦ ਵਿਚ ਉਹਨਾਂ ਤੇ ਪੀ. ਐਸ. ਏ. ਲਗਾਇਆ ਗਿਆ। ਜਨਵਰੀ 2010 ਵਿਚ ਗ੍ਰਿਫਤਾਰ ਹੋਣ ਤੋਂ ਪਹਿਲਾਂ ਉਹ ਜਮਾਨਤ ਤੇ ਜੇਲ੍ਹ ਤੋਂ ਬਾਹਰ ਆਏ ਸਨ। ਮਸਰਤ ਨੂੰ ਜਨਵਰੀ 2010 ਵਿਚ ਪਬਲਿਕ ਸੇਫਟੀ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਸੀ ਪਰ ਅਪ੍ਰੈਲ ਵਿਚ ਅਦਾਲਤ ਨੇ ਉਹਨਾਂ ਨੂੰ ਰਿਹਾਅ ਕਰ ਦਿੱਤਾ।



ਉਮਰ ਅਬਦੁੱਲਾ ਸਰਕਾਰ ਨੇ ਅਕਤੂਬਰ 2010 ਵਿਚ ਉਸ ਵਕਤ ਕਿਹਾ ਸੀ ਕਿ ਰਾਜ ਵਿਚ ਹੋਈ ਪੱਥਰਬਾਜ਼ੀ ਵਿਚ ਉਹਨਾਂ ਦਾ ਹੱਥ ਹੈ। ਅਦਾਲਤ ਨੇ ਉਹਨਾਂ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਪਰ ਫਿਰ ਕਿਸੇ ਹੋਰ ਕੇਸ ਵਿਚ ਉਸ ਨੂੰ ਫਸਾ ਦਿੱਤਾ।

ਅਕਤੂਬਰ 2012 ਵਿਚ ਉਸਨੂੰ 16ਵੀਂ ਵਾਰ ਗ੍ਰਿਫਤਾਰ ਕੀਤਾ ਗਿਆ ਸੀ। ਮਸਰਤ ਨੇ ਫਰਵਰੀ 2013 ਵਿਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਸੁਪਰੀਮ ਕੋਰਟ ਨੇ ਜਦੋਂ ਰਾਜ ਸਰਕਾਰ ਨੂੰ ਤਲਬ ਕੀਤਾ ਤਾਂ ਰਾਜ ਸਰਕਾਰ ਨੇ ਕਿਹਾ ਕਿ ਮਸਰਤ ਆਲਮ ਤੋਂ ਪੀ. ਐਸ. ਏ. ਹਟਾ ਲਿਆ ਗਿਆ ਹੈ ਪਰ ਇਸ ਦੇ ਬਾਅਦ ਵੀ ਉਹਨਾਂ ਨੂੰ ਰਿਹਾਅ ਕਰਨ ਦੀ ਬਜਾਏ ਉਹਨਾਂ ਤੇ ਹੋਰ ਕੇਸ ਦਰਜ ਕਰ ਦਿੱਤਾ। ਆਖਰੀ ਵਾਰ 17ਵੀਂ ਵਾਰ ਪੀ. ਐਸ. ਏ. ਦੇ ਤਹਿਤ ਉਹਨਾਂ ਨੂੰ 15 ਅਕਤੂਬਰ 2014 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪਰ ਜੰਮੂ ਕਸ਼ਮੀਰ ਪੁਲਿਸ ਮੁਤਾਬਕ 12 ਦਿਨਾਂ ਦੇ ਅੰਦਰ ਗ੍ਰਹਿ ਮੰਤਰਾਲੇ ਤੋਂ ਉਹਨਾਂ ਦੀ ਗ੍ਰਿਫਤਾਰੀ ਦੀ ਮਨਜ਼ੂਰੀ ਨਾ ਮਿਲੀ।

ਪੁਲਿਸ ਮੁਤਾਬਕ ਉਹਨਾਂ ਤੇ ਕੁੱਲ 27 ਦੂਜੇ ਮਾਮਲੇ ਵੀ ਦਰਜ ਕੀਤੇ ਗਏ ਸਨ ਜਿਹਨਾਂ ਵਿਚੋਂ 26 ਵਿਚ ਉਹਨਾਂ ਨੂੰ ਜਮਾਨਤ ਮਿਲ ਚੁੱਕ ਹੈ ਅਤੇ ਇਕ ਮਾਮਲੇ ਵਿਚ ਅਦਾਲਤ ਨੇ ਉਸਨੂੰ ਬਰੀ ਕਰ ਦਿੱਤਾ ਹੈ। ਆਖਿਰ 7 ਮਾਰਚ 2015 ਨੂੰ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

# ਧੂਰੀ ਜ਼ਿਮਨੀ ਚੋਣ ਲਈ ਵੋਟਾਂ 11 ਅਪਰੈਲ ਨੂੰ

**ਚੰਡੀਗੜ੍ਹ-** ਪੰਜਾਬ ਦੇ ਧੂਰੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ 11 ਅਪਰੈਲ ਨੂੰ ਪੈਣਗੀਆਂ। ਚੋਣ ਕਮਿਸ਼ਨ ਨੇ ਜ਼ਿਮਨੀ ਚੋਣ ਦਾ ਐਲਾਨ ਕਰਦਿਆਂ ਸਮੁੱਚੇ ਸੰਗਰੂਰ ਜ਼ਿਲ੍ਹੇ ਵਿੱਚ ਚੋਣ ਜ਼ਾਬਤਾ ਵੀ ਲਗਾ ਦਿੱਤਾ ਹੈ। ਇਸ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਅਮਲ 17 ਮਾਰਚ ਤੋਂ ਸ਼ੁਰੂ ਹੋ ਜਾਵੇਗਾ। ਵੋਟਾਂ ਦੀ ਗਿਣਤੀ 15 ਅਪਰੈਲ ਨੂੰ ਵਿਸਾਖੀ ਤੋਂ ਬਾਅਦ ਹੋਵੇਗੀ। ਇਸ ਹਲਕੇ ਤੋਂ 2012 ਦੀਆਂ ਆਮ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ ਤੋਂ ਚੁਣੇ ਗਏ ਅਰਵਿੰਦ ਖੰਨਾ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਚੋਣ ਕਰਾਈ ਜਾ ਰਹੀ ਹੈ। ਇਸ ਹਲਕੇ ਤੋਂ ਮੁੱਖ ਮੁਕਾਬਲਾ ਹਾਕਮ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦਰਮਿਆਨ ਹੋਣ ਦੇ ਆਸਾਰ ਹਨ ਕਿਉਂਕਿ ਆਮ ਆਦਮੀ ਪਾਰਟੀ (ਆਪ) ਨੇ ਜ਼ਿਮਨੀ ਚੋਣ ਨਾ ਲੜਨ ਦਾ ਫੈਸਲਾ ਲਗਪਗ ਕਰ ਲਿਆ ਹੈ।

ਚੋਣ ਕਮਿਸ਼ਨ ਦੇ ਐਲਾਨ ਨਾਲ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨਾਂ ਨੂੰ ਵੀ ਬਰੇਕਾਂ ਲੱਗ ਗਈਆਂ ਹਨ। ਸ੍ਰੀ ਬਾਦਲ ਇਸ ਤੋਂ ਪਹਿਲਾਂ ਇਸ ਹਲਕੇ ਨਾਲ ਸਬੰਧਤ ਸ਼ਹਿਰ ਧੂਰੀ ਅਤੇ ਦਿਹਾਤੀ ਖੇਤਰ ਵਿੱਚ ਸੰਗਤ ਦਰਸ਼ਨਾਂ ਰਾਹੀਂ 25 ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਗਰਾਂਟਾਂ ਵੰਡ ਚੁੱਕੇ ਹਨ। ਕਾਂਗਰਸ ਅਤੇ ਹੋਰ ਕਿਸੇ ਰਾਜਸੀ ਧਿਰ ਨੇ ਇਸ ਵਿਧਾਨ ਸਭਾ ਖੇਤਰ 'ਚ ਹਾਲ ਦੀ ਘੜੀ ਸਰਗਰਮੀਆਂ ਸ਼ੁਰੂ ਨਹੀਂ ਕੀਤੀਆਂ। ਪੰਜਾਬ ਦੀ ਰਾਜਨੀਤੀ ਵਿੱਚ ਧੂਰੀ ਵਿਧਾਨ ਸਭਾ ਹਲਕੇ ਦੀ ਚੋਣ ਰਾਜਸੀ ਧਿਰਾਂ ਲਈ ਮਹਿਜ਼ ਰਾਜਸੀ ਮਾਅਰਕਾ ਹੀ ਨਹੀਂ ਹੋਵੇਗਾ ਸਗੋਂ ਗਣਿਤ ਦੇ ਪੱਖ ਤੋਂ ਵੀ ਬਹੁਤ ਅਹਿਮ ਮੰਨੀ ਜਾ ਰਹੀ ਹੈ।

ਇਸ ਹਲਕੇ ਤੋਂ ਜੇਕਰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਜਿੱਤ ਹਾਸਲ ਕਰਦਾ ਹੈ ਤਾਂ ਇਸ ਪਾਰਟੀ ਨੂੰ ਵਿਧਾਨ ਸਭਾ ਵਿੱਚ ਸਪੱਸ਼ਟ ਬਹੁਮਤ ਹਾਸਲ ਹੋ ਜਾਵੇਗਾ ਤੇ ਭਾਰਤੀ ਜਨਤਾ ਪਾਰਟੀ ਦੇ ਸਹਾਰੇ ਦੀ ਜ਼ਰੂਰਤ ਨਹੀਂ ਪਵੇਗੀ।

ਅਕਾਲੀ ਦਲ ਕੋਲ ਇਸ ਸਮੇਂ 58 ਵਿਧਾਇਕਾਂ ਦਾ ਅੰਕੜਾ ਹੈ ਤੇ ਇੱਕ ਵਿਧਾਇਕ ਨਾਲ ਗਿਣਤੀ 59 ਹੋ ਜਾਵੇਗੀ। ਧੜਿਆਂ 'ਚ ਵੰਡੀ ਕਾਂਗਰਸ ਲਈ ਇਹ ਚੋਣ ਇਸ ਕਰਕੇ ਅਹਿਮ ਹੈ ਕਿਉਂਕਿ ਇਸ ਹਲਕੇ ਤੋਂ ਕਾਂਗਰਸ ਨੁਮਾਇੰਗੀ ਕਰ ਰਹੀ ਸੀ ਤੇ ਇਸ ਪਾਰਟੀ ਲਈ ਧੂਰੀ ਹਲਕੇ 'ਤੇ ਕਬਜ਼ਾ ਬਰਕਰਾਰ ਰੱਖਣਾ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਸੰਗਰੂਰ ਲੋਕ ਸਭਾ ਹਲਕੇ ਤੋਂ ਜਿੱਤ ਹਾਸਲ ਕਰਨ ਵਾਲੇ ਆਪ ਦੇ ਉਮੀਦਵਾਰ ਭਗਵੰਤ ਮਾਨ ਨੇ ਧੂਰੀ ਵਿਧਾਨ ਸਭਾ ਹਲਕੇ ਤੋਂ ਕਰੀਬ 36 ਹਜ਼ਾਰ ਵੋਟਾਂ ਦੀ ਲੀਡ ਲਈ ਸੀ। ਇਸ ਲਈ ਆਪ ਵੱਲੋਂ ਜ਼ਿਮਨੀ ਚੋਣ ਵਿੱਚੋਂ ਬਾਹਰ ਰਹਿਣ ਦੇ ਐਲਾਨ ਨੇ ਅਕਾਲੀ ਦਲ ਨੂੰ ਵੱਡੀ ਰਾਹਤ ਦਿੱਤੀ ਹੈ।

ਧੂਰੀ ਵਿਧਾਨ ਸਭਾ ਹਲਕੇ ਵਿੱਚ ਕੁੱਲ 1 ਲੱਖ 48 ਹਜ਼ਾਰ 279 ਵੋਟਰ ਹਨ। ਇਨ੍ਹਾਂ ਵਿੱਚੋਂ 78581 ਪੁਰਸ਼ ਅਤੇ 69689 ਮਹਿਲਾਵਾਂ ਹਨ। ਜ਼ਿਮਨੀ ਚੋਣ ਸਿਰ 'ਤੇ ਹੋਣ ਕਾਰਨ ਸਿਆਸੀ ਧਿਰਾਂ ਨੂੰ ਆਪਣੇ ਉਮੀਦਵਾਰਾਂ ਦਾ ਐਲਾਨ ਜਲਦੀ ਕਰਨਾ ਪਵੇਗਾ। ਇਸ ਹਲਕੇ ਤੋਂ ਕਾਂਗਰਸ ਦੇ ਮਾਈ ਰੂਪ ਕੌਰ, ਧਨਵੰਤ ਸਿੰਘ ਧੂਰੀ ਵੱਲੋਂ ਟਿਕਟ ਹਾਸਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਧੂਰੀ ਦੇ ਇੱਕ ਉਦਯੋਗਪਤੀ ਅਤੇ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਹੋਰਨਾਂ ਨਾਮਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਕਾਲੀ ਦਲ (ਲੌਂਗੋਵਾਲ) ਦੇ ਗਗਨਦੀਪ ਸਿੰਘ ਬਰਨਾਲਾ ਵੱਲੋਂ ਵੀ ਸਾਂਝੇ ਮੋਰਚੇ ਦਾ ਉਮੀਦਵਾਰ ਬਣ ਕੇ ਕਾਂਗਰਸ ਦਾ ਸਮਰਥਨ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

**ਸਿਆਸੀ ਧਿਰਾਂ ਸਾਲ ਬਾਅਦ ਫਿਰ ਆਹਮੋ-ਸਾਹਮਣੇ**

ਪੰਜਾਬ ਦੀਆਂ ਰਾਜਸੀ ਧਿਰਾਂ ਠੀਕ ਇੱਕ ਸਾਲ ਬਾਅਦ ਮੁੜ ਤੋਂ ਰਾਜਸੀ ਮੈਦਾਨ ਵਿੱਚ ਆਹਮੋ ਸਾਹਮਣੇ ਹੋਣ ਜਾ ਰਹੀਆਂ ਹਨ। ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਵੀ 12 ਮਾਰਚ ਤੋਂ ਸ਼ੁਰੂ ਹੋ ਕੇ 25 ਮਾਰਚ ਤੱਕ ਚੱਲਣਾ ਹੈ। ਇਸ ਤਰ੍ਹਾਂ ਨਾਲ ਪ੍ਰਮੁੱਖ ਰਾਜਸੀ ਧਿਰਾਂ 25 ਮਾਰਚ ਤੱਕ ਵਿਧਾਨ ਸਭਾ 'ਚ ਰੁੱਝੀਆਂ ਰਹਿਣਗੀਆਂ।

ਜ਼ਿਮਨੀ ਚੋਣ ਦਾ ਅਸਰ ਸੈਸ਼ਨ 'ਤੇ ਵੀ ਪੈ ਸਕਦਾ ਹੈ। ਪੰਜਾਬ ਦਾ ਧੂਰੀ ਵਿਧਾਨ ਸਭਾ ਹਲਕਾ ਰਾਜਸੀ ਖੇਤਰ ਵਿੱਚ ਅਜਿਹਾ ਹਲਕਾ ਹੈ ਜਿੱਥੋਂ ਸੂਬੇ ਦੀਆਂ ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਨੁਮਾਇੰਦਗੀ ਕਰਦੀਆਂ ਰਹੀਆਂ ਹਨ। ਕਈ ਵਾਰੀ ਇੱਥੋਂ ਦੇ ਲੋਕਾਂ ਨੇ ਸਾਰੀਆਂ ਪਾਰਟੀਆਂ ਨੂੰ ਰੱਦ ਕਰਕੇ ਆਜ਼ਾਦ ਉਮੀਦਵਾਰਾਂ ਨੂੰ ਵੀ ਸਮਰਥਨ ਦਿੱਤਾ ਹੈ।


MAHEY
ARCHITECT DESIGNER



Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com



Satvender Madara
ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।
kumar22_1@hotmail.com
780-224-4550





Rakesh Chander
Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

# ਇਟਲੀ ਦੇ ਸਹਿਰ ਮਾਨਤੋਵਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਮੌਕੇ ਸੰਗਤਾਂ ਦਾ ਭਾਰੀ ਇਕੱਠ

## "ਗਾਇਕ ਹਰਪ੍ਰੀਤ ਰੰਧਾਵਾ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕਰਕੇ ਸੰਗਤਾਂ ਨੂੰ ਕੀਤਾ ਨਿਹਾਲ"





**ਰੋਮ (ਇਟਲੀ (ਟੇਕ ਚੰਦ ਜਗਤਪੁਰ)**–ਜਿਥੇ ਸਮੁੱਚੇ ਵਿਸ਼ਵ ਭਰ ਚ ਸ੍ਰੋਮਣੀ ਸੰਤ, ਮਹਾਨ ਕ੍ਰਾਤੀਕਾਰੀ ਰਹਿਬਰ, ਸਮੱਚੀ ਮਾਨਵਤਾ ਦੇ ਮਸੀਹਾ, ਧੰਨ - ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੀ ਦਾ 638ਵਾਂ ਗੁਰਪੁਰਬ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਉਥੇ ਇਟਲੀ ਦੇ ਜਿਲਾ ਮਾਨਤੋਵਾ ਚ ਪੈਦੇ ਪਿੰਡ ਸੀਜੋਲੇ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਮਾਨਤੋਵਾ ਵਲੋ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਮਨਾਇਆ ਗਿਆ। ਇਸ ਸਮਾਗਮ ਵਿਚ ਇਟਲੀ ਭਰ ਚੋਂ ਸੰਗਤਾਂ ਨੇ ਉਚੇਚੇ ਤੌਰ ਤੇ ਪਹੁੰਚ ਕੇ ਸ਼ਿਰਕਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ "ਅਮ੍ਰਿਤ ਬਾਣੀ "ਸ੍ਰੀ ਗੁਰੂ ਰਵਿਦਾਸ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆ ਸ੍ਰੀ ਦੇਵ ਰਾਜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਚੀ ਜੋਲੇ ਮਾਨਤੋਵਾ ਅਤੇ ਸ੍ਰੀ ਸ਼ਸ਼ੀ ਕਪੂਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ ਅਤੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਉਪਦੇਸ਼ ਕਿਸੇ ਇਕ ਕੌਮ ,ਜਾਤ, ਜਾ ਮਜਬ ਲਈ ਨਹੀਂ ਸਗੋ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਹੈ, ਇਸ ਲਈ ਸਾਨੂੰ ਉਨ੍ਹਾਂ ਦੀ ਬਾਣੀ ਨੂੰ ਆਪਣੇ ਜੀਵਨ ਚ ਅਪਣਾ ਕੇ ਬੇਗਮਪੁਰੇ ਦਾ ਸੁਪਨਾ ਸਕਾਰ ਕਰਨ ਲਈ ਸਾਰਥਿਕ ਯਤਨ ਜਾਰੀ ਰੱਖਣੇ ਚਾਹੀਦੇ ਹਨ।

ਇਸ ਉਪਰੰਤ ਕਨੇਡਾ ਤੋਂ ਉਚੇਚੇ ਤੌਰ ਤੇ ਪਹੁੰਚੇ ਗਾਇਕ ਹਰਪ੍ਰੀਤ ਰੰਧਾਵਾ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਤੇ ਅਧਾਰਿਤ ਲਗਾਤਾਰ ਦੋ ਘੰਟੇ ਦੇ ਕਰੀਬ ਆਪਣੇ ਮਕਬੂਲ ਗੀਤ ਪੇਸ਼ ਕਰਕੇ ਸਮਾਗਮ ਵਿੱਚ ਹਾਜਰ ਸੰਗਤਾਂ ਵਿਚ ਭਾਰੀ ਉਤਸ਼ਾਹ ਪੈਦਾ ਕੀਤਾ।

ਇਸ ਮੌਕੇ ਉਨ੍ਹਾਂ ਆਪਣੀ ਨਵੀਂ ਵੀ ਸੀ ਡੀ "ਚੜਦੀ ਕਲਾ "ਵਿਚੋ ਰਵਿਦਾਸੀਆਂ ਦੀ ਰਹੂ ਸਦਾ ਚੜਦੀ ਕਲਾ, ਤੇਰਾ ਨਾਮ"ਫਟੋ ਵਿਕਦੀ ਉਨ੍ਹਾਂ ਦੀ ਜਿਹੜੇ ਆਪ ਲੋਕ ਨਹੀਂ ਵਿਕਦੇ", ਸਮੇਤ ਅਨੇਕਾਂ ਗੀਤ ਪੇਸ਼ ਕੀਤੇ। ਇਸ ਸਮਾਗਮ ਵਿਚ ਇਟਲੀ ਦੇ ਚਰਚਿਤ ਗਾਇਕਾਂ ਨੇ ਵੀ ਹਾਜਰੀ ਲਗਵਾਈ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਭਗਵਾਨ ਬਾਲਮੀਕ ਸਭਾਵਾਂ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅਮ੍ਰਿਤ ਬਾਣੀ ਤੇ ਚਾਨਣਾ ਪਾਇਆ।

# ਰਵਿੰਦਰਜੀਤ ਸਿੰਘ ਗੋਗੀ ਦੀ ਗਰਿਫਤਾਰੀ

## ਸਰਕਾਰ ਪਰਵਾਸੀ ਪੰਜਾਬੀਆਂ ਵਿਚ ਦਹਿਸ਼ਤ ਪੈਦਾ ਕਰ ਰਹੀ ਹੈ-ਧੂਤ

**ਸੈਨਹੌਜੇ (ਕੈਲੀਫੋਰਨੀਆ)** ਇਕ ਪਾਸੇ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀ ਭਲਾਈ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦੀ ਨਹੀਂ ਥਕਦੀ ਤੇ ਦੂਸਰੇ ਪਾਸੇ ਪਰਵਾਸੀ ਪੰਜਾਬੀਆਂ ਉਪਰ ਝੂਠੇ ਮੁਕੱਦਮੇ ਦਰਜ ਕਰਕੇ ਉਹਨਾਂ ਵਿਚਕਾਰ ਦਹਿਸ਼ਤ ਪੈਦਾ ਕੀਤੀ ਜਾ ਰਹੀ ਹੈ ਤਾਂ ਕਿ ਉਹਨਾਂ ਦੀਆਂ ਜਮੀਨਾਂ ਜਾਇਦਾਦਾਂ ਉਪਰ ਅਸਾਨੀ ਨਾਲ ਕਬਜਾ ਕੀਤਾ ਜਾ ਸਕੇ।ਇਹ ਗਲ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਇਸ ਪਤਰਕਾਰ ਨਾਲ ਗਲਬਾਤ ਕਰਦਿਆਂ ਕਹੀ।ਸ: ਧੂਤ ਨੇ ਬਾਪੂ ਸੂਰਤ ਸਿੰਘ ਖਾਲਸਾ ਦੇ ਐਨ.ਆਰ.ਆਈ ਪੁਤਰ ਸ: ਰਵਿੰਦਰਜੀਤ ਸਿੰਘ ਗੋਗੀ ਉਪਰ ਝੂਠਾ ਕੇਸ ਬਣਾ ਕੇ ਉਸ ਨੂੰ ਜੇਲ ਵਿਚ ਨਜਰਬੰਦ ਕਰਨ ਦੀ ਨਿਖੇਧੀ ਕਰਦਿਆਂ



ਕਿਹਾ ਕਿ ਇਹ ਜਿਥੇ ਮਨੁਖੀ ਅਧਿਕਾਰਾਂ ਦੀ ਉਲੰਘਣਾ ਹੈ ਉਥੇ ਲੋਕਤੰਤਰ ਦਾ ਵੀ ਕਤਲ ਹੈ ਜਿਥੇ ਕਿਸੇ ਨੂੰ ਬੋਲਣ ਦੀ ਆਗਿਆ ਨਹੀਂ ਹੈ। ਸ: ਧੂਤ ਨੇ ਸਵਾਲ ਕੀਤਾ ਕਿ ਜੇਕਰ ਜੰਮੂ-ਕਸ਼ਮੀਰ ਵਿਚ ਪੀ. ਡੀ. ਪੀ. ਤੇ ਭਾਜਪਾ ਦੇ ਦੋ ਹਫਤੇ ਦੇ ਗਠਜੋੜ ਵਲੋਂ ਇਨਾਮੀ ਅਤਿਵਾਦੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਨੂੰ ਸਜ਼ਾ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਰਿਹਾਅ ਕਰਨ ਵਿਚ ਕਿਉਂ ਪ੍ਰੇਸ਼ਾਨੀ ਹੋ ਰਹੀ ਹੈ, ਜਦਕਿ ਸਿੱਖਾਂ ਦੀ ਇਹ ਮੰਗ ਕਾਨੂੰਨੀ ਤੌਰ 'ਤੇ ਜਾਇਜ਼ ਵੀ ਹੈ। ਉਹਨਾਂ ਕਿਹਾ ਕਿ ਚੰਗਾ ਹੁੰਦਾ ਜੇਕਰ ਮੁਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਖੁਦ ਯਤਨਸ਼ੀਲ ਹੁੰਦੇ ਅਤੇ ਉਨ੍ਹਾਂ ਦੀ ਆਵਾਜ਼ ਕੇਂਦਰ ਤੱਕ ਪਹੁੰਚਾਉਂਦੇ ਪਰ ਇਸਦੇ ਉਲਟ ਆਪਣੇ ਹੱਕਾਂ ਤੇ ਕਾਨੂੰਨੀ ਤੌਰ 'ਤੇ ਜਾਇਜ਼ ਮੰਗਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਸਿੰਘਾਂ ਨੂੰ ਜਾਣ-ਬੁੱਝ ਕੇ ਜ਼ੁਲਮ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸ: ਧੂਤ ਨੇ ਇੰਗਲੈਡਂ ਨਿਵਾਸੀ ਅਵਤਾਰ ਸਿੰਘ ਪਿੰਡ ਸਮਰਾਲੀ ਦੇ ਕੇਸ ਦਾ ਵੇਰਵਾ ਦਿੰਦਿਆ ਕਿਹਾ ਕਿ ਕਿਸ ਤਰਾਂ ਕੋਟ ਪੂਰਨ ਸਿੰਘ ਤੇ ਫਗਵਾੜਾ ਦੇ ਨਜਦੀਕ ਉਸਦੀ ਜਮੀਨ ਉਪਰ ਕਬਜਾ ਕਰਨ ਲਈ ਉਸਨੂੰ ਭਗੌੜਾ ਕਰਵਾ ਦਿਤਾ ਗਿਆ ਹੈ।ਉਹਨਾਂ ਮੰਗ ਕੀਤੀ ਕਿ ਇਸ ਕੇਸ ਦੀ ਤਫਤੀਸ਼ ਸੀ.ਬੀ.ਆਈ ਨੂੰ ਸੌਂਪੀ ਜਾਵੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

# ਰਾਹੁਲ ਬੁੱਧ ਵਿਹਾਰ ਸੋਫੀ ਵਲੋਂ ਕਮਿਊਨਿਟੀ ਹੈਲਥ ਅਤੇ ਨਿਊਟ੍ਰੇਸ਼ਨ ਤੇ ਨੈਸਨਲ ਕਾਨਫਰੰਸ ਦਾ ਆਯੋਜਨ

**ਜਲੰਧਰ-** ਮਹਿਲਾ ਦਿਵਸ ਤੇ ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਵਲੋਂ ਆਈ ਏ ਪੀ ਈ ਐਨ ਦੀ ਸਹਾਇਤਾ ਨਾਲ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇ ਕੰਨਵੈਨਸ਼ਨਲ ਹਾਲ ਵਿਚ ਕੰਮਿਊਨਿਟੀ ਹੈਲਥ ਅਤੇ ਨਿਊਟ੍ਰੇਸ਼ਨ ਉਪਰ ਰਾਸ਼ਟਰ ਪੱਧਰੀ ਕਾਨਫਰੰਸ ਕਰਵਾਈ ਗਈ ਕਾਨਫਰੰਸ ਵਿੱਚ ਦੇਸ਼ ਦੇ ਕਰੀਬ 150 ਵਿਦਿਅਕ ਮਾਹਿਰਾ ਨੇ ਹਿੱਸਾ ਲਿਆ। ਇਸ ਕਾਨਫਰੰਸ ਵਿੱਚ ਪ੍ਰੋਫੈਸਰ (ਡਾ) ਸਵਿੰਦਰ ਸਿੰਘ ਗਿੱਲ, ਸਾਬਕਾ ਵਾਈਸ ਚਾਸਲਰ, ਬਾਬਾ ਫਰੀਦ ਯੁਨੀਵਰਸਿਟੀ ਆਫ ਹੈਲਥ ਸਾਇੰਸਸ ਫਰੀਦਕੋਟ ਬਤੌਰ ਚੇਅਰਪਰਸਨ, ਪਦਮ ਭੂਸਨ (ਡਾ.) ਨੀਲਮ ਕਲੇਰ, ਚੇਅਰਪਰਸਨ, ਨੋਨੋਟਾਲਜੀ ਵਿਭਾਗ, ਸਰ ਗੰਗਾ ਰਾਮ ਹਸਪਤਾਲ, ਨਵੀਂ ਦਿੱਲੀ ਅਤੇ ਪ੍ਰੋਫੈਸਰ (ਡਾ) ਸਾਪਲਾ ਓਮ ਪ੍ਰਕਾਸ਼, ਆਈ. ਆਈ.ਟੀ, ਕਾਨਪੁਰ ਬਤੌਰ ਚੀਫ ਗੈਸਟ ਹਾਜਰ ਹੋਏ। ਸਮਾਗਮ ਦੀ ਸੁਰੂਆਤ ਦੀਪਕ ਜਗਾ ਕੇ ਕੀਤੀ ਗਈ। ਦੀਪਕ ਜਲਾਉਣ ਦੀ ਰਸਮ ਆਏ ਹੋਏ ਚੇਅਰਪਰਸਨ, ਚੀਫ ਗੈਸਟ, ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਧਰਮ ਪਾਲ ਲੀਲ ਅਤੇ ਡਾ. ਆਰਤੀ ਨੇ ਕੀਤੀ। ਉਸ ਤੋਂ ਬਾਦ ਲਵਲੀ ਪ੍ਰੋਫੇਸਨ ਯੁਨੀਵਸਟੀ ਦੇ ਬੱਚਿਆ ਵਲੋਂ ਸਰਸਵਤੀ ਬੰਦਨਾ ਕੀਤੀ ਗਈ। ਸੋਵੀਨੀਅਰ ਵੀ ਰਲੀਜ ਕੀਤਾ ਗਿਆ।

ਪ੍ਰੋਗਰਾਮ ਦੇ ਅਰੰਭ ਪ੍ਰੋਫੈਸਰ (ਡਾ) ਸਾਪਲਾ ਓਮ ਪ੍ਰਕਾਸ਼ ਜੀ ਨੇ ਆਪਣੇ ਸਵਾਗਤੀ ਭਾਸਣ ਦੁਆਰਾ ਕੀਤਾ। ਉਹਨਾ ਨੇ ਆਏ ਹੋਏ ਸਾਰੇ ਹੀ ਮਹਿਮਾਨਾ ਅਤੇ ਦਾ ਸਵਾਗਤ ਕੀਤਾ ਅਤੇ ਮਹਿਲਾਵਾਂ ਦਾ ਸਾਡੇ ਸਮਾਜ ਨੂੰ ਦੇਣ ਅਤੇ ਉਹਨਾ ਦੇ ਯੋਗਦਾਨ ਦਾ ਉਲੇਖ ਕੀਤਾ।



ਪਦਮ ਵਿਭੂਸਨ (ਡਾ) ਨੀਲਮ ਕਲੇਰ ਨੇ ਮਹਿਲਾ ਦਿਵਸ ਵਾਰੇ ਅਤੇ ਆਪਣੇ ਦੁਆਰਾ ਕੀਤੇ ਯੋਗਦਾਨ ਵਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਨੇ ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਵਲੋਂ ਆਈ ਏ ਪੀ ਈ ਐਨ ਦੀ ਸਹਾਇਤਾ ਨਾਲ ਮਹਿਲਾ ਦਿਵਸ ਮਨਾਉਣ ਵਾਸਤੇ ਵਧਾਈ ਦਿੱਤੀ। ਉਹਨਾਂ ਨੇ ਨਵੇਂ ਜਨਮੇ ਬੱਚਿਆ ਅਤੇ ਮਾਂਵਾ ਵਾਸਤੇ ਪੌਸ਼ਟਿਕ ਅਹਾਰ ਤੇ ਵਿਸ਼ੇਸ ਜੋਰ ਦਿੱਤਾ। ਪ੍ਰੋਫੈਸਰ (ਡਾ.) ਸਵਿੰਦਰ ਸਿੰਘ ਗਿੱਲ ਨੇ ਮਹਿਲਾ ਦਿਵਸ ਵਾਰੇ ਅਤੇ ਮਹਿਲਾਵਾ ਦੁਆਰਾ ਪਾਏ ਯੋਗਦਾਨ ਵਾਰੇ ਦੱਸਿਆ ਅਤੇ ਸਮਾਜ ਅੰਦਰ ਅਤੇ ਖਾਣ ਪੀਣ ਵਾਲੀਆਂ ਵਸਤਾ ਅੰਦਰ ਵਧ ਰਹੀ ਮਿਲਾਵਟ ਵਾਰੇ ਵੀ ਚਿੰਤਾ ਪ੍ਰਗਟ ਕੀਤੀ। ਪੂਰੇ ਦੇਸ ਵਿੱਚੋਂ ਆਏ ਹੋਏ 50 ਡਾਕਟਰਸ ਨੇ ਆਪਣੇ-ਆਪਣੇ ਪੇਪਰਸ ਪੜੇ ਜਿਹਨਾ ਵਿੱਚ ਵਿਸ਼ੇਸ ਡਾ. ਰੇਖਾ ਸ਼ਰਮਾ ਆਰ. ਡੀ, ਫਾਰਮਰ ਚੀਫ ਆਫ ਡਾਇਬੈਟਕਸ, ਆਲ ਇੰਡੀਆ ਇਸਟੀਚਿਊਟ ਆਫ ਮੈਡੀਕਲ ਸਇੰਸਸ, ਨਵੀਂ ਦਿੱਲੀ, ਡਾ. ਵੀਨੂ ਸੇਠ, ਲੇਡੀ ਇਰਵਿੰਨ ਕਾਲਜ ਦਿੱਲੀ ਯੂਨੀ-ਵਰਸਿਟੀ, ਡਾ. ਪੀ. ਕੇ ਕੋਚਰ, ਪ੍ਰੋਫੈਸਰ ਆਲ ਇੰਡੀਆ ਇਸਟੀਚਿਊਟ ਆਫ ਮੈਡੀਕਲ ਸਇੰਸਸ, ਨਵੀਂ ਦਿੱਲੀ, ਡਾ. ਮੋਨਿਕਾ ਗੋਲਾਟੀ, ਸੀਨੀਅਰ ਡੀਨ, ਐਲ ਪੀ ਯੂ, ਡਾ. ਸੁਨੀਤਾ ਮਾਲਹੋਤਰਾ, ਪੀਜੀਆਈ ਐਮ ਈ ਆਰ, ਚੰਡੀਗੜ, ਡਾ. ਦੀਪਕ ਮੋਦੀ, ਗੁਲਾਬ ਦੇਵੀ ਹਸਪਤਾਲ ਜਲੰਧਰ, ਡਾ. ਆਰਤੀ ਮਲੋਸ਼ੀਆ, ਆਰਗੇਨਾਈਜਿੰਗ ਸੈਕਰ-ਟਰੀ। ਆਏ ਹੋਏ ਵਿਦਿਆਰਥੀਆਂ ਨੇ ਵੀ ਵੱਖ-ਵੱਖ ਵਿਸ਼ਿਆ ਵਿੱਚ ਆਪਣੇ ਪੇਪਰ ਪੜੇ। ਅੰਤ ਵਿੱਚ ਆਏ ਹੋਏ ਚੇਅਰਪਰਸਨ, ਚੀਫ ਗਿਸਟ ਦਾ ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਅੰਤ ਵਿੱਚ ਰਾਹੁਲ ਬੁੱਧ ਵਿਹਾਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਧਰਮ ਪਾਲ ਲੀਲ ਨੇ ਆਏ ਹੋਏ ਸਾਰੇ ਮਹਿਮਾਨਾ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਅਤੇ ਮਹਿਲਾ ਦਿਵਸ ਦੀ ਸਾਰਿਆ ਨੂੰ ਵਧਾਈ ਦਿੱਤੀ ਤੇ ਕਾਨਫਰੰਸ ਨੂੰ ਸਫਲ ਬਣਾਉਣ ਵਾਸਤੇ ਆਪਣੀ ਸਹਿਯੋਗੀ ਸੰਸਥਾ ਆਈ ਏ ਪੀ ਈ ਐਨ ਦਾ ਉਚੇਚੇ

# ਕੈਬਨਿਟ ਮੰਤਰੀ ਸੋਹਨ ਸਿੰਘ ਠੰਡਲ ਦੀ ਪ੍ਰਧਾਨਗੀ ਹੇਠ 'ਮੀਨਾਰ-ਏ-ਬੇਗਮਪੁਰਾ' ਦੀ ਉਸਾਰੀ ਲਈ ਹੋਈ ਅਹਿਮ ਮੀਟਿੰਗ

**ਹੁਸ਼ਿਆਰਪੁਰ, (ਸ਼ਿਵ ਕੁਮਾਰ ਬਾਵਾ)-** ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁਰਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ 'ਚ ਉਸਾਰੇ ਜਾਣ ਵਾਲੇ ਸਮਾਰਕ 'ਮੀਨਾਰ-ਏ-ਬੇਗਮਪੁਰਾ' ਬਾਰੇ ਸੰਕਲਪ ਦਸਤਾਵੇਜ਼ ਤਿਆਰ ਕਰਨ ਸਬੰਧੀ ਸਭਿਆਚਾਰਕ ਤੇ ਸੈਰ ਸਪਾਟਾ ਮੰਤਰੀ ਪੰਜਾਬ ਸ: ਸੋਹਨ ਸਿੰਘ ਠੰਡਲ ਦੀ



ਪ੍ਰਧਾਨਗੀ ਹੇਠ ਕਾਰਜਕਾਰਨੀ ਅਤੇ ਸੰਕਲਪ ਕਮੇਟੀ ਇੱਕ ਸਾਂਝੀ ਅਹਿਮ ਮੀਟਿੰਗ ਅੱਜ ਇਥੇ ਹੋਈ। ਇਸ ਮੌਕੇ ਮੁੱਖ ਮੰਤਰੀ ਪੰਜਾਬ ਦੇ ਪ੍ਰਮੁੱਖ ਸਕੱਤਰ ਸ੍ਰੀ ਐਸ.ਕੇ. ਸੰਧੂ, ਸੈਰ ਸਪਾਟਾ ਵਿਭਾਗ ਦੇ ਸਕੱਤਰ ਅੰਜਲੀ ਭਾਵੜਾ, ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਐਸ ਜੀ ਪੀ ਸੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ, ਐਨ ਪੀ ਐਸ ਰੰਧਾਵਾ, ਵਧੀਕ ਡਿਪਟੀ ਕਮਿਸ਼ਨਰ (ਜ) ਕਾਰਤਿਕ ਅਡੱਪਾ, ਆਰ ਐਲ ਕਲਸੀਆ, ਐਸ ਡੀ ਐਮ ਗੜ੍ਹਸ਼ੰਕਰ ਅਮਰਜੀਤ ਸਿੰਘ ਤੋਂ ਇਲਾਵਾ ਦੋਵਾਂ ਕਮੇਟੀਆਂ ਦੇ ਮੈਂਬਰ ਅਤੇ ਧਾਰਮਿਕ ਸਖਸ਼ੀਅਤਾਂ ਹਾਜਰ ਸਨ।

ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਸੋਹਨ ਸਿੰਘ ਠੰਡਲ ਨੇ ਦੱਸਿਆ ਕਿ 'ਮੀਨਾਰ-ਏ-ਬੇਗਮਪੁਰਾ' ਯਾਦਗਾਰ ਦੇ ਸੰਕਲਪ ਦਸਤਾਵੇਜ਼ ਸਬੰਧੀ ਸਮੂਚੇ ਕਮੇਟੀ ਮੈਂਬਰਾਂ ਵੱਲੋਂ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸੰਕਲਪ ਦਸਤਾਵੇਜ਼ ਨੂੰ ਬਹੁਤ ਜਲਦ ਅੰਤਿਮ ਰੂਪ ਦੇ ਕੇ ਉਸਾਰੀ ਕੰਪਨੀਆਂ ਨਾਲ ਤਾਲਮੇਲ ਕੀਤਾ ਜਾਵੇਗਾ ਅਤੇ ਵਧੀਆ ਡਿਜਾਇਨ ਅਤੇ ਵਾਜਬ ਬਜ਼ਟ ਵਾਲੀ ਕੰਪਨੀ ਨੂੰ ਇਸ ਦੀ ਉਸਾਰੀ ਦਾ ਕੰਮ ਸੌਂਪਿਆ ਜਾਵੇਗਾ। ਸ੍ਰੀ ਠੰਡਲ ਨੇ ਦੱਸਿਆ ਕਿ ਜਲਦ ਹੀ ਮੁੱਖ ਮੰਤਰੀ ਪੰਜਾਬ ਸ: ਪ੍ਰਕਾਸ਼ ਸਿੰਘ ਬਾਦਲ ਇਸ ਯਾਦਗਾਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਉਣ ਲਈ ਨੀਂਹ ਪੱਥਰ ਰੱਖਣਗੇ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਮੈਂਬਰਾਂ ਵੱਲੋਂ ਜਿਥੇ ਸੰਕਲਪ ਦਸਤਾਵੇਜ਼ ਅਤੇ ਸਮਾਰਕ ਦੇ ਡਿਜਾਇਨ ਸਬੰਧੀ ਵਿਚਾਰ ਚਰਚਾ ਕੀਤੀ ਗਈ, ਉਥੇ ਯਾਦਗਾਰ ਵਾਲੀ ਜਗ੍ਹਾ ਦਾ ਨਿਰੀਖਣ ਵੀ ਕੀਤਾ ਗਿਆ। ਉਨ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ 'ਚ ਉਸਾਰੀ ਜਾਣ ਵਾਲੀ ਯਾਦਗਾਰ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਨਸਰਾਲਾ ਸਕੂਲ ਦਾ ਬਾਲ ਮੈਗਜ਼ੀਨ 'ਨਵ-ਕਿਰਣ' ਲੋਕ ਅਰਪਣ

**ਹੁਸ਼ਿਆਰਪੁਰ-** ਸਰਕਾਰੀ ਹਾਈ ਸਕੂਲ ਨਸਰਾਲਾ (ਹੁਸ਼ਿਆਰਪੁਰ) ਦਾ ਬਾਲ ਮੈਗਜ਼ੀਨ 'ਨਵ-ਕਿਰਣ' ਲੋਕ ਅਰਪਣ ਕਰਨ ਲਈ ਸਮਾਗਮ ਸਜ-ਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਮੈਡਮ ਸੁਖਵਿੰਦਰ ਕੌਰ ਡੀ. ਈ. ਓ. (ਸ. ਸ.) ਹੁਸ਼ਿਆਰਪੁਰ ਸ਼ਾਮਲ ਹੋਏ। ਸ੍ਰੀ ਨਵੀਨ ਅਗਰਵਾਲ ਆਟੋ ਇੰਡਸਟਰੀਜ਼ ਨਸਰਾਲਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਮੁੱਖ ਅਧਿਆਪਕਾ ਮੈਡਮ ਸੁਰਿੰਦਰ ਕੁਮਾਰੀ ਨੇ ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖਦਿਆਂ ਸਕੂਲ ਦੀ ਪ੍ਰਗਤੀ ਰਿ-ਪੋਰਟ ਪੜ੍ਹੀ। ਡੀ. ਈ. ਓ. ਮੈਡਮ ਨੇ ਬਾਲ ਮੈਗਜ਼ੀਨ ਲੋਕ ਅਰਪਣ ਕਰਦਿਆਂ ਨਿੱਕੀਆਂ ਕਲਮਾਂ ਨੂੰ ਵਧਾਈ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਦ੍ਰਿੜ੍ਹਤਾ ਨਾਲ ਮਿਹਨਤ ਕਰਨ ਤੇ



ਅਨੁਸ਼ਾਸਨ ਵਿਚ ਰਹਿਣ ਲਈ ਕਿਹਾ। ਸ੍ਰੀ ਨਵੀਨ ਅਗਰਵਾਲ ਨੇ ਵਿਦਿਆਰਥੀਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨ ਤੇ ਦਿੱਤੀ ਸਿੱਖਿਆ ਉਪਰ ਅਮਲ ਕਰਨ ਦੀ ਪ੍ਰੇਰਨਾ ਦਿੰਦਿਆਂ ਸਕੂਲ ਨੂੰ 11 ਹਜ਼ਾਰ ਰੁਪਏ ਦੀ ਮਾਲੀ ਮਦਦ ਦਾ ਯੋਗਦਾਨ ਵੀ ਦਿੱਤਾ। ਡਾ. ਜਸਵੰਤ ਰਾਏ ਸ੍ਰੀ ਯੋਗ ਰਾਜ ਨਾਕਤਾ ਨੇ ਸਾਹਿਤ ਤੇ ਸਮਾਜ ਦੇ ਨਿੱਘੇ ਰਿਸ਼ਤੇ ਸਬੰਧੀ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਸਕੂਲ ਸਟਾਫ ਵੱਲੋਂ ਮੈਡਮ ਸੁਖਵਿੰਦਰ ਕੌਰ (ਡੀ. ਈ. ਓ.), ਮੈਡਮ ਸੁਰਜੀਤ ਕੌਰ, ਸ੍ਰੀ ਅਸ਼ੋਕ ਕਾਲੀਆ, ਨਵੀਨ ਅਗਰਵਾਲ, ਯੋਗ ਰਾਜ ਨਾਕਤਾ, ਸਰਪੰਚ ਮੈਡਮ ਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮੈਡਮ ਰਾਜਪਾਲ ਕੌਰ, ਅੰਜੂ ਬਾਲਾ, ਜਗਦੀਪ ਕੌਰ, ਰਵਿੰਦਰ ਕੁਮਾਰ, ਵਨੀਤਾ ਰਾਣੀ, ਡਾ. ਜਸਵੰਤ ਰਾਏ, ਸੁਰਿੰਦਰ ਕੌਰ, ਗੁਰਵਿੰਦਰ ਕੌਰ, ਬਲਜੀਤ ਸਿੰਘ, ਸੰਜੀਵ ਰਤਨ, ਸੁਰੇਸ਼ ਕੁਮਾਰ, ਕਮਲੇਸ਼ ਰਾਣੀ, ਮੰਜੂ ਅਰੋੜਾ, ਸਰੋਜ ਪਦਮ, ਰੋਹਿਤ ਰਾਂਗੜਾ, ਰਵਿੰਦਰ ਕੁਮਾਰ, ਗੁਰਦੀਪ ਕੌਰ, ਅਮਨਪ੍ਰੀਤ ਰਾਜੂ, ਸੋਨੀਆ, ਮਨਿੰਦਰ ਸਿੰਘ, ਸੁਰਜੀਤ ਕੌਰ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦੀ ਜ਼ਿੰਮੇਵਾਰੀ ਡਾ. ਜਸਵੰਤ ਰਾਏ

# ਦਲਿਤਾਂ ਨੂੰ ਰੋਕਣ ਤੇ ਮੰਦਰ ਬੰਦ

**ਸਲੇਮ:** ਤਾਮਿਲਨਾਡੂ ਦੇ ਸਲੇਮ ਜ਼ਿਲ੍ਹੇ ਵਿਚ ਉਚ ਵਰਗ ਦੇ ਲੋਕਾਂ ਦੁਆਰਾ ਇਕ ਮੰਦਰ ਵਿਚ ਦਲਿਤ ਆਦਿ ਦ੍ਰਾਵਿੜ ਫਿਰਕੇ ਦੇ ਲੋਕਾਂ ਨੂੰ ਪ੍ਰਵੇਸ਼ ਤੋਂ ਰੋਕਣ ਤੋਂ ਬਾਅਦ ਮਾਲੀ ਵਿਭਾਗ ਅਧਿਕਾਰੀਆ ਨੇ ਧਰਮ ਸਥਾਨ ਤੇ ਜਿੰਦਰਾ ਲਗਾ ਦਿੱਤਾ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਨੂੰ ਲੈ ਕੇ ਪੈਦਾ ਹੋਏ ਤਣਾਅ ਤੋਂ ਬਾਅਦ ਆਸ ਪਾਸ ਦੇ 21 ਪਿੰਡਾਂ ਵਿਚ ਧਾਰਾ 133 ਲਗਾ ਦਿੱਤੀ ਗਈ ਹੈ। ਪੁਲਿਸ ਦੇ ਮੁਤਾਬਕ ਤਿਰੂਮਲਾਈਗਿਰੀ ਸਥਿਤ ਸ਼ਿਵ ਮੰਦਰ ਵਿਚ ਵਡੇਰੇ ਪੱਧਰ ਤੇ ਮੁੜ ਨਿਰਮਾਣ ਦਾ ਕੰਮ ਚੱਲ ਰਿਹਾ ਹੈ।

# ਮਹਾਤਮਾ ਗਾਂਧੀ ਅੰਗਰੇਜ਼ਾਂ ਦਾ ਏਜੰਟ ਪਾੜੋ ਤੇ ਰਾਜ ਕਰੋ ਨੀਤੀ ਤੇ ਕੰਮ ਕਰਦਾ ਸੀ :-ਜਸਟਿਸ ਮਾਰਕੰਡੇ ਕਾਟਜੂ



**ਨਵੀਂ ਦਿੱਲੀ—** ਪ੍ਰੈੱਸ ਕਾਉਂਸਿਲ ਦੇ ਸਾਬਕਾ ਚੇਅਰਮੈਨ ਜਸਟਿਸ ਮਾਰਕੰਡੇ ਕਾਟਜੂ ਨੇ ਬਲਾਗ ਦੇ ਜਰੀਏ ਬਾਪੂ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਮਹਾਤਮਾ ਗਾਂਧੀ ਅੰਗਰੇਜ਼ਾਂ ਦੇ ਏਜੰਟ ਸਨ, ਜਿਨ੍ਹਾਂ ਨੇ ਭਾਰਤ ਨੂੰ ਨੁਕਸਾਨ ਪਹੁੰਚਾਇਆ। ਕਾਟਜੂ ਨੇ ਆਪਣੇ ਬਲਾਗ 'ਚ ਲਿਖਿਆ ਹੈ ਕਿ ਗਾਂਧੀ ਅੰਗਰੇਜ਼ਾਂ ਦੇ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ 'ਤੇ ਕੰਮ ਕਰਦੇ ਸਨ।

ਕਾਟਜੂ ਨੇ ਬਾਪੂ 'ਤੇ ਨਿਸ਼ਾਨਾ ਸਾਧਦੇ ਹੋਏ ਲਿਖਿਆ ਹੈ ਕਿ ਉਨ੍ਹਾਂ ਦੇ ਕਾਰਨ ਦੇਸ਼ ਨੂੰ ਕਾਫੀ ਨੁਕਸਾਨ ਹੋਇਆ। ਮਹਾਤਮਾ ਗਾਂਧੀ ਦੇ ਭਾਸ਼ਣਾਂ ਤੇ ਅਖ਼ਬਾਰਾਂ 'ਚ ਛਪੇ ਉਨ੍ਹਾਂ ਦੇ ਲੇਖਾਂ ਨੂੰ ਵੇਖਕੇ ਇਹੀ ਲੱਗਦਾ ਹੈ ਕਿ ਉਨ੍ਹਾਂ ਦਾ ਹਿੰਦੂਆਂ ਦੇ ਪ੍ਰਤੀ ਖ਼ਾਸ ਝੁਕਾਅ ਸੀ।

ਕਾਟਜੂ ਨੇ ਅੱਗੇ ਲਿਖਿਆ ਹੈ ਕਿ ਗਾਂਧੀ ਦੀਆਂ ਸਭਾਵਾਂ 'ਚ ਅਕਸਰ ਹਿੰਦੂ ਭਜਨ ਰਘੁਪਤੀ ਰਾਘਵ ਰਾਜਾ ਰਾਮ ਦੇ ਬੋਲ ਸੁਣਾਈ ਦਿੰਦੇ ਸਨ।

# ਡੈਲਸ ਦੇ ਪੀਕਾਂਟ ਗਰੁਪ ਨੇ ਪੁਸਤਕ "ਜਾਗਦੇ ਰਹੋ ਦਾ ਹੋਕਾ" ਕੀਤੀ ਲੋਕ ਅਰਪਿਤ!

**ਡੈਲਸ (ਟੈਕਸਾਸ)** ਕੁਲਵੰਤ ਧਾਲੀਆਂ- ਪੱਤਰਕਾਰ ਗੁਰਿਦਰਜੀਤ ਸਿੰਘ "ਨੀਟਾ ਮਾਛੀਕੇ"



ਦੀ ਬਹੁ-ਚਰਚਿਤ ਪੁਸਤਕ "ਜਾਗਦੇ ਰਹੋ ਦਾ ਹੋਕਾ" ਸਥਾਨਿਕ ਪੀਕਾਂਟ ਗਰੁਪ ਵਲੋਂ ਲੰਘੇ ਸ਼ਨੀਵਾਰ ਨੂੰ ਰੋਮਾਂ ਪੈਲਸ ਗਾਰਲੈਂਡ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਲੋਕ ਅਰਪਿਤ ਕੀਤੀ ਗਈ। ਇਸ ਤੋਂ ਪਹਿਲਾਂ ਇਹ ਪੁਸਤਕ ਕੈਲੇਫੋਰਨੀਆਂ, ਕਨੇਡਾ ਅਤੇ ਪੰਜਾਬ ਦੇ ਕਈ ਸ਼ਹਿਰਾ ਵਿੱਚ ਰਲੀਜ਼ ਹੋ ਚੁਕੀ ਹੈ। ਰੇਡੀਓ ਹੋਸਟ ਅਮਰਜੀਤ ਢਿੱਲੋਂ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸਟੇਜ ਦੀ ਸੁਰੂਆਤ ਆਪਣੇ ਮੁਬਾਰਕ ਸਬਦਾ ਨਾਲ ਕੀਤੀ ਅਤੇ ਨੀਟਾ ਮਾਛੀਕੇ ਦੀ ਜਾਣ ਪਹਿਚਾਣ ਆਏ ਮਹਿਮਾਨਾਂ ਨਾਲ ਕਰਵਾਈ ਅਤੇ ਉਹਨਾਂ ਨੀਟੇ ਨੂੰ ਸੱਚ ਦਾ ਪਾਧੀ ਗਰਦਾਨਿਆਂ। ਉਘੇ ਲੇਖਕ ਅੰਮ੍ਰਿਤ ਵਿਰਕ ਨੇ ਨੀਟਾ ਮਾਛੀਕੇ ਦੀ ਕਲਮ ਨੂੰ ਨਾ ਝੁਕਣ ਵਾਲੀ ਕਲਮ ਦੱਸਦਿਆਂ ਇੱਕ ਕਵਿਤਾ ਪੜਕੇ ਨੀਟਾ ਮਾਛੀਕੇ ਨੂੰ ਡੈਲਸ ਵਿਖੇ ਪਹੁੰਚਣ ਤੇ ਨਿੱਘੀ ਜੀ ਆਇਆ ਕਹੀ। ਪੀਕਾਂਟ ਗਰੁਪ ਦੇ ਸਾਬਕਾ ਪ੍ਰਧਾਨ ਜਸਮੇਲ ਸੰਧੂ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਲੋਕਾ ਨੂੰ ਜਾਗੂਰਕ ਕਰਨ ਲਈ ਲਿਖੀ ਪੁਸਤਕ "ਜਾਗਦੇ ਰਹੋ ਦਾ ਹੋਕਾ" ਸਾਨੂੰ ਡੈਲਸ ਵਿੱਚ ਰਲੀਜ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸੰਸਥਾ ਦੇ ਮਜੂਦਾ ਪ੍ਰਧਾਨ ਮਨਜੀਤ ਜੌਹਲ ਨੇ ਕਿਹਾ ਕਿ ਉਹ ਕਲਮਾ ਸਦਾ ਹਨੇਰੇ ਰਾਹ ਰਸ਼ਨਾਉਦੀਆਂ ਨੇ ਜੋ ਬੇਖੌਫ਼ ਹੋਕੇ ਲਿਖਦੀਆਂ ਹਨ ਅਤੇ ਉਹਨਾਂ ਨਿੱਡਰ ਲੇਖਕਾ ਵਿੱਚੋਂ ਇੱਕ ਹੈ ਸਾਡਾ ਪਿਆਰਾ ਵੀਰ ਨੀਟਾ ਮਾਛੀਕੇ। ਹਰਜੀਤ ਸਿੰਘ (ਡੀਸੀ) ਬੁਟਰ ਨੇ ਨੀਟਾ ਮਾਛੀਕੇ ਦੀ ਜਾਣ ਪਹਿਚਾਣ ਸ਼ਾਇਰੋ ਸ਼ਾਇਰੀ ਨਾਲ ਕਰਵਾਈ। ਸੰਸਥਾ ਦੇ ਮੋਢੀ ਮੈਂਬਰ ਕੁਲਦੀਪ ਢਿੱਲੋਂ ਨੇ ਆਪਣੀਆਂ ਪੁਰਾਣੀਆਂ ਯਾਦਾ ਤਾਜੀਆਂ ਕਰਦਿਆਂ ਨੀਟੇ ਦੇ ਖੁਲ੍ਹੇ ਸੁਭਾਅ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਮਨਜੀਤ ਸੰਧੂ, ਡਾ. ਵਿਜੇ ਸ਼ਰਮਾ, ਅੰਮ੍ਰਿਤਪਾਲ ਭੰਗੂ, ਮਨਿੰਦਰ ਸਿੰਘ, ਦੌਲਤ ਬੰਧਨ, ਦੀਪ ਧਾਲੀਵਾਲ, ਗੁਰਿੰਦਰ ਡੌਲ੍ਹਾ, ਬੱਬੂ ਮਾਨ ਅਦਿ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਸੂਫੀ ਗਾਇਕ ਸਨੀ ਸਿੰਘ ਅਤੇ ਅਮਰ ਸਿੰਘ ਨੇ ਮਿਆਰੀ ਗਾਇਕੀ ਰਾਹੀ ਮਹੌਲ ਨੂੰ ਸੰਗੀਤਕ ਰੰਗ ਵਿੱਚ ਰੰਗਿਆ ਅਤੇ ਇਹ ਰਾਤਰੀ ਦੇ ਸੁਆਦਿਸ਼ਟ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ..!

ਦੇਸ਼ ਦੁਆਬਾ

# ਧੂਰੀ ਵਿਧਾਨ ਸਭਾ ਉਪ ਚੋਣ ਤਹਿ ਕਰੇਗੀ ਪੰਜਾਬ ਦੀ ਭਵਿੱਖੀ ਸਿਆਸਤ

ਪੰਜਾਬ ਵਿਚ ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਨੂੰ ਦੂਜੀ ਵਾਰ ਵਿਧਾਨ ਸਭਾ ਦੀ ਉਪ ਚੋਣ ਵਿਚ ਉਤਰਨਾ ਪੈ ਰਿਹਾ ਹੈ। ਪਹਿਲੀ ਵਾਰ ਮੋਗਾ ਤੋਂ ਕਾਂਗਰਸ ਦੇ ਜਿੱਤੇ ਵਿਧਾਇਕ ਦੁਆਰਾ ਅਕਾਲੀ ਦਲ ਵਿਚ ਪਲਟੀ ਮਾਰ ਜਾਣ ਕਾਰਨ ਉਪ ਚੋਣ ਹੋਈ। ਇਸ ਉਪ ਚੋਣ ਨੂੰ ਬਿਨਾਂ ਕਿਸੇ ਕਾਰਨ ਦੇ ਸਹੇੜੀ ਗਈ ਚੋਣ ਕਰਾਰ ਦਿੱਤਾ ਗਿਆ ਅਤੇ ਅਕਾਲੀ ਦਲ ਦੀ ਪਾਰਟੀ ਦੇ ਅੰਦਰੋਂ ਵੀ ਭਾਰੀ ਆਲੋਚਨਾ ਹੋਈ। ਹਾਲਾਂਕਿ ਉਸ ਵਕਤ ਅਕਾਲੀ ਦਲ ਦੇ ਪ੍ਰਧਾਨ ਇਹ ਦਾਅਵਾ ਕਰ ਰਹੇ ਸਨ ਕਿ ਕਾਂਗਰਸ ਦੇ ਪੰਜ ਹੋਰ ਵਿਧਾਇਕ ਉਹਨਾਂ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਤਿਆਰ ਹਨ, ਪਰ ਕੋਈ ਵੀ ਕਾਂਗਰਸੀ ਅਕਾਲੀ ਦਲ ਵਿਚ ਸ਼ਾਮਲ ਨਾ ਹੋਇਆ। ਹੁਣ ਧੂਰੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਵਿਧਾਇਕ ਅਰਵਿੰਦ ਖੰਨਾ ਦੁਆਰਾ ਅਸਤੀਫਾ ਦੇਣ ਕਾਰਨ ਖਾਲੀ ਹੋਈ ਇਸ ਸੀਟ ਉਤੇ 11 ਅਪ੍ਰੈਲ ਨੂੰ ਚੋਣ ਹੋਣ ਜਾ ਰਹੀ ਹੈ। ਇਹ ਉਪ ਚੋਣ ਮੌਜੂਦਾ ਸਰਕਾਰ ਜਾਂ ਵਿਰੋਧੀ ਧਿਰ ਲਈ ਕੋਈ ਜ਼ਿਆਦਾ ਅਹਿਮ ਨਹੀਂ ਬਲਕਿ ਇਸ ਕਰਕੇ ਜ਼ਿਆਦਾ ਅਹਿਮ ਹੈ ਕਿਉਂਕਿ ਧੂਰੀ ਹਲਕਾ ਸੰਗਰੂਰ ਵਿਚ ਪੈਂਦਾ ਹੈ ਅਤੇ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਵਿਚ ਰਿਕਾਰਡ ਤੋੜ ਜਿੱਤ ਹਾਸਲ ਕਰਕੇ ਅਕਾਲੀ ਦਲ ਅਤੇ ਕਾਂਗਰਸ ਦਾ ਲੱਕ ਤੋੜ ਦਿੱਤਾ ਸੀ। ਖੁਦ ਧੂਰੀ ਹਲਕੇ ਤੋਂ ਭਗਵੰਤ ਮਾਨ ਨੂੰ ਜ਼ਬਰਦਸਤ ਲੀਡ ਮਿਲੀ ਸੀ। ਇਹੀ ਰੁਝਾਨ ਜੇਕਰ ਇਸ ਵਾਰ ਰਹਿੰਦਾ ਹੈ ਤਾਂ ਪੰਜਾਬ ਦੀ ਭਵਿੱਖ ਸਿਆਸਤ ਬਾਰੇ ਕਿਆਸ-ਅਰਾਈ ਲਗਾਉਣੀ ਇੰਨੀ ਔਖੀ ਨਹੀਂ ਰਹਿ ਜਾਵੇਗੀ। ਇਸ ਉਪ ਚੋਣ ਨੂੰ ਅਕਾਲੀ ਦਲ ਅਤੇ ਕਾਂਗਰਸ ਜ਼ਿਆਦਾ ਤਵੱਜੋਂ ਨਹੀਂ ਦੇ ਰਹੇ ਹਨ।ਪਰ ਆਮ ਆਦਮੀ ਪਾਰਟੀ ਇਸ ਚੋਣ ਨੂੰ ਬਹੁਤ ਅਹਿਮੀਅਤ ਦੇ ਰਹੀ ਹੈ। ਜੇਕਰ ਆਮ ਆਦਮੀ ਪਾਰਟੀ ਇਸ ਹਲਕੇ ਤੋਂ ਚੋਣ ਲੜਦੀ ਹੈ ਤਾਂ ਨਿਸਚਿਤ ਹੀ ਇਸ ਹਲਕੇ ਵਿਚ ਮੁਕਾਬਲਾ ਦੇਖਣਯੋਗ ਹੋਵੇਗਾ। ਪਰ ਜੇਕਰ ਇਹ ਪਾਰਟੀ ਉਪ ਚੋਣ ਨਹੀਂ ਲੜਨ ਦਾ ਫੈਸਲਾ ਲੈਂਦੀ ਹੈ ਤਾਂ ਫਿਰ ਅਕਾਲੀ ਦਲ ਜਾਂ ਕਾਂਗਰਸ ਕੋਈ ਵੀ ਜਿੱਤੇ, ਇਸ ਨਾਲ ਇੰਨਾ ਜ਼ਿਆਦਾ ਫਰਕ ਨਹੀਂ ਪੈਂਦਾ।

ਕਾਂਗਰਸ ਇਸ ਹਲਕੇ ਨੂੰ ਇਕ ਤਜਰਬੇ ਵਜੋਂ ਦੇਖ ਰਹੀ ਹੈ। 2002 ਵਿਚ ਜਦੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੀ ਸੀ ਤਾਂ ਇਸ ਪਾਰਟੀ ਨੂੰ ਚੋਣਾਂ ਤੋਂ ਸਾਲ ਕੁ ਪਹਿਲਾਂ ਗੁਰਦਾਸਪੁਰ ਵਿਚ ਪੈਂਦੇ ਆਦਮਪੁਰ ਹਲਕੇ ਤੋਂ ਕੁਝ ਕੁ ਵੋਟਾਂ ਨਾਲ ਜਿੱਤ ਮਿਲੀ ਸੀ। ਉਸ ਜਿੱਤ ਤੋਂ ਬਾਅਦ ਕਾਂਗਰਸ ਦੇ ਪੱਖ ਵਿਚ ਹਵਾ ਬਣਨੀ ਆਰੰਭ ਹੋ ਗਈ ਸੀ ਅਤੇ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਆਮ ਚੋਣਾਂ ਹਾਰ ਗਿਆ ਸੀ। ਕਾਂਗਰਸ ਇਸ ਉਪ ਚੋਣ ਨੂੰ ਅਜਿਹੇ ਹੀ ਮੌਕੇ ਵਜੋਂ ਦੇਖ ਰਹੀ ਹੈ। ਧੂਰੀ ਵਿਧਾਨ ਸਭਾ ਹਲਕਾ ਹਾਲਾਂਕਿ ਅਕਾਲੀ ਦਲ ਦਾ ਗੜ੍ਹ ਰਿਹਾ ਹੈ, ਪਰ ਪਿਛਲੀਆਂ ਤਿੰਨ ਚੋਣਾਂ ਵਿਚ ਇਸ ਹਲਕੇ ਦਾ ਰੁਝਾਨ ਕੁਝ ਬਦਲਿਆ ਨਜ਼ਰ ਆਇਆ ਹੈ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਤਾਂ ਇਸ ਹਲਕੇ ਦਾ ਰੁਝਾਨ ਬਿਲਕੁਲ ਹੀ ਬਦਲ ਗਿਆ ਅਤੇ ਇਹ ਹਲਕਾ ਨਵੀਂ ਪਾਰਟੀ ਆਮ ਆਦਮੀ ਪਾਰਟੀ ਦੇ ਹੱਕ ਵਿਚ ਭੁਗਤਿਆ। ਅਕਾਲੀ ਦਲ ਇਸ ਉਪ ਚੋਣ ਨੂੰ ਭਵਿੱਖ ਦੀ ਸਿਆਸਤ ਵਜੋਂ ਦੇਖ ਰਿਹਾ ਹੈ। ਜੇਕਰ ਅਕਾਲੀ ਦਲ ਇਹ ਸੀਟ ਜਿੱਤ ਲੈਂਦੇ ਹੈ ਤਾਂ ਉਹ ਇਸ ਨੂੰ ਪੰਜਾਬ ਦੀ ਜਨਤਾ ਦੇ ਫਤਵੇ ਵਜੋਂ ਪ੍ਰਚਾਰੇਗਾ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੂਰੀ ਤਾਕਤ ਨਾਲ ਸਾਹਮਣੇ ਆਵੇਗਾ। ਪੰਜਾਬ ਵਿਚ ਹਾਲਾਂਕਿ ਕੁਝ ਦਿਨ ਪਹਿਲਾਂ ਹੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੋ ਕੇ ਹਟੀਆਂ ਹਨ ਅਤੇ ਇਹਨਾਂ ਚੋਣਾਂ ਨੂੰ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੇ ਹੀ ਜਿੱਤਿਆ ਹੈ, ਪਰ ਇਹ ਚੋਣਾਂ ਜਨਤਕ ਫਤਵੇ ਵਜੋਂ ਨਹੀਂ ਦੇਖੀਆਂ ਜਾਂਦੀਆਂ ਕਿਉਂਕਿ ਸਥਾਨਕ ਚੋਣਾਂ ਦੀ ਨਿਰਪੱਖਤਾ ਤੇ ਹਮੇਸ਼ਾ ਸਵਾਲੀਆ ਨਿਸ਼ਾਨ ਲੱਗਦੇ ਰਹੇ ਹਨ।


- ਤਰਸੇਮ ਜਲੰਧਰੀ

# ਅਦਾਰਾ "ਅੰਬੇਦਕਰ ਟਾਈਮਜ਼" ਦਾ ਸੱਤਵੇਂ ਵਰ੍ਹੇ 'ਚ ਪ੍ਰਵੇਸ਼

ਉਤਰੀ ਅਮਰੀਕਾ ਦੇ ਇਤਿਹਾਸ ਅੰਦਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਦੀ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਨੂੰ ਇਹ ਮਾਣਮੱਤਾ ਮਾਣ ਹਾਸਲ ਹੋਇਆ ਹੈ ਕਿ ਇਸ ਸਭਾ ਨੇ ਬਾਕੀ ਸਭ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਸਹਿਯੋਗ ਨਾਲ ਅੱਜ ਤੋਂ 15 ਸਾਲ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਇਕੋ ਸਮੇਂ ਦਿਹਾੜਾ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ "ਵਿਸ਼ਾਲ ਨਗਰ ਕੀਰਤਨ" ਅਤੇ ਗੁਰੂ ਜੀ ਦਾ ਗੁਰਪੁਰਬ ਦਿਹਾੜਾ ਮਨਾਉਣਾ ਸ਼ੁਰੂ ਕੀਤਾ।

ਸੋ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਮਰੀਕਾ ਦੀ ਧਰਤੀ ਦੇ ਨਾਲ-ਨਾਲ ਉਤਰੀ ਅਮਰੀਕਾ ਦੀ ਧਰਤੀ ਤੇ "ਸ੍ਰੀ ਗੁਰੂ ਰਵਿਦਾਸ ਵਿਸ਼ਾਲ ਨਗਰ ਕੀਰਤਨ" ਸ਼ੁਰੂ ਕਰਨ ਦੀ ਜਿੱਥੇ ਪਹਿਲ ਕਦਮ ਲਈ ਵਧਾਈ ਦੀ ਹੱਕਦਾਰ ਹੈ, ਉਥੇ ਇਸ ਗੱਲ ਦੀ ਵਧਾਈ ਦੀ ਹੱਕਦਾਰ ਹੈ ਕਿ ਸਮੇਂ ਸਮੇਂ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਦੀਆਂ ਸਰਬ ਸੰਮਤੀ ਨਾਲ ਚੁਣੀਆਂ ਜਾਂਦੀਆਂ ਕਮੇਟੀਆਂ ਨੇ ਇਸ ਵਿਸ਼ਾਲ ਨਗਰ ਕੀਰਤਨ ਨੂੰ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਰਚ ਦੇ ਦੂਸਰੇ ਐਤਵਾਰ ਭਾਵ 8 ਮਾਰਚ 2015 ਨੂੰ 15ਵਾਂ ਵਿਸ਼ਾਲ ਨਗਰ ਕੀਰਤਨ" ਮਨਾਇਆ ਗਿਆ ਤੇ ਉਸ ਤੋਂ ਪਹਿਲਾਂ ਗੁਰੂ ਘਰ ਵੱਲੋਂ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਪੜ੍ਹੇ ਗਏ, ਕੀਰਤਨ ਦਰਬਾਰ ਸਜਾਏ ਗਏ, ਕਵੀ, ਰਾਗੀ, ਢਾਡੀ ਤੇ ਵਿਦਵਾਨ ਬੁਲਾਰੇ ਆਦਿ ਗੁਰਬਾਣੀ ਆਧਾਰਿਤ ਆਪੋ ਆਪਣੇ ਵਿਚਾਰ ਰੱਖੇ ਅਤੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਮਨੁੱਖਤਾਵਾਦੀ ਪਹਿਲਕਦਮੀਆਂ ਤੋਂ ਸੰਗਤ ਨੂੰ ਜਾਣੂ ਕਰਵਾਉਣ ਦਾ ਯਤਨ ਕੀਤਾ ਗਿਆ। ਸਭ ਤੋਂ ਪਹਿਲਾਂ ਅਸੀਂ ਆਪਣੇ ਵੱਲੋਂ ਆਪਣੇ ਪਰਿਵਾਰ ਵੱਲੋਂ ਤੇ ਦੋਵੇਂ ਅਦਾਰਿਆਂ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਸਮੂਹ ਸਤਿਕਾਰਯੋਗ ਪਾਠਕ ਸਾਹਿਬਾਨ ਤੇ ਸ਼ੁਭ ਚਿੰਤਕਾਂ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਅਤੇ 15ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦਾ ਹੈ ਅਤੇ ਸਾਰੇ ਸਤਿਕਾਰਯੋਗ ਸਹਿਯੋਗੀਆਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹੈ, ਜਿਹਨਾਂ ਦੇ ਇਸ਼ਤਿਹਾਰਾਂ ਅਤੇ ਕਲਮਾਂ ਰਾਹੀਂ ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਪਾਠਕਾਂ ਤੱਕ ਪਹੁੰਚਦਾ ਹੈ।

ਆਪ ਸਭ ਤੱਕ "ਅੰਬੇਦਕਰ ਟਾਈਮਜ਼" ਦਾ ਅੰਕ 12 ਮਾਰਚ 2015 ਤੋਂ ਸੱਤਵੇਂ ਵਰ੍ਹੇ 'ਚ ਪ੍ਰਵੇਸ਼ ਕਰ ਚੁੱਕਾ ਹੈ ਅਤੇ "ਦੇਸ਼ ਦੁਆਬਾ" 13 ਅਪ੍ਰੈਲ ਤੋਂ ਤੁਹਾਡੇ ਸਹਿਯੋਗ ਨਾਲ ਚੌਥੇ ਵਰ੍ਹੇ ਵਿਚ ਪ੍ਰਵੇਸ਼ ਕਰਨ ਜਾ ਰਿਹਾ ਹੈ। ਅਸੀਂ ਦੋਵੇਂ ਅਖ਼ਬਾਰਾਂ ਵੱਲੋਂ ਆਪ ਸਭ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਸਾਡਾ, ਇਹਨਾਂ ਦੀ ਪ੍ਰਕਾਸ਼ਨਾ ਵਿਚ ਸਾਥ ਦਿੱਤਾ ਅਤੇ ਉਹਨਾਂ ਦਾ ਸਾਥ ਸਾਨੂੰ ਸਦਾ ਲਈ ਚਾਹੀਦਾ ਹੈ ਤੇ ਆਪਣੇ ਵਰਗੇ ਸਹਿਯੋਗੀਆਂ ਨੂੰ ਅਦਾਰੇ ਲਈ ਅੱਗੇ ਆਉਣ ਲਈ ਸਹਿਯੋਗ ਕਰਨ ਵਿਚ ਸਾਡਾ ਜ਼ਰੂਰ ਸਾਥ ਦੇਣ। ਇਹ ਸਾਡੀ ਆਪ ਸਭ ਨੂੰ ਸਨਿਮਰ ਬੇਨਤੀ ਹੈ।

ਇਸ ਦੇ ਨਾਲ ਹੀ ਅਸੀਂ ਸਭ ਨੂੰ ਆਪੋ ਆਪਣੇ ਵਿਚਾਰ ਰੱਖਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ। ਤੁਹਾਡੇ ਆਏ ਵਿਚਾਰ ਸਾਡੇ ਸਿਰ ਮੱਥੇ ਹੋਣਗੇ ਤੇ ਹੂਬਹੂ ਛਾਪੇ ਜਾਣਗੇ, ਬਸ਼ਰਤੇ ਉਹ ਆਪਣੇ ਵਿਚਾਰ ਸਾਨੂੰ ਲਿਖਤੀ ਰੂਪ ਵਿਚ ਚਿੱਠੀ ਰਾਹੀਂ ਜਾਂ ਫਿਰ ਫੈਕਸ ਜਾਂ ਫਿਰ ਈ-ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ।

ਸੋ, ਆਓ ਕਲਮਾਂ ਉਠਾਓ ਆਪਣੇ ਵਿਚਾਰਾਂ ਨੂੰ ਦੂਸਰਿਆਂ ਤੱਕ ਪਹੁੰਚਾਉਣ ਲਈ ਅਦਾਰਾ "ਦੇਸ਼ ਦੁਆਬਾ" ਅਤੇ ਅਦਾਰਾ "ਅੰਬੇਦਕਰ ਟਾਈਮਜ਼" ਨਾਲ ਆਪਣੀ ਸਾਂਝ ਪਾਈਏ।

**- ਸੰਪਾਦਕ**

# ਗਿਆਨ-ਵਿਗਿਆਨ


**ਮੇਘ ਰਾਜ ਮਿੱਤਰ**
**+91-98887-87440**

### ਦਰੱਖਤਾਂ ਦੀ ਉਮਰ ਕਿਵੇਂ ਪਤਾ ਕੀਤੀ ਜਾਂਦੀ ਹੈ?

ਵਿਦਿਆਰਥੀਓ ਜੇ ਤੁਹਾਨੂੰ ਇਹ ਪੁੱਛਿਆ ਜਾਵੇ ਕਿ ਤੁਹਾਡੇ ਮਕਾਨ ਨੂੰ ਬਣਾਉਣ ਸਮੇਂ ਸਭ ਤੋਂ ਪਹਿਲਾਂ ਕਿਹੜੀ ਇੱਟ ਲਾਈ ਗਈ ਤਾਂ ਤੁਹਾਡਾ ਜਵਾਬ ਹੋਵੇਗਾ ਕਿ ਸਭ ਤੋਂ ਹੇਠਲੀ। ਠੀਕ ਇਸੇ ਤਰ੍ਹਾਂ ਹੀ ਦਰੱਖਤਾਂ ਦੀ ਉਮਰ ਪਤਾ ਕਰਨ ਦਾ ਵੀ ਇੱਕ ਆਸਾਨ ਢੰਗ ਹੈ। ਤੁਸੀ ਜਾਣਦੇ ਹੋ ਕਿ ਹਰ ਸਾਲ ਪਤਝੜ ਦੀ ਰੁੱਤ ਵਿੱਚ ਦਰਖਤ ਆਪਣੇ ਪੱਤੇ ਝਾੜ ਦਿੰਦੇ ਹਨ ਤੇ ਉਹਨਾਂ ਦੇ ਤਣੇ ਦਾ ਉਪਰਲਾ ਛਿਲਕਾ ਵੀ ਲਹਿ ਜਾਂਦਾ ਹੈ। ਅਤੇ ਬਰਸਾਤ ਦੇ ਮੌਸਮ ਵਿੱਚ ਉਹ ਆਪਣੇ ਆਪਣੇ ਨਵੇਂ ਪੱਤੇ ਅਤੇ ਚਮੜੀ ਵੀ ਪ੍ਰਾਪਤ ਕਰ ਲੈਂਦੇ ਹਨ। ਇਸ ਤਰ੍ਹਾਂ ਉਹਨਾਂ ਦੇ ਤਣਿਆਂ ਦਾ ਕੱਟਿਆ ਹੋਇਆ ਤਣਾ ਵੇਖ ਲਵੋ ਅਤੇ ਉਸ ਵਿੱਚ ਗੋਲਾਈਆਂ ਦੀ ਗਿਣਤੀ ਕਰ ਲਵੋ। ਗੋਲਾਈਆਂ ਦੀ ਜਿੰਨੀ ਗਿਣਤੀ ਹੋਵੇਗੀ ਦਰੱਖਤ ਦੀ ਉਮਰ ਵੀ ਉਨੀ ਹੀ ਹੋਵੇਗੀ। ਇੱਥੇ ਹੀ ਬੱਸ ਨਹੀਂ ਜਿਸ ਸਥਾਨ ਤੇ ਗੋਲਾਈ ਦੀ ਚੌੜਾਈ ਵਧੇਰੇ ਹੋਵੇਗੀ ਉਸ ਸਾਲ ਬਰਸਾਤ ਵੀ ਵੱਧ ਹੋਈ ਹੋਵੇਗੀ। ਇਸ ਤਰ੍ਹਾਂ ਦਰੱਖਤ ਬੀਤੇ ਸਮੇਂ ਦੇ ਮੌਸਮਾਂ ਦਾ ਸੂਚਕ ਵੀ ਹੁੰਦੇ ਹਨ।

### ਚਮੇਲੀ ਦੇ ਫੁੱਲ ਵਿੱਚੋਂ ਖੁਸ਼ਬੂ ਕਿਉਂ ਆਉਂਦੀ ਹੈ?

ਇਸ ਸਵਾਲ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਸਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਖੁਸ਼ਬੋ ਤੇ ਬਦਬੋ ਕੀ ਹਨ? ਅਸੀ ਜਾਣਦੇ ਹਾਂ ਕਿ ਹਰੇਕ ਪਦਾਰਥ ਦੇ ਅਜਿਹੇ ਸਭ ਤੋਂ ਛੋਟੇ ਕਣਾਂ ਨੂੰ ਜਿਹਨਾਂ ਉੱਪਰ ਉਸ ਪਦਾਰਥ ਦੇ ਗੁਣ ਹੁੰਦੇ। ਕੁਝ ਪਦਾਰਥਾਂ ਦੇ ਅਣੂ ਹਵਾ ਵਿੱਚ ਖਿਲੱਰ ਜਾਂਦੇ ਹਨ ਅਜਿਹੇ ਪਦਾਰਥ ਹੀ ਖੁਸ਼ਬੋ ਜਾਂ ਬਦਬੋ ਦਿੰਦੇ ਹਨ। ਨੱਕ ਵਿੱਚ ਵੀ ਕੁਝ ਸੈੱਲ ਅਜਿਹੇ ਹੁੰਦੇ ਹਨ ਜਿਹੜੇ ਇਸੇ ਲਈ ਚਮੇਲੀ ਦੇ ਫੁੱਲ ਵਿੱਚੋਂ ਹਵਾ ਵਿੱਚ ਖਿਲਰੇ ਅਣੂ ਸਾਡੇ ਦਿਮਾਗ ਨੂੰ ਸੁਖਦਾਇਕ ਅਨੁਭਵ ਦਿੰਦੇ ਹਨ। ਇਸ ਤਰ੍ਹਾਂ ਚਮੇਲੀ ਦੇ ਫੁੱਲ ਦੀ ਖੁਸ਼ਬੋ ਸਾਨੂੰ ਚੰਗੀ ਲੱਗਦੀ ਹੈ। ਚਮੇਲੀ ਦਾ ਫੁੱਲ ਆਪਣੀ ਪਰ ਪਰਾਗਣ(ਜਿਸਨੂੰ ਸੌਖੀ ਭਾਸ਼ਾ ਵਿੱਚ ਬੀਜਾਂ ਨੂੰ ਉਪਜਾਊ ਬਣਾਉਣਾ ਤੇ ਇੱਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਉਣ) ਦੀ ਇੱਛਾ ਕਰਕੇ ਹੀ ਇਹ ਖੁਸ਼ਬੋ ਛੱਡਦਾ ਹੈ।

### ਦਰਖੱਤਾਂ ਦੀ ਟੀਸੀ ਤੇ ਪਾਣੀ ਕਿਵੇਂ ਪਹੁੰਚਦਾ ਹੈ?

ਜੇ ਤੁਸੀਂ ਕੱਚ ਦੀ ਇੱਕ ਸੁਰਾਖ ਵਾਲੀ ਨਲੀ ਦੇ ਕੁਝ ਹਿੱਸੇ ਨੂੰ ਪਾਣੀ ਦੀ ਭਰੀ ਕੌਲੀ ਵਿੱਚ ਡਬੋ ਦੇਵੋਗਾ ਤਾਂ ਤੁਸੀਂ ਵੇਖੋਗੇ ਕਿ ਨਲੀ ਦੇ ਸੁਰਾਖ ਵਿੱਚ ਪਾਣੀ ਦਾ ਲੈਬਲ ਨਾਲੋਂ ਉੱਚਾ ਹੋਵੇਗਾ। ਨਲੀ ਦਾ ਸੁਰਾਖ ਜਿੰਨਾ ਤੰਗ ਹੋਵੇਗਾ ਨਲੀ ਵਿੱਚ ਪਾਣੀ ਦਾ ਲੈਬਲ ਉਨਾਂ ਹੀ ਵੱਧ ਉੱਚਾ ਹੋਵੇਗਾ। ਵਿਗਿਆਨਕ ਭਾਸ਼ਾ ਵਿੱਚ ਇਸ ਨਿਯਮ ਨੂੰ ਤਲੀ ਤਣਾਉ ਦਾ ਨਿਯਮ ਕਹਿੰਦੇ ਹਨ। ਵਿਗਿਆਨ ਦੇ ਇਸ ਨਿਯਮ ਕਰਕੇ ਹੀ ਦਰੱਖਤਾਂ ਦੀਆਂ ਟੀਸੀਆਂ ਤੇ ਪਾਣੀ ਪੁੱਜ ਜਾਦਾ ਹੈ। ਕੁਦਰਤ ਨੇ ਦਰੱਖਤਾਂ ਵਿੱਚ ਬਰੀਕ ਬਰੀਕ ਨਲੀਆਂ ਦਿੱਤੀਆਂ ਹੁੰਦੀਆਂ ਹਨ ਜੋ 80-80 ਮੀਟਰ ਉੱਚੇ ਦਰੱਖਤਾਂ ਦੀਆਂ ਟੀਸੀਆਂ ਤੇ ਗੁਰੂਤਾ ਆਕਰਸ਼ਣ ਦੇ ਨਿਯਮ ਦੀ ਪ੍ਰਵਾਹ ਨਾ ਕਰਦੀਆਂ ਹੋਈਆਂ ਪਾਣੀ ਪਹੁੰਚਾਉਂਦੀਆਂ ਹਨ।

### ਪਿਆਜ ਕੱਟਣ ਨਾਲ ਅੱਖਾਂ ਵਿੱਚ ਪਾਣੀ ਕਿਉਂ ਆ ਜਾਂਦਾ ਹੈ?

ਪਿਆਜਾਂ ਵਿੱਚ ਇੱਕ ਏਲਾਈਲ ਨਾਂ ਦਾ ਤੇਲ ਹੁੰਦਾ ਹੈ। ਜਦੋਂ ਅਸੀਂ ਪਿਆਜਾਂ ਨੂੰ ਕੱਟਦੇ ਹਾਂ ਤਾਂ ਇਹ ਏਲਾਈਲ ਤੇਲ ਦੇ ਅਣੂ ਹਵਾ ਵਿੱਚ ਖਿੱਲਰ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਅਣੂ ਸਾਡੀਆਂ ਅੱਖਾਂ ਤੇ ਨੱਕ ਵਿੱਚ ਚਲੇ ਜਾਂਦੇ ਹਨ। ਇਸ ਤੇਲ ਦੇ ਅਣੂ ਸਾਡੀਆਂ ਅੱਖਾਂ ਤੇ ਨੱਕ ਵਿੱਚ ਖੁਜਲੀ ਕਰਦੇ ਹਨ ਇਸ ਲਈ ਸਾਡਾ ਦਿਮਾਗ ਇਹਨਾਂ ਨੂੰ ਅੱਖ ਤੇ ਨੱਕ ਵਿੱਚੋਂ ਬਾਹਰ ਕੱਢਣ ਦਾ ਹੁਕਮ ਦਿੰਦਾ ਹੈ। ਇਸ ਲਈ ਸਾਡਾ ਦਿਮਾਗ ਇਸ ਤੇਲ ਨੂੰ ਬਾਹਰ ਕੱਢਣ ਲਈ ਪਾਣੀ ਛੱਡਣ ਦਾ ਹੁਕਮ ਦਿੰਦਾ ਹੈ। ਇਸ ਕਰਕੇ ਹੀ ਪਿਆਜ ਕੱਟਣ ਤੇ ਸਾਡੀਆਂ ਅੱਖਾਂ ਵਿੱਚੋਂ ਪਾਣੀ ਨਿਕਲਦਾ ਹੈ।

### ਇੱਟ ਥੱਲੇ ਘਾਹ ਪੀਲਾ ਕਿਉਂ ਹੁੰਦਾ ਹੈ?

ਤੁਸੀਂ ਅਕਸਰ ਵੇਖਿਆ ਹੋਵੇਗਾ ਕਿ ਘਾਹ ਦੇ ਮੈਦਾਨ ਵਿੱਚ ਪਈ ਕਿਸੇ ਇੱਟ ਜਾਂ ਪੱਥਰ ਥੱਲੇ ਘਾਹ ਆਮ ਤੌਰ ਤੇ ਦੂਸਰੇ ਉੱਗ ਹੋਏ ਘਾਹ ਦੇ ਮੁਕਾਬਲੇ ਪੀਲਾ ਹੁੰਦਾ ਹੈ। ਆਉ ਇਸਦਾ ਕਾਰਣ ਵੀ ਪਤਾ ਕਰੀਏ। ਅਸੀਂ ਜਾਣਦੇ ਹਾਂ ਕਿ ਹਰੇ ਪੱਤੇ ਸੂਰਜ ਦੀ ਰੌਸ਼ਨੀ ਵਿੱਚ ਹਵਾ ਵਿੱਚੋ ਕਾਰਬਨਡਾਈਅਕਾਸਾਈਡ ਤੇ ਪਾਣੀ ਲੈ ਕੇ ਆਪਣੀ ਖੁਰਾਕ ਤਿਆਰ ਕਰਦੇ ਹਨ। ਜਦੋਂ ਸੂਰਜ ਦੀ ਰੌਸ਼ਨੀ ਇਹਨਾਂ ਨੂੰ ਨਹੀਂ ਮਿਲਦੀ ਤਾਂ ਇਹ ਆਪਣੀ ਖੁਰਾਕ ਤਿਆਰ ਨਹੀਂ ਕਰ ਪਾਉਂਦੇ। ਇਸ ਕਾਰਣ ਇੱਟ ਜਾਂ ਪੱਥਰ ਦੇ ਥੱਲੇ ਲੁਕਿਆਂ ਘਾਹ ਆਪਣੀ ਹੋਰ ਖੁਰਾਕ ਤਿਆਰ ਕਰਨ ਦੇ ਅਸਮਰਥ ਹੁੰਦਾ ਹੈ। ਉਹ ਆਪਣੇ ਵਿੱਚ ਪਹਿਲਾਂ ਜਮਾਂ ਹੋਈ ਖੁਰਾਕ ਨਾਂ ਮਿਲਣ ਕਰਕੇ ਪੀਲਾ ਹੁੰਦਾ ਹੈ।

### ਦੁਪਹਿਰ ਖਿੜੀ ਦੇ ਫੁੱਲ ਦਿਨੇ ਹੀ ਕਿਉਂ ਖਿੜਦੇ ਹਨ?

ਕੁਝ ਫੁੱਲ ਦੀਆਂ ਪੱਤੀਆਂ ਵਿੱਚ ਅਜਿਹਾ ਪ੍ਰਬੰਧ ਹੁੰਦਾ ਹੈ ਕਿ ਜਿਉਂ ਹੀ ਉਹਨਾਂ ਦੀਆਂ ਪੱਤੀਆਂ ਤੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਤਾਂ ਇਹ ਖੁੱਲ੍ਹ ਜਾਂ-ਦੀਆਂ ਹਨ। ਸੂਰਜ ਦੀਆਂ ਕਿਰਨਾਂ ਪੌਦੇ ਦੇ ਅੰਦਰੋਂ ਪਾਣੀ ਸੋਕਦੀਆਂ ਹਨ। ਇਸ ਲਈ ਅੰ-ਦਰਲੇ ਸੁਰਾਖਾਂ ਦੇ ਖੁੱਲਣ ਕਰਕੇ ਪੱਤੀਆਂ ਖੁੱਲ ਜਾਂਦੀਆਂ ਹਨ। ਜਦੋਂ ਹੀ ਸੂਰਜ ਦੀਆਂ ਕਿਰਨਾਂ ਪਾਣੀ ਸੋਕਣਾ ਬੰਦ ਕਰ ਦਿੰਦੀਆਂ ਹਨ ਤਾਂ ਸੁਰਾਖ ਬੰਦ ਹੋਣ ਦੇ ਨਤੀਜੇ ਵਜੋਂ ਪੱਤੀਆਂ ਵੀ ਬੰਦ ਹੋ ਜਾਂਦੀਆਂ ਹਨ।

### ਜੀਵ ਖਾਣੀ ਬੂਟੀ

ਗਰਮੀਆਂ ਦੇ ਮੌਸਮ ਵਿੱਚ ਝੀਲਾਂ ਤੇ ਖਾਈਆਂ ਵਿੱਚ ਇੱਕ ਪੌਦਾ ਉੱਗਦਾ ਹੈ। ਇਸਨੂੰ ਸੁਨਿਹਰੀ ਤੇ ਪੀਲੇ ਰੰਗ ਦੇ ਫੁੱਲਾਂ ਦੇ ਗੁੱਛੇ ਲਗੱਦੇ ਹਨ। ਇਸ ਪੌਦੇ ਦਾ ਨਾਂ ਬਲੈਡਰ ਬੂਟੀ ਹੈ। ਪਾਣੀ ਦੇ ਥੱਲੇ ਇਸ ਨੇ ਇਕ ਨੇ ਇੱਕ ਜਾਲ ਵਿਛਾਇਆ ਹੁੰਦਾ ਹੈ। ਇਸਦੇ ਪੱਤਿਆਂ ਦੇ ਥੱਲੇ ਅਨੇਕਾਂ ਖੁੱਲੇ ਮੂੰਹ ਵਾਲੇ ਬਲੈਡਰ ਹੁੰਦੇ ਹਨ। ਜਿਸ ਵਿੱਚ ਛੋਟੇ-ਛੋਟੇ ਵਾਲ ਆਪਣਾ ਜਾਲ ਵਿਛਾਈ ਰੱਖਦੇ ਹਨ। ਜਦੋਂ ਕੋਈ ਜੀਵ ਇਸ ਬਲੈਡਰ ਵਿੱਚ ਆ ਜਾਂਦਾ ਹੈ ਤਾਂ ਇਸਦਾ ਢੱਕਣ ਬੰਦ ਹੋ ਜਾਂਦਾ ਹੈ। ਲੱਖਾਂ ਹੀ ਬਰੀਕ ਕਿਸਮ ਦੀਆਂ ਨਲੀਆਂ ਦੀ ਸਹਾਇਤਾ ਨਾਲ ਇਹ ਜੀਵ ਨੂੰ ਹਜਮ ਕਰ ਜਾਂਦਾ ਹੈ। ਇਹ ਪੌਦਾ ਸਾਰੇ ਸੰਸਾਰ ਵਿੱਚ ਹੀ ਪਾਇਆ ਜਾਂਦਾ ਹੈ।

### ਦਰਖਤਾਂ ਹੇਠਾਂ ਰਾਤ ਨੂੰ ਸੌਣ ਨੁਕਸਾਨਦਾਇਕ ਕਿਉਂ ਹੈ?

ਅਸੀਂ ਜਾਣਦੇ ਹਾਂ ਕਿ ਦਿਨ ਵੇਲੇ ਪੌਦੇ ਸੂਰਜ ਦੀ ਰੌਸ਼ਨੀ ਵਿੱਚ ਹਵਾ ਚੋਂ ਕਾਰਬਨਡਾਈ ਆਕਸਾਈਡ ਤੇ ਪਾਣੀ ਲੈ ਕੇ ਆਪਣੀ ਖੁਰਾਕ ਤਿਆਰ ਕਰਦੇ ਹਨ। ਇਸ ਪ੍ਰਕਾਸ਼ ਸੰਸਲੇਸ਼ਣ ਦੀ ਕ੍ਰਿਆ ਵਿੱਚ ਦਿਨ ਵੇਲੇ ਉਹ ਆਕਸੀਜਨ ਪੈਦਾ ਕਰਦੇ ਹਨ ਇਸ ਕਰਕੇ ਦਿਨ ਵੇਲੇ ਪੌਦਿਆਂ ਹੇਠਾਂ ਆਕਸੀਜਨ ਦੀ ਬਹੁਤਾਤ ਹੁੰਦੀ ਹੈ। ਅਸੀਂ ਵੀ ਸਾਹ ਲੈਣ ਲਈ ਆਕਸੀਜਨ ਦੀ ਵਰਤੋਂ ਕਰਦੇ ਹਾਂ। ਇਸ ਲਈ ਦਿਨ ਸਮੇਂ ਪੌਦਿਆਂ ਹੇਠ ਸੌਣਾ ਲਾਭਦਾਇਕ ਹੈ। ਪਰ ਰਾਤ ਸਮੇਂ ਸੂਰਜ ਦੀ ਰੌਸ਼ਨੀ ਦੀ ਅਣਹੋਂਦ ਕਾਰਨ ਇਹ ਪ੍ਰਕਾਸ਼ ਸੰਸਲੇਸ਼ਣ ਨਹੀਂ ਕਰ ਸਕਦੇ। ਇਸ ਕਾਰਨ ਇਹਨਾਂ ਹੇਠਾਂ ਆਕਸੀਜਨ ਦੀ ਕਮੀ ਹੁੰਦੀ ਹੈ। ਇਸ ਕਰਕੇ ਰਾਤ ਵੇਲੇ ਪੌਦਿਆਂ ਹੇਠਾਂ ਸੌਣਾ ਨੁਕਸਾਨਦਾਇਕ ਹੁੰਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਜਨਮ ਦਿਨ 'ਤੇ ਵਿਸ਼ੇਸ

# ਯੁੱਗ ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਅਤੇ ਉਨ੍ਹਾਂ ਦਾ ਕ੍ਰਿਸ਼ਮਾ

- ਫਤਿਹਜੰਗ ਸਿੰਘ

1934 ਦਾ ਵਰ੍ਹਾ ਸੀ, ਜਦੋਂ ਬਾਬਾ ਸਾਹਿਬ ਦਾ ਸੰਘਰਸ਼ ਜ਼ੋਰਾਂ ਨਾਲ ਚੱਲ ਰਿਹਾ ਸੀ। 1932 ਵਿੱਚ ਹੋਏ ਪੂਨਾ ਪੈਕਟ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆ ਐਕਟ 1935 ਹੋਂਦ ਵਿੱਚ ਆਉਣ ਜਾ ਰਿਹਾ ਸੀ, ਜਿਸ ਅਧੀਨ ਸਦੀਆਂ ਤੋਂ ਮਾਰਿਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਣੀਆਂ ਸਨ। ਇਸੇ ਵਰ੍ਹੇ ਦੇ ਮਾਰਚ ਮਹੀਨੇ ਦੀ 15 ਤਰੀਕ ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਖ਼ੁਆਸਪੁਰ ਵਿੱਚ ਮਾਤਾ ਬਿਸ਼ਨ ਦੇਈ ਅਤੇ ਪਿਤਾ ਸ. ਹਰੀ ਸਿੰਘ ਦੇ ਘਰ ਜਿਸ ਬਾਲਕ ਨੇ ਜਨਮ ਲਿਆ ਉਹ ਹੀ ਸਮਾਂ ਪਾ ਕੇ ਕਾਂਸ਼ੀ ਰਾਮ ਨਾਮੀ ਦਲਿਤ ਜੀਵਨ ਵਿੱਚ ਇੱਕ ਮਹਾਨ ਰਾਜਨੀਤੀਵਾਨ ਬਣਿਆ ਤੇ ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਦਾ ਦੂਜਾ ਮਸੀਹਾ ਬਣਿਆ। ਰੋਪੜ ਸਰਕਾਰੀ ਕਾਲਜ ਤੋਂ ਬੀ. 15ੱ1. ਸੀ. ਪਾਸ ਕਰਕੇ, ਬਾਬਾ ਸਾਹਿਬ ਦੀ ਮੁੱਢਲੀ ਕਰਮਭੂਤੀ ਮਹਾਂਰਾਸ਼ਟਰ ਪੂਨੇ ਵਿੱਚ ਆਰਡੀਨੈਂਸ ਫੈਕਟਰੀ ਵਿੱਚ ਸਾਇੰਸਦਾਨ ਦੇ ਅਹੁਦੇ 'ਤੇ ਜਾ ਲੱਗੇ। ਉੱ ਕੰਮ ਕਰਦਿਆਂ ਪਹਿਲੀ ਵਾਰੀ ਡਾ. ਅੰਬੇਡਕਰ ਦਾ ਨਾਂ ਸੁਣਿਆ। ਇੱਕ ਜਗਿਆਸਾ ਉੱ ਤੇ ਵੱਧਦੀ ਹੀ ਚਲੀ ਗਈ। ਬਾਬਾ ਸਾਹਿਬ ਦੀਆਂ ਲਿਖਤਾਂ ਦੇ ਸਮੁੰਦਰ ਵਿੱਚ ਗੋਤੇ ਲਾਏ. ਫਿਰ ਇੱਕ ਦਿਨ ਅਜਿਹੀ ਰਚਨਾ ਹੱਥ ਆ ਗਈ ਜਿਸ ਨੇ ਕਾਂਸ਼ੀ ਰਾਮ ਦੀ ਇੱਕ ਸਾਇੰਸਦਾਨ ਤੋਂ ਕਾਇਆ ਕਲਪ ਕਰਕੇ ਦਲਿਤਾਂ ਦੀ ਇੱਕ ਪੂਰੀ-ਸੂਰੀ ਸੰਸਥਾ ਦਾ ਨੀਂਹ ਪੱਥਰ ਰੱਖ ਦਿੱਤਾ। ਇਹ ਇਨਕਲਾਬੀ ਕਿਤਾਬ 'ਜਾਤ-ਪਾਤ ਦਾ ਬੀਜਨਾਸ਼' ਇੱਕ ਯੁਗ ਪਲਟਾਊ ਰਚਨਾ ਹੋ ਨਿੱਬੜੀ। ਨੌਕਰੀ ਛੱਡ ਦਿੱਤੀ, ਵਿਆਹ ਦੀਆਂ ਤਿਆਰੀਆਂ ਸਨ ਛੱਡ ਦਿੱਤੀ, ਘਰ-ਬਾਰ ਤਿਆਗ ਦਿੱਤਾ ਤੇ ਸਦੀਆਂ ਤੋਂ ਲਿਤਾੜਿਆਂ ਲਈ ਕੰਮ ਕਰਨ ਖ਼ਾਤਰ ਬਾਬਾ ਸਾਹਿਬ ਦਾ, ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ ਤੇ ਪੇਰੀਅਰ ਵਾਲਾ ਰਾਹ ਫੜ ਲਿਆ। ਆਪਣੇ ਆਪ ਨਾਲ ਵਾਅਦਾ ਕੀਤਾ ਕਿ ਇਹ ਵਕਤ ਦੇ ਮਾਰੇ ਤੇ ਲਤਾੜੇ ਹੋਏ ਹੀ ਮੇਰਾ ਪਰਿਵਾਰ ਹੈ, ਜਿਨ੍ਹਾਂ ਲਈ ਮੈਂ ਜੀਣਾ ਹੈ ਤੇ ਮਰਨਾ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲੀ ਚਿੱਠੀ ਆਪਣੀ ਮਾਂ ਨੂੰ ਲਿਖ ਕੇ ਮਾਂ ਬਾਪ, ਘਰ ਬਾਰ ਤੋਂ ਆਖਰੀ ਅਲਵਿਦਾ ਲੈ ਲਈ ਅਤੇ ਮੈਦਾਨ ਵਿੱਚ ਨਿਤਰ ਪਏ। 6 ਦਸੰਬਰ, 1978 ਨੂੰ ਪੜ੍ਹੇ-ਲਿਖੇ ਲੋਕਾਂ ਦੀ ਸਰਬ-ਭਾਰਤੀ ਸੰਸਥਾ ਬਣਾਈ, ਜਿਸ ਦਾ ਨਾਂ ਬਾਮਸੇਫ਼ ਰੱਖਿਆ। ਇਸ ਵਿੱਚ 15ੱ1. ਸੀ., 15ੱ1. ਟੀ., ਬੈਕਵਰਡ ਤੇ ਧਾਰਮਿਕ ਘੱਟ ਗਿਣਤੀਆਂ ਦੇ ਨੌਕਰੀ-ਪੇਸ਼ਾ ਲੋਕ ਸੰਗਠਿਤ ਕੀਤੇ। ਇਸ ਸੰਸਥਾ ਦੀ ਇਹ ਖ਼ੂਬੀ ਸੀ ਕਿ ਇਸ ਦਾ ਮੈਂਬਰ ਸੰਸਥਾ ਨੂੰ ਆਪਣੇ ਦਫ਼ਤਰ ਦੇ ਕੰਮਾਂ ਲਈ ਨਹੀਂ, ਸਗੋਂ ਸਾਮਾਜਿਕ ਕੰਮਾਂ ਲਈ ਵਰਤਦਾ ਸੀ। ਸਾਰੇ ਦੇਸ਼ ਵਿੱਚ, ਬਹੁਤਾ ਕਰਕੇ ਮਹਾਂਰਾਸ਼ਟਰ ਅਤੇ ਉੱ ਭਾਰਤ ਵਿੱਚ ਇਸ ਦੇ ਲੱਗਭੱਗ ਦੋ ਲੱਖ ਮੈਂਬਰ ਤਿਆਰ ਕੀਤੇ ਗਏ। ਇਹ ਉਹੀ ਲੋਕੀਂ ਸਨ, ਜਿਨ੍ਹਾਂ ਨੂੰ ਕਾਂਸ਼ੀ ਰਾਮ ਨੇ ਝੰਜੋੜਿਆ ਸੀ, ਤੇ ਇਹ ਅਹਿਸਾਸ ਕਰਵਾਇਆ ਸੀ ਕਿ ਤੁਸੀਂ ਆਪਣੇ ਸਮਾਜ ਦੇ ਨਾਂ 'ਤੇ ਰਾਖਵੇਂਕਰਨ ਦੇ ਨਾਂ 'ਤੇ ਪੜ੍ਹਾਈ ਜਾਂ ਨੌਕਰੀ ਵਿੱਚ ਕਿਤੇ ਨਾ ਕਿਤੇ ਕੋਈ ਲਾਭ ਲਿਆ ਹੈ, ਜਿਸ ਦੇ ਇਵਜ਼ ਵਿੱਚ ਹੁਣ ਤੁਹਾਨੂੰ ਆਪਣੇ ਸਮਾਜ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਮੈਨੂੰ ਤਿੰਨ ਚੀਜ਼ਾਂ ਚਾਹੀਦੀਆਂ ਹਨ। ਮੈਂ ਇਨ੍ਹਾਂ ਨਾਲ ਇੱਕ ਜ਼ਬਰਦਸਤ ਲਹਿਰ ਤਿਆਰ ਕਰਕੇ ਦੇਵਾਂਗਾ। ਜਦੋਂ ਬਾਮਸੇਫ਼ ਨੂੰ ਕਾਂਸ਼ੀ ਰਾਮ ਵਿੱਚ ਅਤੇ ਕਾਂਸ਼ੀ ਰਾਮ ਨੂੰ ਬਾਮਸੇਫ਼ ਵਿੱਚ ਵਿਸ਼ਵਾਸ ਹੋ ਗਿਆ, ਤਾਂ ਡੀ. 15ੱ1. ਫੋਰ ਦਲਿਤ ਸੋਸ਼ਿਤ ਸਮਾਜ ਸੰਘਰਸ਼ ਸਮੰਤੀ ਦੀ ਸੰਸਥਾ ਰਾਸ਼ਟਰੀ ਪੱਧਰ ਦੀ ਦੂਜੀ ਦਲਿਤ ਜੱਥੇਬੰਦੀ ਹੋਂਦ ਵਿੱਚ ਆ ਗਈ। ਸਾਹਿਬ ਕਾਂਸ਼ੀ ਰਾਮ ਨੇ ਬਾਮਸੇਫ਼ ਮੈਂਬਰਾਂ ਨੂੰ ਸਮਝਾਇਆ ਅਤੇ ਕਿਹਾ ਕਿ ਤੁਸੀਂ ਸਾਰੇ ਨੌਕਰੀ ਪੇਸ਼ਾ ਲੋਕ ਹੋ ਤੁਹਾਡੇ ਸਿਰ 'ਤੇ ਸਿਵਲ ਸਰਵਿਸ ਰੂਲ ਦੀ ਤਲਵਾਰ ਲਟਕਦੀ ਹੈ, ਜਿਸ ਕਰਕੇ ਤੁਸੀਂ ਆਪਣੇ ਸਮਾਜ ਦੇ ਹਿੱਤ ਵਿੱਚ ਕੀਤੀ ਗਈ ਐਜੀਟੇਸ਼ਨ ਵਿੱਚ ਹਿੱਸਾ ਨਹੀਂ ਲੈ ਸਕੋਗੇ, ਪਰ ਸਾਨੂੰ ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋਣੀ। ਸਾਨੂੰ ਜੇਲ੍ਹਾਂ 'ਚ ਵੀ ਜਾਣਾ ਪੈ ਸਕਦਾ ਹੈ। ਸੋ ਸਾਰੇ ਮੈਂਬਰ ਆਪਣੇ- ਆਪਣੇ ਘਰਾਂ ਵਿੱਚ ਆਪਣੇ ਮਾਂ-ਬਾਪ, ਭੈਣ ਭਰਾ ਤੇ ਹੋਰ ਬਜ਼ੁਰਗਾਂ ਨੂੰ ਇਸ ਕੰਮ ਲਈ ਤਿਆਰ ਕਰੋ। ਫਿਰ ਕੀ ਸੀ ਹਰ ਕੋਈ ਜੇਲ੍ਹ ਜਾਣ ਲਈ ਤਿਆਰ ਹੋ ਗਿਆ। ਇਹ ਸਾਹਿਬ ਕਾਂਸ਼ੀ ਰਾਮ ਦਾ ਹੀ ਕਮਾਲ ਸੀ ਕਿ ਉਹਨਾਂ ਨੇ ਬਾਮਸੇਫ਼ ਤੋਂ ਠੀਕ ਤਿੰਨ ਸਾਲ ਬਾਅਦ 6 ਦਸੰਬਰ 1981 ਨੂੰ ਡੀ. 15ੱ1. ਫੋਰ (ਦਲਿਤ, ਸ਼ੋਸ਼ਿਤ, ਸੰਘਰਸ਼, ਸੰਮਤੀ) ਵਰਗੀ ਸੰਘਰਸ਼ਮਈ, ਜੱਥੇਬੰਦੀ ਬਣਾ ਕੇ ਹਾਕਮ ਸ਼੍ਰੇਣੀ ਦੀ ਨੀਂਦ ਹਰਾਮ ਕਰ ਦਿੱਤੀ। ਇਹ ਸਿਆਸਤ ਦਾ ਮੁੱਢਲਾ ਪੜਾਅ ਸੀ ਜਿਸ ਸਮਾਜ ਨੂੰ ਸਿਆਸਤ ਦਾ ਊੜਾ-ਐੜਾ ਨਹੀਂ ਸੀ ਪਤਾ ਸਾਹਿਬ ਕਾਂਸ਼ੀ ਰਾਮ ਨੇ ਉਸ ਨੂੰ ਬੱਚਿਆਂ ਵਾਂਗੂ ਸਮਝਾਇਆ ਕਿ ਕਿਵੇਂ ਚੋਣ ਲੜਨੀ ਹੈ, ਕਿਵੇਂ ਦੂਜੀਆਂ ਪਾਰਟੀਆਂ ਨਾਲ ਮੁੱਠਭੇੜ ਕਰਨੀ ਹੈ, ਕਿਵੇਂ ਸਮਝੌਤੇ ਕਰਨੇ ਹਨ, ਇਹ ਨੁਕਤੇ ਸਾਹਿਬ ਕਾਂਸ਼ੀ ਰਾਮ ਨੇ ਕਲਾਸਾਂ ਲਾ-ਲਾ ਕੇ ਸਮਾਜ ਨੂੰ ਸਮਝਾਏ। ਪਹਿਲੀ ਚੋਣ 1982 ਵਿੱਚ ਹਰਿਆਣਾ ਤੋਂ ਸ਼ੁਰੂ ਕੀਤੀ ਗਈ।



ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਇਹ ਸੁਨਹਿਰੀ ਅੱਖਰ ਲੋਕਾਂ ਦੇ ਦਿਲਾਂ ਵਿੱਚ ਵਸਾ ਦਿੱਤੇ ਕਿ "ਆਪਣੀਆਂ ਦੀਵਾਰਾਂ 'ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" ਪਹਿਲੇ ਪੜਾਅ ਤੇ ਭਾਵੇਂ ਕੋਈ ਸੀਟ ਨਹੀਂ ਜਿੱਤੀ, ਪਰ ਮੀਡੀਏ ਨੇ ਇੱਕ ਗੱਲ ਮੰਨੀ ਕਿ ਕੋਈ ਵੀ ਉਮੀਦਵਾਰ ਲੱਖ ਲੋਭ ਦੇਣ ਦੇ ਬਾਵਜੂਦ ਵਿਕਿਆ ਨਹੀਂ ਸੀ। ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ 1984 ਨੂੰ ਇੱਕ ਪੂਰੀਪੂਰੀ ਰਾਜਨੀਤਕ ਪਾਰਟੀ ਦਾ ਐਲਾਨ ਕਰ ਦਿੱਤਾ ਗਿਆ, ਜਿਸ ਦਾ ਨਾਂ....ਬਹੁਜਨ ਸਮਾਜ ਪਾਰਟੀ ਰੱਖਿਆ। ਦਿੱਲੀ ਤੋਂ ਜੰਮੂ ਕਸ਼ਮੀਰ ਤੱਕ ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਆਪਣੇ ਜੱਥੇ ਨਾਲ ਆਪ ਵੀ ਨਾਲ ਸਾਈਕਲ ਚਲਾ ਕੇ ਪੂਰਾ ਕੀਤਾ। ਹੁਣ ਕਾਂਸ਼ੀ ਰਾਮ ਨੇ ਲੋਕਾਂ ਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਵੇਖੋ ਸਾਡੀ ਲੜਾਈ ਭਾਵੇਂ ਹਰ ਪਾਸਿਓਂ ਤਾਕਤਵਰ ਲੋਕਾਂ ਨਾਲ ਹੈ, ਪਰ ਘਬਰਾਉਣ ਦੀ ਲੋੜ ਨਹੀਂ ਇਹ ਵੋਟਾਂ ਦਾ ਰਾਜ ਹੈ, ਜਿਸ ਦੀਆਂ ਵੋਟਾਂ ਵੱਧ ਉਸ ਦਾ ਰਾਜ ਹੋਣਾ ਚਾਹੀਦਾ ਹੈ। ਅਸੀਂ ਇਹ ਰਾਜ ਲਿਆ ਕੇ ਰਹਾਂਗੇ। ਅਸੀਂ ਪਹਿਲੇ ਪੜਾਅ 'ਤੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ ਹਰਾਉਣ ਦੀ ਸਥਿਤੀ ਵਿੱਚ ਹੋਵਾਂਗੇ ਫਿਰ ਅਗਲੇ ਪੜਾਅ 'ਤੇ ਕਿਸੇ ਸਿਆਸੀ ਪਾਰਟੀ ਦੇ ਸਹਿਯੋਗ ਨਾਲ ਕੁਝ ਹੱਦ ਤੱਕ ਜਿੱਤਣ ਵਾਲੀ ਪਾਰਟੀ ਬਣਾਂਗੇ ਤੇ ਅਖ਼ੀਰਲੇ ਪੜਾਅ 'ਤੇ ਅਸੀਂ ਇਕੱਲਿਆਂ ਹੀ ਜਿੱਤਣ ਦੀ ਸਥਿਤੀ ਵਿੱਚ ਪੁੱਜ ਜਾਵਾਂਗੇ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਕੰਮ ਕਰਦਾ ਰਿਹਾ, ਉਹਨਾਂ ਵਿੱਚ ਲੋਕਾਂ ਦਾ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ ਤੇ ਕਾਂਸ਼ੀ ਰਾਮ ਦੇ ਪੈਰ ਹੋਰ ਮਜ਼ਬੂਤ ਹੁੰਦੇ ਗਏ। ਕਾਂਸ਼ੀ ਰਾਮ ਨੇ ਸਮਝਾਇਆ ਕਿ ਦੇਸ਼ ਵਿੱਚ 10-15% ਕਥਿਤ ਉੱਚ ਜਾਤੀ ਲੋਕ ਆਪਣੀਆਂ ਕੁਚਾਲਾਂ ਨਾਲ ਬਾਕੀ ਦੇ 85-90% ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਤੇ ਉਹਨਾਂ 'ਤੇ ਰਾਜ ਕਰ ਰਹੇ ਹਨ, ਜਦੋਂ ਕਿ ਰਾਜ ਬਹੁ- ਗਿਣਤੀ (85%) ਵਾਲਿਆਂ ਦਾ ਹੋਣਾ ਚਾਹੀਦਾ ਹੈ। ਇਹ ਗੱਲ ਲੋਕਾਂ ਦੀ ਸਮਝ ਪੈ ਗਈ। ਉਹਨਾਂ ਦੱਸਿਆ ਕਿ ਸਭ ਵੱਡੀਆਂ ਪਾਰਟੀਆਂ 'ਸਾਂਪਨਾਥ' ਤੇ 'ਨਾਗਨਾਥ' ਹਨ, ਜੋ ਆਮ ਲੋਕਾਂ ਨੂੰ ਡੱਸਦੀਆਂ ਹਨ, ਦਲਿਤ ਸਮਾਜ ਨੂੰ ਡੱਸਦੀਆਂ ਹਨ। ਇਸੇ ਲਈ ਦੇਸ਼ ਦੀ ਸਮੁੱਚੀ ਉੱਕ ਨਹੀਂ ਹੋ ਰਹੀ ਸਿਰਫ਼ ਉਹਨਾਂ 15% ਲੋਕਾਂ ਦੀ ਹੀ ਤਰੱਕੀ ਹੋ ਰਹੀ ਹੈ। ਲੋਕਾਂ ਨੇ ਗੱਲ ਸਮਝੀ, ਤਾਂ ਰਾਜਨੀਤਕ ਪਿੜ ਵਿੱਚ ਖਲਬਲੀ ਮੱਚ ਗਈ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਮੁੱਖ ਮੰਤਰੀ ਦੀ ਕੁਰਸੀ ਇੱਕ ਦਲਿਤ ਔਰਤ ਮਾਇਆਵਤੀ ਨੇ ਮੱਲ ਲਈ, ਪਰ ਲੜਾਈ ਡਾਢਿਆਂ ਨਾਲ ਸੀ। ਕੁਰਸੀ ਜ਼ਿਆਦਾ ਦੇਰ ਨਾ ਰਹੀ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਫਿਰ ਕੰਮ ਕਰ ਗਿਆ ਤੇ ਮਾਇਆਵਤੀ ਨੇ ਫਿਰ ਕੁਰਸੀ ਜਾ ਮੱਲੀ ਕੁਝ ਦੇਰ ਬਾਅਦ ਫਿਰ ਖੁੱਸ ਗਈ। ਪਰ ਹੁਣ ਦਲਿਤ ਸਮਾਜ ਵਿੱਚ ਰਾਜ ਕਰਨ ਦੀ ਜਾਗ ਲੱਗ ਚੁੱਕੀ ਸੀ। ਜਾਬਰਾਂ ਨਾਲ ਬਰਾਬਰ ਦੀ ਲੜਾਈ ਲੜਨ ਜੋਗਾ ਸਮਾਜ ਸਾਹਿਬ ਕਾਂਸ਼ੀ ਰਾਮ ਨੇ ਤਿਆਰ ਕਰ ਦਿੱਤਾ ਸੀ। ਫਿਰ ਉਸ ਨੇ ਇੱਕ ਦਿਨ ਪੱਕੇ ਪੈਰੀਂ ਮਜ਼ਬੂਤ ਹੋ ਕੇ ਦਲਿਤ ਔਰਤ ਨੂੰ ਕੁਰਸੀ 'ਤੇ ਬਿਠਾ ਦਿੱਤਾ। ਵਿਰੋਧੀ ਸੋਚਦੇ ਰਹਿ ਗਏ, ਘਾੜਤਾਂ ਘੜਦੇ ਰਹਿ ਗਏ, ਪਰ ਸੱਤਾ ਪ੍ਰਾਪਤੀ ਦੀ ਅਜਿਹੀ ਜਾਗ ਸਾਹਿਬ ਕਾਂਸ਼ੀ ਰਾਮ ਨੇ ਲਗਾਈ ਕਿ ਅੱਜ ਅੱਖਾਂ ਦੇਸ਼ ਦੀ ਸਭ ਤੋਂ ਵੱਡੀ ਕੁਰਸੀ 'ਤੇ ਲਾਉਣ ਦੀ ਸਮਰੱਥਾ ਦਲਿਤ ਸਮਾਜ ਨੇ ਪੈਦਾ ਕਰ ਲਈ ਹੈ। ਸਾਹਿਬ ਕਾਂਸ਼ੀ ਰਾਮ ਕਹਿੰਦੇ ਸਨ, ਸਾਡਾ ਅਸਲ ਪੜਾਅ ਦਿੱਲੀ ਹੈ ਇਸੇ ਲਈ ਦਿੱਲੀ ਦੇ ਤਖ਼ਤ 'ਤੇ ਕਬਜ਼ੇ ਦੀ ਭਾਵਨਾ ਅੱਜ ਦਲਿਤ ਸਮਾਜ ਲਗਾਈ ਬੈਠਾ ਹੈ।

ਉਹ ਕਹਿੰਦੇ ਸਨ ਕਿ ਸੱਤਾ ਪ੍ਰਾਪਤੀ ਤੱਕ ਸਾਡੀ ਇਹ ਰਣਨੀਤੀ ਹੈ ਕਿ ਕੋਈ ਵੀ ਇੱਕ ਪਾਰਟੀ ਤਾਕਤ ਵਿੱਚ ਨਾ ਆਵੇ ਅਤੇ ਸਾਡੇ ਸਹਾਰੇ ਬਿਨਾਂ ਵੀ ਕੋਈ ਪਾਰਟੀ ਤਾਕਤ ਵਿੱਚ ਨਾ ਆਵੇ। ਉਹਨਾਂ ਨੇ ਆਖੇ ਬੋਲ ਅੱਖਰ-ਅੱਖਰ ਸੱਚ ਹੁੰਦੇ ਜਾ ਰਹੇ ਹਨ। ਅੱਜ ਕਿਸੇ ਇਕੱਲੀ ਪਾਰਟੀ ਦਾ ਰਾਜ ਨਹੀਂ ਹੈ। ਉਹ ਕਹਿੰਦੇ ਸਨ ਕਿ ਅਸੀਂ ਮਜ਼ਬੂਰ, ਲਾਚਾਰ ਸਰਕਾਰਾਂ ਚਾਹੁੰਦੇ ਹਾਂ ਜਦੋਂ ਤੱਕ ਕਿ ਅਸੀਂ ਆਪ ਸੱਤਾ ਵਿੱਚ ਨਹੀਂ ਆਉਂਦੇ।ਇਹ ਵਾਪਰ ਰਿਹਾ ਹੈ। ਉਹ ਕਹਿੰਦੇ ਸਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪੂਜਾ ਨਹੀਂ ਉਸ ਦੀ ਸੋਚ ਨੂੰ ਅਪਣਾਓ। ਉਹ ਉਸ ਦੀ ਸੋਚ 'ਤੇ ਪਹਿਰਾ ਦਿੰਦੇ ਰਹੇ ਅਤੇ ਉਸ ਦੀ ਸੋਚ ਨੂੰ ਅਪਨਾਉਣ ਲਈ ਪ੍ਰੇਰਦਿਆਂ, ਦਲਿਤ ਸਮਾਜ ਲਈ ਵੱਡੇ ਪੂਰਨੇ ਪਾਉਂਦਿਆਂ੧ਓਫ਼ਲਤਾ ਦੀਆਂ ਪੌੜੀਆਂ ਚੜ੍ਹਦੇ-ਉਤਰਦੇ ਅੰਤ 9 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM



AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

510- 733- 2222

1421 Industrial PKWY West#F Hayward, CA 94544

# ਪਵਿੱਤਰ ਪਾਪੀ




1984 ਵਿਚ ਜਦ ਮੈਂ ਜਲੰਧਰ ਜੇਲ੍ਹ ਗਿਆ, ਉਸ ਸਮੇਂ ਅਕਾਲੀ ਪੱਤ੍ਰਕਾ ਅਖਬਾਰ ਆਪਣੀ ਲੋਕਪ੍ਰਿਅਤਾ ਦੇ ਸਿਖਰ ਤੇ ਸੀ। ਜੇਲ੍ਹ ਵਿਚ ਰੌਲਾ ਪੈ ਗਿਆ ਕਿ ਅਕਾਲੀ ਪੱਤ੍ਰਕਾ ਦਾ ਪੱਤਰਕਾਰ ਜੇਲ੍ਹ ਆਇਆ ਹੈ। ਬਹੁਤ ਸਾਰੇ ਕੈਦੀ ਮੈਨੂੰ ਆਪਣੇ ਦੁਖੜੇ ਸੁਣਾਉਣ ਲਈ ਮੇਰੇ ਆਲੇ ਦੁਆਲੇ ਇਕੱਠੇ ਹੋਣ ਲੱਗੇ। ਮੈਨੂੰ ਜੇਲ੍ਹ ਵਿਚ ਕਿਸੇ ਕਿਸਮ ਦੀ ਤੰਗੀ ਨਾ ਹੋਵੇ, ਇਕ ਨੰਬਰਦਾਰ ਮੇਰੇ ਤੇ ਨਿਯੁਕਤ ਕੀਤਾ ਗਿਆ ਸੀ। ਅਗਲੇ ਦਿਨ ਜਦ ਮੈਂ ਟਿਊਬਵੈਲ ਤੇ ਨਹਾ ਰਿਹਾ ਸੀ ਤਾਂ ਇਹ ਨੰਬਰਦਾਰ ਮੇਰੀ ਸੁਰੱਖਿਆ ਲਈ ਉਥੇ ਖੜ੍ਹਾ ਸੀ। ਇਕ 16-17 ਸਾਲ ਦਾ ਮੁੰਡਾ ਆਹਿਟਾ ਤੇ ਉਥੇ ਖੜ੍ਹਾ ਹੋਗਿਆ। ਨੰਬਰਦਾਰ ਨੇ ਉਸਨੂੰ ਦਬਕਾ ਮਾਰ ਕੇ ਉਥੋਂ ਜਾਣ ਲਈ ਕਿਹਾ ਪਰ ਉਸਨੇ ਕਿਹਾ- ਮੈਂ ਬਾਊ ਜੀ ਨਾਲ ਜ਼ਰੂਰੀ ਗੱਲ ਕਰਨੀ ਹੈ। ਨੰਬਰਦਾਰ ਨੇ ਉਸਨੂੰ 5-7 ਮੋਟੀਆਂ ਮੋਟੀਆਂ ਗਾਲ੍ਹਾਂ ਕੱਢਦਿਆਂ ਉਥੋਂ ਜਾਣ ਲਈ ਕਿਹਾ ਪਰ ਮੈਂ ਉਸ ਨੂੰ ਕਿਹਾ ਕਿ ਉਸ ਨੂੰ ਆਪਣੀ ਗੱਲ ਕਰਨ ਦੇ। ਉਸ ਮੁੰਡੇ ਨੇ ਮੇਰੇ ਗੱਲ ਵਿਚ ਪਾਈ ਸਲੀਬ ਵੱਲ ਇਸ਼ਾਰਾ ਕਰਦਿਆਂ ਕਿਹਾ- ''ਬਾਊ ਜੀ ਮੇਰੀ ਜ਼ਮਾਨਤ ਨਹੀਂ ਹੁੰਦੀ। ਇਹ ਤਵੀਤ ਪਹਿਨ ਕੇ ਜੇਕਰ ਮੈਂ ਅਦਾਲਤ ਵਿਚ ਜਾਵਾਂਗਾ ਤਾਂ ਮੇਰੀ ਜਮਾਨਤ ਹੋ ਜਾਵੇਗੀ। ਜਦੋਂ ਮੈਂ ਆਪਣੇ ਗਲ ਵਿਚੋਂ ਸਲੀਬ ਲਾਹੁਣ ਲੱਗਾ ਤਾਂ ਨੰਬਰਦਾਰ ਨੇ ਗੁੱਸੇ ਵਿਚ ਕਿਹਾ- ਬਾਊ ਜੀ, ਕੀ ਕਰਦੇ ਓ, ਤੁਸੀਂ, ਇੱਥੇ ਤਾਂ ਸਾਰੇ ਚੋਰ ਉਚੱਕੇ ਠੱਗ ਹੀ ਹਨ। ਇਸਨੇ ਸੋਨੇ ਦੀ ਗਾਨੀ ਤੁਹਾਨੂੰ ਮੋੜਨ ਆਉਣਾ? ਪਰ ਉਸਦੇ ਰੋਕਦਿਆਂ ਰੋਕਦਿਆਂ ਹੀ ਮੈਂ ਸਲੀਬ ਗਲ੍ਹ ਵਿਚੋਂ ਲਾਹ ਕੇ ਉਸ ਨੂੰ ਦੇ ਦਿੱਤੀ। ਉਹੀ ਗੱਲ ਹੋਈ। ਉਹ ਮੁੰਡਾ ਮੁੜ ਕੇ ਨਾ ਆਇਆ। ਕਿਸੇ ਕੈਦੀ ਨੇ ਮੈਨੂੰ ਦੱਸਿਆ ਕਿ ਉਸਦੀ ਜ਼ਮਾਨਤ ਹੋ ਗਈ ਹੈ। ਮੈਨੂੰ ਉਸਦੀ ਜ਼ਮਾਨਤ ਦੀ ਬਹੁਤ ਖੁਸ਼ੀ ਹੋਈ ਪਰ ਸੋਨੇ ਦੀ ਸਲੀਬ ਜਾਣ ਦਾ ਮੈਨੂੰ ਦੁੱਖ ਵੀ ਹੋਇਆ ਕਿਉਂਕਿ ਉਹ ਮੇਰੀ ਭੈਣ ਨੇ ਆਪਣੇ ਵਿਆਹ ਤੇ ਗਿਫਟ ਕੀਤੀ ਸੀ ਪਰ ਅਗਲੇ ਦਿਨ ਉਹ ਮੁੰਡਾ ਆਇਆ ਤੇ ਸਲੀਬ ਮੋੜ ਗਿਆ। ਨਾਲ ਧੰਨਵਾਦ ਕਰ ਗਿਆ। ਉਸ ਨੇ ਕਿਹਾ, ਪਹਿਲੀ ਆਵਾਜ਼ ਤੇ ਹੀ ਜੱਜ ਨੇ ਜ਼ਮਾਨਤ ਮਨਜ਼ੂਰ ਕਰ ਲਈ।

ਲੱਗਭੱਗ ਸੌ ਕੈਦੀਆਂ ਨੇ ਆਪਣੇ ਦੁਖੜੇ ਮੈਨੂੰ ਲਿਖਵਾਏ ਸਨ। ਇਹਨਾਂ ਵਿਚੋਂ ਕੁਝ ਬਾਰੇ ਅਕਾਲੀ ਪੱਤ੍ਰਕਾ ਅਖਬਾਰ ਵਿਚ ਟਿੱਪਣੀਆਂ ਕੀਤੀਆਂ ਜਾ ਸਕਦੀਆਂ ਸਨ, ਕੁਝ ਬਾਰੇ ਨਹੀਂ। ਪਰ ਜੇਲ੍ਹ ਤੋਂ ਬਾਰ ਆ ਕੇ ਬਹੁਤ ਸਾਰੇ ਕੈਦੀਆਂ ਬਾਰੇ ਮੈਂ ਅਕਾਲੀ ਪੱਤ੍ਰਕਾ ਵਿਚ ਲਿਖਿਆ। ਪਰ ਮੈਂ ਦੋ ਬਾਰੇ ਕਈ ਵਾਰ ਲਿਖਦਾ ਲਿਖਦਾ ਰਹਿ ਗਿਆ। ਇਹਨਾਂ ਦੋ ਬਾਰੇ ਹੁਣ ਲਿਖ ਰਿਹਾ ਹਾਂ। ਇਕ 17-18 ਸਾਲ ਦੇ ਹਿੰਦੂ ਮੁੰਡੇ ਨੇ ਦੱਸਿਆ। ਉਸਦਾ ਪਿਤਾ ਟੈਕਸਟੇਸ਼ਨ ਵਿਭਾਗ ਵਿਚ ਅਫਸਰ ਸੀ ਪਰ ਇਮਾਨਦਾਰ ਅਫਸਰ ਹੋਣ ਕਾਰਨ ਉਸ ਨੇ ਕਦੀ ਕਿਸੇ ਤੋਂ ਰਿਸ਼ਵਤ ਨਹੀਂ ਲਈ।

ਅਸੀਂ ਉਹਨਾਂ ਦੇ ਰਿਟਾਇਰ ਹੋਣ ਤੱਕ ਕਿਰਾਏ ਦੇ ਮਕਾਨਾਂ ਵਿਚ ਰਹਿੰਦੇ ਰਹੇ। ਉਹਨਾਂ ਦੇ ਰਿਟਾਇਰ ਹੋਣ ਤੇ ਜੋ ਪੈਸਾ ਮਿਲਿਆ ਉਸ ਨਾਲ ਅਸੀਂ ਬੜੇ ਚਾਵਾਂ ਨਾਂਲ ਇਕ 7 ਮਰਲੇ ਦਾ ਪਲਾਟ ਲਿਆ ਪਰ ਕੁਝ ਗੁੰਡਿਆਂ ਨੇ ਧੱਕੇ ਨਾਲ ਉਸ ਉਤੇ ਕਬਜ਼ਾ ਕਰ ਲਿਆ। ਅਸੀਂ ਕਬਜਾ ਛੁਡਾਉਣ ਗਏ ਤਾਂ ਮੈਂ ਇਕ ਬੰਦੇ ਦੇ ਸਿਰ ਵਿਚ ਲਾਠੀ ਮਾਰ ਦਿੱਤੀ, ਜਿਸ ਕਰਕੇ ਉਹ ਫੁੜਕ ਕੇ ਡਿੱਗ ਪਿਆ ਅਤੇ 2-3 ਦਿਨ ਵਿਚ ਮਰ ਗਿਆ। ਹੁਣ ਸਾਰੇ ਕਸੂਰ ਮੇਰਾ ਹੀ ਸਮਝ ਰਹੇ ਹਨ। ਉਹਨਾਂ ਦਾ ਕੋਈ ਕਸੂਰ ਨਹੀਂ ਸਮਝ ਰਿਹਾ। ਮੈਨੂੰ 7 ਸਾਲ ਦੀ ਕੈਦ ਹੋ ਗਈ ਹੈ।

ਇਕ ਹੋਰ ਨੇ ਦੱਸਿਆ, ਸਾਡੇ ਗੁਆਂਢ ਦਾ ਇਕ ਮੁੰਡਾ ਮੇਰੀ ਭੈਣ ਨੂੰ ਸਕੂਲ ਜਾਂਦੇ ਸਮੇਂ ਛੇੜਦਾ ਸੀ। ਮੇਰੇ ਮਾਤਾ ਪਿਤਾ ਨੇ ਸਾਨੂੰ ਬੱਚਿਆਂ ਨੂੰ ਨਹੀਂ ਦੱਸਿਆ, ਉਸ ਮੁੰਡੇ ਦੇ ਮਾਪਿਆਂ ਨੂੰ ਆਖਦੇ ਰਹੇ ਕਿ ਉਹ ਆਪਣੇ ਮੁੰਡੇ ਨੂੰ ਸਮਝਾਉਣ ਪਰ ਉਹ ਨਾ ਟਲਿਆ। ਮੈਂ ਇਕ ਦਿਨ ਉਸ ਨੂੰ ਰਾਹ ਵਿਚ ਘੇਰਿਆ ਤਾਂ ਉਸਨੇ ਮੇਰੀ ਬਾਂਹ ਤੇ ਚਾਕੂ ਮਾਰਿਆ। ਉਸਦਾ ਉਹ ਚਾਕੂ ਖੋਹ ਕੇ ਮੈਂ ਉਸਦੇ ਪੇਟ ਵਿਚ ਘੋਪ ਦਿੱਤਾ, ਉਹ ਥਾਂ ਤੇ ਹੀ ਮਰ ਗਿਆ। ਹੁਣ ਮੈਂ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹਾਂ। ਮੇਰੀ ਜ਼ਿੰਦਗੀ ਦਾਗੀ ਹੋ ਗਈ ਪਰ ਉਸਦਾ ਕੋਈ ਕਸੂਰ ਨਹੀਂ ਸਮਝਦਾ।

ਜੇਲ੍ਹ ਵਿਚ ਮੈਂ ਇਸ ਤਰ੍ਹਾਂ ਦੇ 20-25 ਕੇਸ ਵੇਖੇ। ਮੈਂ ਸਮਝਦਾ ਹਾਂ ਕਿ ਇਹ ਪਵਿੱਤਰ ਪਾਪੀ ਹਨ ਜਿਹਨਾਂ ਨੂੰ ਸਾਡਾ ਸਮਾਜ ਬਹੁਤ ਖਤਰਨਾਕ ਅਪਰਾਧੀ ਮੰਨ ਰਿਹਾ ਹੈ। ਜਦਕਿ ਉਹਨਾਂ ਉਤੇ ਅਪਰਾਧ ਜ਼ਬਰਦਸਤੀ ਲੱਦ ਦਿੱਤਾ ਗਿਆ।

# ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਵਾਸਤੇ ਬਿਕਰਮੀ ਕੈਲੰਡਰ ਛਾਪਣ ਦੀ ਸੰਭਾਵਨਾ

**ਅੰਮ੍ਰਿਤਸਰ-** ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 547 ਦਾ ਕੈਲੰਡਰ ਇਸ ਵਾਰ ਬਿਕਰਮੀ ਕੈਲੰਡਰ ਦੇ ਰੂਪ ਵਿੱਚ ਛਾਪੇ ਜਾਣ ਦੀ ਸੰਭਾਵਨਾ ਹੈ ਪਰ ਇਸ ਦੀ ਦਿੱਖ ਨਾਨਕਸ਼ਾਹੀ ਕੈਲੰਡਰ ਵਾਂਗ ਹੋਵੇਗੀ। ਕੈਲੰਡਰ ਛਾਪਣ ਬਾਰੇ ਬਣੀ ਦੁਚਿੱਤੀ ਨੂੰ ਖ਼ਤਮ ਕਰਨ ਲਈ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ।

ਦੱਸਣਯੋਗ ਹੈ ਕਿ 9 ਮਾਰਚ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਨਾਨਕਸ਼ਾਹੀ ਕੈਲੰਡਰ ਵਿਵਾਦ ਹੱਲ ਕਰਨ ਲਈ 18 ਮੈਂਬਰੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ, ਜੋ ਆਪਣੀ ਰਿਪੋਰਟ ਇਸ ਵਰ੍ਹੇ ਦੇ ਅੰਤ ਤੱਕ ਦੇਵੇਗੀ। ਇਸ ਦੌਰਾਨ ਨਵੇਂ ਵਰ੍ਹੇ ਦਾ ਕੈਲੰਡਰ ਨਾਨਕਸ਼ਾਹੀ ਸੰਮਤ 547 ਗੁਰਬਾਣੀ ਤੇ ਇਤਿਹਾਸਕ ਸਰੋਤਾਂ ਮੁਤਾਬਕ ਛਾਪਣ ਦਾ ਆਦੇਸ਼ ਦਿੱਤਾ ਗਿਆ ਸੀ। ਆਦੇਸ਼ ਵਿੱਚ ਕੈਲੰਡਰ ਬਾਰੇ ਸਪੱਸ਼ਟ ਨਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਦੁਚਿੱਤੀ ਵਿੱਚ ਸੀ ਕਿ ਕਿਹੜਾ ਕੈਲੰਡਰ ਛਾਪਿਆ ਜਾਵੇ। ਕੀ ਇਹ 2003 ਵਾਲਾ ਨਾਨਕਸ਼ਾਹੀ ਕੈਲੰਡਰ ਹੋਵੇ ਜਾਂ 2010 ਵਾਲਾ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਾਂ ਫਿਰ ਬਿਕਰਮੀ ਕੈਲੰਡਰ। ਇਸ ਮਾਮਲੇ ਨੂੰ ਸਪੱਸ਼ਟ ਕਰਨ ਲਈ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਧਿਕਾਰੀਆਂ ਨੇ ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ।

ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਅਕਾਲ ਤਖ਼ਤ ਤੋਂ ਮਿਲੇ ਹੁਕਮਾਂ ਦੀ ਪਾਲਣਾ ਕਰਦਿਆਂ ਨਾਨਕਸ਼ਾਹੀ ਸੰਮਤ 547 ਦਾ ਕੈਲੰਡਰ ਗੁਰਬਾਣੀ ਤੇ ਇਤਿਹਾਸਕ ਸਰੋਤਾਂ ਮੁਤਾਬਕ ਤਿਆਰ ਕੀਤਾ ਜਾਵੇਗਾ ਪਰ ਉਨ੍ਹਾਂ ਸਪੱਸ਼ਟ ਨਹੀਂ ਕੀਤਾ ਕਿ ਇਹ ਕਿਹੜਾ ਕੈਲੰਡਰ ਹੋਵੇਗਾ। ਜ਼ਿਕਰਯੋਗ ਹੈ ਕਿ ਨਾਨਕਸ਼ਾਹੀ ਸੰਮਤ 547 ਇਕ ਚੇਤ ਭਾਵ 14 ਮਾਰਚ ਤੋਂ ਸ਼ੁਰੂ ਹੋ ਰਿਹਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਹੁਣ ਨਵੇਂ ਵਰ੍ਹੇ ਦਾ ਕੈਲੰਡਰ ਕਾਹਲੀ ਨਾਲ ਛਾਪਣ ਦਾ ਯਤਨ ਕੀਤਾ ਜਾਵੇਗਾ। ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਕੇਂਦਰ ਸਰਕਾਰ ਵੱਲੋਂ ਕੀਤੇ ਯਤਨਾਂ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਇਹ ਦਰਜਾ ਮਿਲਣ ਦੇ ਵਿਰੋਧੀ ਨਹੀਂ ਹਨ ਪਰ ਇਹ ਦਰਜਾ ਮਿਲਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਦਖ਼ਲਅੰਦਾਜ਼ੀ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਵਿਦੇਸ਼ਾਂ ਵਿੱਚ ਸਿੱਖਾਂ ’ਤੇ ਨਸਲੀ ਹਮਲਿਆਂ ਬਾਰੇ ਉਨ੍ਹਾਂ ਆਖਿਆ ਕਿ ਇਸ ਬਾਰੇ ਸਬੰਧਤ ਦੇਸ਼ਾਂ ਦੇ ਸਫ਼ੀਰਾਂ ਅਤੇ ਭਾਰਤ ਸਰਕਾਰ ਨੂੰ ਕਈ ਵਾਰ ਜਾਣੂੰ ਕਰਾਇਆ ਹੈ। ਇਸ ਸਬੰਧ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵੀ ਪੱਤਰ ਭੇਜ ਕੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਗੁਰੂਸਰ ਸਤਲਾਨੀ ਵਿੱਚ 35 ਏਕੜ ਰਕਬੇ ਵਿੱਚ ਕੁਦਰਤੀ ਖੇਤੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤੋਂ ਪੈਦਾ ਹੋਣ ਵਾਲੀ ਫਸਲ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਲਈ ਵਰਤੀ ਜਾਵੇਗੀ। ਕੁਦਰਤੀ ਖੇਤੀ ਦੇ ਅਜਿਹੇ ਪ੍ਰਬੰਧ ਹੋਰ ਥਾਵਾਂ ’ਤੇ ਵੀ ਕੀਤੇ ਜਾਣਗੇ।

ਮਿਲੇ ਵੇਰਵਿਆਂ ਅਨੁਸਾਰ ਇਸ ਮੁਲਾਕਾਤ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਦਾ ਕੈਲੰਡਰ ਬਿਕਰਮੀ ਕੈਲੰਡਰ ਦੇ ਰੂਪ ਵਿੱਚ ਛਾਪੇ ਜਾਣ ਦੀ ਸੰਭਾਵਨਾ ਹੈ। ਇਹ ਕੈਲੰਡਰ ਨਾਨਕਸ਼ਾਹੀ ਕੈਲੰਡਰ ਦੀ ਦਿੱਖ ਵਰਗਾ ਹੋਵੇਗਾ, ਜਿਸ ਉਪਰ ਨਾਨਕਸ਼ਾਹੀ ਸੰਮਤ 547 ਹੀ ਲਿਖਿਆ ਹੋਵੇਗਾ ਪਰ ਇਸ ਵਿੱਚ ਦਿਨ ਤੇ ਤਿਉਹਾਰ ਬਿਕਰਮੀ ਕੈਲੰਡਰ ਅਨੁਸਾਰ ਹੋਣਗੇ। ਇਹ ਸਾਰਾ ਕੈਲੰਡਰ ਗੁਰਮੁਖੀ ਵਿੱਚ ਹੋਵੇਗਾ ਅਤੇ ਇਸ ਵਿੱਚ ਰੋਮਨ ਅੰਕਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ, ਜਿਸ ਤੋਂ ਇਹ ਪ੍ਰਭਾਵ ਜਾਵੇਗਾ ਕਿ ਇਹ ਕੈਲੰਡਰ ਨਾਨਕਸ਼ਾਹੀ ਹੈ।

ਜੇ ਅਜਿਹਾ ਹੁੰਦਾ ਹੈ ਤਾਂ ਸਪੱਸ਼ਟ ਹੈ ਕਿ 13 ਮਾਰਚ ਨੂੰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦਾ ਭੋਗ ਪੈ ਜਾਵੇਗਾ। ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਨਵਰੀ 2010 ਵਿੱਚ ਜਾਰੀ ਕੀਤਾ ਗਿਆ ਸੀ, ਜਦੋਂ ਕਿ ਮੂਲ ਨਾਨਕਸ਼ਾਹੀ ਕੈਲੰਡਰ ਅਪਰੈਲ 2004 ਵਿੱਚ ਜਾਰੀ ਹੋਇਆ ਸੀ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਦੀ ਆਮਦ ਨੂੰ ਜੀ ਆਇਆਂ ਕਹਿਣ ਲਈ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ 13 ਮਾਰਚ ਦੀ ਰਾਤ ਨੂੰ ਗੁਰਮਤਿ ਸਮਾਗਮ ਕਰਾਇਆ ਜਾਵੇਗਾ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਰਾਤ 7 ਤੋਂ ਦੇਰ ਰਾਤ 12 ਵਜੇ ਤੱਕ ਜਾਰੀ ਰਹੇਗਾ ਅਤੇ ਨਵੇਂ ਵਰ੍ਹੇ ਦੀ ਆਮਦ ਨੂੰ ਜੀ ਆਇਆਂ ਕਹਿੰਦੇ ਹੋਏ ਸਮਾਪਤ ਹੋਵੇਗਾ।






# ਵਰਲਡ ਕੱਪ ਵਿਚ ਹੁਣ ਤੱਕ ਫਲਾਪ ਰਹੇ ਇਹ ਅਹਿਮ ਖਿਡਾਰੀ

ਵਰਲਡ ਕੱਪ 2015 ਵਿਚ ਹੁਣ ਤੱਕ ਕਈ ਖਿਡਾਰੀਆਂ ਨੇ ਰਿਕਾਰਡ ਬਣਾਇਆ। ਵਿਰਾਟ ਕੋਹਲੀ, ਕ੍ਰਿਸ ਗੇਲ, ਬ੍ਰੈਂਡਨ ਮੈਕਕੁਲਮ, ਏਬੀ ਡਿਵੀਲ-ਇਅਰਸ, ਮੁਹੰਮਦ ਸ਼ਮੀ, ਸਾਊਦੀ ਵਰਗੇ ਖਿਡਾਰੀਆਂ ਨੇ ਆਪਣੇ ਨਾਂ ਦੇ ਮੁਤਾਬਕ ਪ੍ਰਦਰਸ਼ਨ ਵੀ ਕੀਤਾ। ਇਸੇ ਵਿਚਕਾਰ ਕਈ ਖਿਡਾਰੀ ਅਜਿਹੇ ਵੀ ਰਹੇ, ਜਿਹਨਾਂ ਦੀ ਟੂਰਨਾਮੈਂਟ ਆਰੰਭ ਹੋਣ ਤੋਂ ਪਹਿਲਾਂ ਕਾਫੀ ਚਰਚਾ ਸੀ, ਪਰ ਹੁਣ ਤੱਕ ਉਹ ਕੋਈ ਖਾਸ ਪ੍ਰਦਰਸ਼ਨ ਨਹੀਂ ਕਰ ਸਕੇ।




### 1. ਰੋਹਿਤ ਸ਼ਰਮਾ (ਭਾਰਤ)

ਵਨ ਡੇ ਵਿਚ ਡਬਲ ਸੈਂਕੜਾ ਲਗਾਉਣ ਵਾਲੇ ਇਕੱਲੇ ਬੱਲੇਬਾਜ਼। ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਅਫਗਾਨਿ-ਸਤਾਨ ਦੇ ਖਿਲਾਫ 150 ਰਨ ਬਣਾਏ।ਉਥੇ ਹੀ ਜੇਕਰ ਵਰਲਡ ਦੇ 4 ਮੈਚਾਂ ਨੂੰ ਦੇਖੀਏ ਤਾਂ ਰੋਹਿਤ ਸ਼ਰਮਾ ਦਾ ਪ੍ਰਦਰਸ਼ਨ ਵਧੀਆ ਨਹੀਂ ਰਿਹਾ ਹੈ। ਪਾਕਿਸਤਾਨ ਅਤੇ ਸਾਊਥ ਅਫਰੀਕਾ ਵਰਗੀਆਂ ਵੱਡੀਆਂ ਟੀਮਾਂ ਦੇ ਖਿਲਾਫ ਫਲਾਪ ਹੋਣ ਤੋਂ ਬਾਅਦ ਉਹਨਾਂ ਨੇ ਯੂ. ਏ. ਈ. ਦੇ ਖਿਲਾਫ 57 ਰਨ ਬਣਾਏ। ਲੱਗਿਆ ਕਿ ਹਾਫ ਸੈਂਚਰੀ ਨਾਲ ਰੋਹਿਤ ਫਾਰਮ ਵਿਚ ਮੁੜ ਆਏ ਹਨ ਪਰ ਵੈਸਟ ਇੰਡੀਜ਼ ਦੇ ਖਿਲਾਫ ਇਕ ਵਾਰ ਫਿਰ ਵੱਡੇ ਮੈਚ ਵਿਚ ਰੋਹਿਤ ਫੇਲ੍ਹ ਰਹੇ। ਇਸ ਮੈਚ ਵਿਚ ਉਹਨਾਂ ਨੇ ਸਿਰਫ 7 ਰਨ ਬਣਾਏ।ਸ਼ੁਰੂਆਤੀ ਮੈਚਾਂ ਵਿਚ ਰੋਹਿਤ ਸ਼ਰਮਾ ਪਾਕਿਸਤਾਨ ਦੇ ਖਿਲਾਫ ਸਿਰਫ 14, ਸਾਊਥ ਅਫਰੀਕਾ ਦੇ ਖਿਲਾਫ ਕੋਈ ਰਨ ਨਹੀਂ, ਯੂ. ਏ. ਈ. ਦੇ ਖਿਲਾਫ 57 ਅਤੇ ਵੈਸਟ ਇੰਡੀਜ਼ ਦੇ ਖਿਲਾਫ 7 ਰਨ ਹੀ ਬਣਾ ਸਕੇ ਹਨ। ਹੁਣ ਤੱਕ ਹੋਏ ਕਰੀਬ 30 ਮੈਚਾਂ ਵਿਚ ਕਈ ਖਿਡਾਰੀਆਂ ਦੀ ਭੂਮਿਕਾ ਨਾਂ ਵੱਡੇ ਅਤੇ ਦਰਸ਼ਨ ਛੋਟੇ ਵਰਗੀ ਰਹੀ। ਇਹਨਾਂ ਖਿਡਾਰੀਆਂ ਨੂੰ ਲੈ ਕੇ ਬਣੀ ਹੈ ਇਹ ਨਵੀਂ 'ਫਲਾਪ ਇਲੈਵਨ' ਟੀਮ।



### 2. ਇਵਾਨ ਸਮਿੱਥ (ਵੈਸਟ ਇੰਡੀਜ਼

ਕ੍ਰਿਸ ਗੇਲ ਦੇ ਨਾਲ ਵੈਸਟ ਇੰਡੀਜ਼ ਦੇ ਲਈ ਓਪਨਿੰਗ ਕਰ ਰਹੇ ਸਮਿੱਥ ਨੇ ਇਸ ਟੂਰਨਾਮੈਂਟ ਵਿਚ ਹੁਣ ਤੱਕ ਕੋਈ ਕਮਾਲ ਨਹੀਂ ਕੀਤਾ ਹੈ। ਉਹਨਾਂ ਦਾ ਸਭ ਤੋਂ ਜ਼ਿਆਦਾ ਸਕੋਰ 31 ਰਨ, ਸਾਊਥ ਅਫਰੀਕਾ ਦੇ ਖਿਲਾਫ ਹੈ। ਉਥੇ ਹੀ ਪਾਰਟ ਟਾਈਮ ਬਾਲਰ ਦੀ ਭੂਮਿਕਾ ਵਿਚ ਵੀ ਉਹ ਫਲਾਪ ਰਹੇ ਹਨ। ਭਾਰਤ ਦੇ ਖਿਲਾਫ ਬਾਲਿੰਗ ਕਰਦੇ ਹੋਏ ਉਹਨਾਂ ਨੇ 5 ਓਵਰਾਂ ਵਿਚ 22 ਰਨ ਦੇ ਕੇ 1 ਵਿਕਟ ਲਈ। ਉਹਨਾਂ ਨੇ ਸ਼ੁਰੂਆਤੀ ਮੈਚਾਂ ਵਿਚ ਆਇਰਲੈਂਡ ਦੇ ਖਿਲਾਫ 18, ਪਾਕਿਸਤਾਨ ਦੇ ਖਿਲਾਫ 23, ਜ਼ਿੰਮਬਾਵੇ ਦੇ ਖਿਲਾਫ 0 ਅਤੇ ਸਾਊਥ ਅਫਰੀਕਾ ਦੇ ਖਿਲਾਫ 31 ਰਨ ਹੀ ਜੋੜੇ ਹਨ।



### 3. ਕਵਿੰਟਨ ਡੀ ਕਾਕ, ਸਾਊਥ ਅਫਰੀਕਾ

ਇਸ ਸਾਊਥ ਅਫਰੀਕੀ ਓਪਨਰ ਨੇ ਹੁਣ ਤੱਕ 5 ਇਨੀਗਜ਼ ਵਿਚ ਕੇਵਲ 27 ਰਨ ਬਣਾਏ ਹਨ। ਅਫਰੀਕਾ ਦੇ ਲਈ ਹਾਸ਼ਿਮ ਅਮਲਾ, ਡਿਵੀਲੀਅਰਸ, ਪਲੇਸਿਸ, ਮਿਲਰ, ਡਿਊਮਿਨੀ ਵਰਗੇ ਖਿਡਾਰੀ ਵੱਡੀਆਂ ਪਾਰੀਆਂ ਖੇਡ ਚੁੱਕੇ ਹਨ ਪਰ ਉਹਨਾਂ ਦੇ ਇਕ ਓਪਨਰ ਦਾ ਫਾਰਮ ਤੋਂ ਬਾਹਰ ਹੋਣਾ ਟੀਮ ਦੇ ਲਈ ਚਿੰਤਾ ਦੀ ਗੱਲ ਹੈ। ਉਥੇ ਹੀ ਵਰਲਡ ਕੱਪ ਤੋਂ ਪਹਿਲਾਂ ਵੈਸਟ ਇੰਡੀਜ਼ ਦੇ ਖਿਲਾਫ ਸੀਰੀਜ਼ ਵਿਚ ਅਮਲਾਦੇ ਨਾਲ ਓਪਨਿੰਗ ਕਰ ਚੁੱਕੇ ਰੂਸੋ ਜਬਰਦਸਤ ਫਾਰਮ ਦਿਖਾ ਚੁੱਕੇ ਹਨ। ਇਸ ਨਾਂਲ ਕਾਕ ਦਾ ਟੀਮ ਵਿਚ ਬਣੇ ਰਹਿਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਉਹਨਾਂ ਨੇ ਸ਼ੁਰੂਆਤੀ ਚਾਰ ਮੈਚਾਂ ਵਿਚ ਜ਼ਿੰਮਬਾਵੇ ਦੇ ਖਿਲਾਫ 7, ਭਾਰਤ ਦੇ ਖਿਲਾਫ 1, ਵੈਸਟ ਇੰਡੀਜ਼ ਦੇ ਖਿਲਾਫ 12 ਅਤੇ ਆਇਰਲੈਂਡ ਦੇ ਖਿਲਾਫ ਸਿਰਫ 1 ਰਨ ਜੋੜਿਆ ਹੈ।




### 4. ਇਓਨ ਮੋਰਗਨ, (ਇੰਗਲੈਂਡ)

ਵਰਲਡ ਕੱਪ 2015 ਵਿਚ ਵੱਡੀਆਂ ਟੀਮਾਂ ਵਿਚ ਸਭ ਤੋਂ ਖਰਾਬ ਪ੍ਰਦਰਸ਼ਨ ਹੁਣ ਤੱਕ ਇੰਗਲੈਂਡ ਦਾ ਹੀ ਰਿਹਾ ਹੈ। ਬੈ-ਟਿੰਗ ਅਤੇ ਬਾਲਿੰਗ ਵਿਚ ਫੇਲ ਰਹੀ ਇਸ ਟੀਮ ਦੇ ਕੈਪਟਨ ਮੋਰਗਨ ਕਪਤਾਨ. ਵਿਚ ਵੀ ਖਾਸ ਕਮਾਲ ਨਹੀਂ ਦਿਖਾ ਸਕੇ ਹਨ। ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੇ ਖਿਲਾਫ ਤਾਂ ਇੰਗ-ਲੈਂਡ ਦਾ ਇਕ ਪਾਸੜ ਹਾਰ ਹੋਈ। ਬਾਕੀ ਖਿਡਾਰੀਆਂ ਨੂੰ ਛੱਡ ਦਿਓ ਤਾਂ ਖੁਦ ਕੈਪਟਨ ਨੇ ਹੀ ਹੁਣ ਤੱਕ ਕੋਈ ਵੱਡੀ ਪਾਰੀ ਨਹੀਂ ਖੇਡੀ ਹੈ। ਇਯੋਨ ਮੋਰਗਨ ਨੇ ਸ਼ੁਰੂਆਤੀ ਚਾਰ ਮੈਚਾਂ ਵਿਚ ਆਸਟ੍ਰੇਲੀਆ ਦੇ ਖਿਲਾਫ 0, ਨਿਊਜ਼ੀਲੈਂਡ ਦੇ ਖਿਲਾਫ 17, ਸਕਾਟਲੈਂਡ ਦੇ ਖਿਲਾਫ 46 ਅਤੇ ਸ਼੍ਰੀਲੰਕਾ ਦੇ ਖਿਲਾਫ 27 ਰਨ ਹੀ ਜੋੜੇ ਹਨ।



### 5. ਰੋਸ ਟੇਲਰ, ਨਿਊਜ਼ੀਲੈਂਡ

ਨਿਊਜ਼ੀਲੈਂਡ ਦੇ ਸੀਨੀਅਰ ਪਲੇਅਰ ਰੋਸ ਟੇਲਰ ਨੇ ਹੁਣ ਤੱਕ ਕੋਈ ਵੱਡੀ ਪਾਰੀ ਨਹੀਂ ਖੇਡੀ ਹੈ। ਬੈਟਿੰਗ ਦੀ ਜ਼ਿੰ-ਮੇਵਾਰੀ ਬ੍ਰੈਂਡਨ ਮੈਕੁਲਮ ਅਤੇ ਕੇਨ ਵਿਲੀਅਮਸਨ ਤੇ ਹੀ ਨਜ਼ਰ ਆ ਰਹੀ ਹੈ। ਹੁਣ ਤੱਕ ਉਹਨਾਂ ਨੇ 14, 9,5 ਅਤੇ 1 ਰਨ ਹੀ ਬਣਾਇਆ ਹੈ, ਜੋ ਨਿਸਚਿਤ ਹੀ ਉਹਨਾਂ ਦੇ ਨਾਂ ਦੇ ਮੁਤਾਬਕ ਤਾਂ ਬਿਲਕੁਲ ਹੀ ਨੀਵਾਂ ਗਰਾਫ ਹੈ।



### 6. ਸ਼ੇਨ ਵਾਟਸਨ, ਆਸਟ੍ਰੇਲੀਆ

ਆਸਟ੍ਰੇਲੀਆ ਦੇ ਤਜਰਬੇਕਾਰ ਖਿਡਾਰੀ ਵਾਟਸਨ ਹੁਣ ਤੱਕ ਇਕੱਲੇ ਅਜਿਹੇ ਖਿਡਾਰੀ ਹਨ, ਜਿਹਨਾਂ ਨੇ ਟੂਰਨਾਮੈਂਟ ਵਿਚਕਾਰ ਹੀ ਟੀਮ ਤੋਂ ਡ੍ਰਾਪ ਕਰ ਦਿੱਤਾ ਹੈ। ਬੈਟ ਅਤੇ ਬਾਲ ਨਾਲ ਚੰਗਾ ਪ੍ਰਦਰਸ਼ਨ ਕਰਨ ਦੇ ਲਈ ਉਹ ਹੁਣ ਤੱਕ ਸੰਘਰਸ਼ ਕਰ ਰਹੇ ਹਨ। ਇਸੇ ਕਾਰਨ ਉਹਨਾਂ ਨੂੰ ਅਫਗਾਨਿਸਤਾਨ ਦੇ ਖਿਲਾਫ ਹੋਏ ਮੈਚ ਵਿਚ ਹੀ ਬਾਹਰ ਕਰ ਦਿੱਤਾ ਗਿਆ ਸੀ ਅਤੇ ਉਹਨਾਂ ਦੀ ਥਾਂ ਫਾਲਕਨਰ ਟੀਮ ਵਿਚ ਸ਼ਾਮਲ ਕੀਤੇ ਗਏ ਸਨ। ਉਹਨਾਂ ਨੇ ਇੰਗਲੈਂਡ ਦੇ ਖਿਲਾਫ 0 ਅਤੇ ਨਿਊਜ਼ੀਲੈਂਡ ਦੇ ਖਿਲਾਫ 23 ਰਨ ਜੋੜੇ ਸਨ।



### 7. ਯੂਨਸ ਖਾਨ, ਪਾਕਿਸਤਾਨ

ਪਹਿਲਾਂ ਯੂਨਸ ਖਾਨ ਨੇ ਖੁਦ ਨੂੰ ਵਰਲਡ ਕੱਪ 2015 ਦੀ ਟੀਮ ਵਿਚ ਸ਼ਾਮਲ ਨਾ ਕੀਤੇ ਜਾਣ ਤੇ ਪਾਕਿਸਤਾਨੀ ਸਿਲੈਕਟਰਾਂ ਤੇ ਹੀ ਸਵਾਲੀਆ ਨਿਸ਼ਾਨ ਲਗਾਏ ਸਨ। ਉਥੇ ਹੀ ਵਰਲਡ ਕੱਪ ਵਿਚ ਭਾਰਤ ਅਤੇ ਵੈਸਟ ਇੰਡ-ੀਜ਼ਦੇ ਖਿਲਾਫ ਤਜਰਬਾ ਹੋਣ ਦੇ ਬਾਵਜੂਦ ਉਹ ਸੁਪਰ ਫਲਾਪ ਰਹੇ। ਇਸ ਤੋਂ ਬਾਅਦ ਯੂ. ਏ. ਈ. ਦੇ ਖਿਲਾਫ ਮੈਚ ਵਿਚ ਉਹਨਾਂ ਨੂੰ ਟੀਮ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਪਾਕਿਸਤਾਨ ਨੇ ਟੂਰਨਾਮੈਂਟ ਵਿਚ ਆਪਣੀ ਪਹਿਲੀ ਜਿੱਤ ਦਰਜ ਕੀਤੀ। ਹਾਲਾਂਕਿ ਸਾਊਥ ਅਫਰੀਕਾ ਦੇ ਖਿਲਾਫ ਉਹਨਾਂ ਨੂੰ ਟੀਮ ਵਿਚ ਫਿਰ ਜਗ੍ਹਾ ਦਿੱਤੀ ਗਏ. ਪਰ ਉਹ ਵੱਡੀ ਪਾਰੀ ਨਹੀਂ ਖੇਡ ਸਕੇ।

ਉਹਨਾਂ ਨੇ ਸ਼ੁਰੂਆਤੀ ਮੈਚਾਂ ਵਿਚ ਭਾਰਤ ਦੇ ਖਿਲਾਫ 6, ਵੈਸਟ ਇੰਡੀਜ਼ ਦੇ ਖਿਲਾਫ 0 ਅਤੇ ਸਾਊਥ ਅਫਰੀਕਾ ਦੇ ਖਿਲਾਫ 37 ਰਨ ਜੋੜੇ।




### 8. ਸ਼ਾਹਿਦ ਅਫਰੀਦੀ, ਪਾਕਿਸਤਾਨ

ਦੁਨੀਆਂ ਦੇ ਬੈਸਟ ਹਿਟਰਾਂ ਵਿਚੋਂ ਇਕ ਸ਼ਾਹਿਦ ਅਫਰੀਦੀ ਦਾ ਸਟ੍ਰਾਈਕ ਰੇਟ 100 ਤੋਂ ਉਪਰ ਹੈ ਪਰ ਵਰਲਡ ਕੱਪ ਵਿਚ ਅਫਰੀਦੀ ਹੁਣ ਤੱਕ ਨਹੀਂ ਚਮਕੇ। ਉਹਨਾਂ ਤੋਂ ਆਲ ਰਾਊਂਡ ਪ੍ਰਦਰਸ਼ਨ ਦੀ ਉਮੀਦ ਸੀ। ਯੂ. ਏ. ਈ. ਦੇ ਖਿਲਾਫ ਹੀ ਸਿਰਫ ਉਹ 2 ਵਿਕਟਾਂ ਲੈ ਸਕੇ ਸਨ। ਹਾਲਾਂਕਿ ਵਰਲਡ ਕੱਪ ਵਿਚ ਅਫਰੀਦੀ ਭਾਰਤ ਦੇ ਖਿਲਾਫ ਹਮੇਸ਼ਾ ਹੀ ਫਲਾਪ ਰਹੇ ਹਨ ਅਤੇ ਇਸ ਵਾਰ ਵੀ ਉਹਨਾਂ ਦਾ ਪ੍ਰਦਰਸ਼ਨ ਉਹੋ ਜਿਹਾ ਹੀ ਰਿਹਾ ਹੈ।




### 9. ਉਮਰ ਅਕਮਲ, ਵਿਕਟ ਕੀਪਰ, ਪਾਕਿਸਤਾਨ

ਪਾਕਿਸਤਾਨ ਦੀ ਹਾਰ ਵਿਚ ਉਮਰ ਅਕਮਲ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਉਹ ਇਸ ਟੂਰਨਾਮੈਂਟ ਵਿਚ ਇਕ-ਦੋ ਨਹੀਂ, ਬਲਕਿ 5 ਕੈਚ ਛੱਡ ਚੁੱਕੇ ਹਨ। ਭਾਰਤ ਦੇ ਖਿਲਾਫ ਮੈਚ ਵਿਚ ਉਹਨਾਂ ਨੇ ਵਿਰਾਟ ਕੋਹਲੀ ਦਾ ਕੈਚ ਡ੍ਰਾਪ ਕੀਤਾ ਸੀ ਅਤੇ ਇਸ ਮੈਚ ਵਿਚ ਕੋਹਲੀ ਨੇ 107 ਰਨ ਬਣਾਏ ਸਨ। ਇਸ ਤੋਂ ਬਾਅਦ ਜ਼ਿੰਮਬਾਵੇ ਦੇ ਖਿਲਾਫ ਵੀ ਅਕਮਲ ਨੇ 2 ਕੈਚ ਛੱਡੇ ਸਨ। ਹਾਲਾਂਕਿ ਉਹ ਇਕ ਹਾਫ ਸੈਂਚਰੀ ਜ਼ਰੂਰ ਬਣਾ ਚੁੱਕੇ ਹਨ।




### 10. ਸਟੂਅਰਟ ਬ੍ਰਾਡ, ਇੰਗਲੈਂਡ

ਹਾਲ ਹੀ ਵਿਚ ਬ੍ਰਾਡ ਨੇ ਕਿਹਾ ਹੈ ਕਿ ਉਹ ਭਾਰਤ ਦੇ ਖਿਲਾਫ ਟੈਸਟ ਸੀਰੀਜ਼ ਵਿਚ ਵਰੁਣ ਦੇ ਬਾਊਂਸਰ ਤੋਂ ਬੇਹੱਦ ਘਬਰਾਏ ਹੋਏ ਹਨ। ਸ਼ਾਇਦ ਇਸ ਕਰਕੇ ਇਸ ਵਰਲਡ ਕੱਪ ਵਿਚ ਉਹ ਆਪਣਾ ਬੈਸਟ ਨਹੀਂ ਦੇ ਪਾ ਰਹੇ ਹਨ। ਜ਼ਿਆਦਾ ਰਨ ਦੇਣ ਤੋਂ ਬਾਅਦ ਵੀ ਉਹ ਸਿਰਫ ਆਸਟ੍ਰੇਲੀਆ ਦੇ ਖਿਲਾਫ 2 ਵਿਕਟਾਂ ਹੀ ਲੈ ਸਕੇ ਹਨ। ਬ੍ਰਾਡ ਇਕ ਅਜਿਹੇ ਤਜਰਬੇਕਾਰ ਬਾਲਰ ਹਨ, ਜਿਹਨਾਂ ਦੇ ਕੋਲ ਸਵਿੰਗ ਅਤੇ ਗਤੀ ਦੋਵੇਂ ਹਨ, ਪਰ ਆਊਟ ਆਫ ਫਾਰਮ ਹੋਣ ਦੇ ਕਾਰਨ ਉਹ ਸਕਾਟਲੈਂਡ ਵਰਗੀ ਟੀਮ ਦੇ ਖਿਲਾਫ ਵੀ ਲੈਅ ਵਿਚ ਨਹੀਂ ਦਿੱਸੇ।

### 11. ਜੇਸੇਨ ਹੋਲਡਰ, ਵੈਸਟ ਇੰਡੀਜ਼

ਵੈਸਟ ਇੰਡੀਜ਼ ਦੇ ਨੌਜਵਾਨ ਕਪਤਾਨ ਅਤੇ ਮੇਨ ਬਾਲਰ ਜੇਸਨ ਹੋਲਡਰ ਇਸ ਵਰਲਡ ਕੱਪ ਵਿਚ ਸਭ ਤੋਂ ਮਹਿੰਗੇ ਬਾਲਰਾਂ ਵਿਚੋਂ ਇਕ ਹਨ। ਸਾਊਥ ਅਫਰੀਕਾ ਦੇ ਖਿਲਾਫ ਉਹਨਾਂ ਦੇ ਇਕ ਹੀ ਓਵਰ ਵਿਚ 34 ਰਨ ਬਣੇ ਸਨ ਜੋ ਵਰਲਡ ਕੱਪ ਵਿਚ ਕਿਸੇ ਵੀ




ਕੈਪਟਨ ਦਾ ਸਭ ਤੋਂ ਖਰਾਬ ਰਿਕਾਰਡ ਹੈ। ਹਾਲਾਂਕਿ ਇਸ ਮੈਚ ਵਿਚ ਉਹਨਾਂ ਨੇ ਬੱਲੇ ਨਾਲ ਕਮਾਲ ਦਿਖਾਉਂਦੇ ਹੋਏ 56 ਰਨ ਬਣਾਏ ਸਨ ਪਰ ਇਹ ਉਹਨਾਂ ਦਾ ਕੰਮ ਨਹੀਂ ਸੀ। ਬਾਲਿੰਗ ਵਿਚ ਤਾਂ ਹੁਣ ਤੱਕ ਉਹ ਪੂਰੀ ਤਰ੍ਹਾਂ ਫੇਲ੍ਹ ਰਹੇ ਹਨ।

# ਪੰਜਾਬ ਦੀ ਅਰਥਿਕਤਾ ਤਬਾਹੀ ਦੇ ਕੰਢੇ ਤੇ

ਉਜਾਗਰ ਸਿੰਘ



ਪੰਜਾਬ ਜਿਸ ਨੂੰ ਦੇਸ਼ ਦੇ ਖ਼ੁਸ਼ਹਾਲ ਰਾਜਾਂ ਵਿਚੋਂ ਇਕ ਗਿਣਿਆ ਜਾਂਦਾ ਸੀ, ਅੱਜ ਸਰਕਾਰਾਂ ਦੀਆਂ ਲਗਾਤਾਰ ਗ਼ਲਤ ਨੀਤੀਆਂ ਕਰਕੇ ਇਸ ਦੀ ਵਿਕਾਸ ਦਰ ਦੇਸ਼ ਵਿਚੋਂ 8ਵੇਂ ਨੰਬਰ ਤੇ ਆ ਗਈ ਹੈ। 1950 ਤੋਂ 80 ਤੱਕ ਦੇਸ਼ ਦੀ ਪ੍ਰਤੀ ਜੀਅ ਆਮਦਨ 3.5 ਫ਼ੀ ਸਦੀ ਅਤੇ ਪੰਜਾਬ ਦੀ 5ਫ਼ੀ ਸਦੀ ਰਹੀ। ਅਗਲੇ 20 ਸਾਲਾ ਵਿਚ ਵਿਕਾਸ ਦਰ ਭਾਰਤ ਦੀ 7ਫ਼ੀ ਸਦੀ ਅਤੇ ਪੰਜਾਬ ਦੀ 5 ਫ਼ੀਸਦੀ। ਵਿਕਾਸ ਦਰ ਗ਼ਲਤ ਨਹੀਂ ਪ੍ਰੰਤੂ ਸਿਆਸਤਦਾਨ ਅਤੇ ਅਧਿਕਾਰੀ ਇਸ ਦੀ ਗ਼ਲਤ ਵਰਤੋਂ ਕਰ ਰਹੇ ਹਨ। ਇਸ ਸਮੇਂ ਦੌਰਾਨ ਪੰਜਾਬ ਵਿਚ ਬੇਹਤਰੀਨ ਵਿਕਾਸ ਹੋਇਆ, ਹਰਾ ਅਤੇ ਚਿੱਟਾ ਇਨਕਲਾਬ ਵੀ ਆਏ ਪ੍ਰੰਤੂ ਪੰਜਾਬ ਦੇ ਕਿਸਾਨਾ ਦੀ ਆਰਥਕ ਹਾਲਤ ਮਾੜੀ ਹੀ ਹੁੰਦੀ ਗਈ। ਅਨਾਜ ਦੇ ਉਤਪਾਦਨ ਵਿਚ ਪੰਜਾਬ ਨੇ ਦੇਸ ਨੂੰ ਆਤਮ ਨਿਰਭਰ ਬਣਾਇਆ। ਪੰਜਾਬੀਆਂ ਨੂੰ ਮਿਹਨਤੀ, ਦ੍ਰਿੜ੍ਹ ਇਰਾਦੇ ਵਾਲੇ ਅਤੇ ਉਦਮੀ ਗਿਣਿਆਂ ਜਾਂਦਾ ਸੀ ਪ੍ਰੰਤੂ ਪੰਜਾਬ ਦੀਆਂ ਜਿੰਨੀਆਂ ਵੀ ਸਰਕਾਰਾਂ ਆਈਆਂ ਉਨ੍ਹਾਂ ਨੇ ਕਿਸਾਨਾ ਦੇ ਹਿੱਤਾਂ ਦੀ ਰੱਖਿਆ ਤਾਂ ਕੀ ਕਰਨੀ ਸੀ ਸਗੋਂ ਅਣਵੇਖੀ ਹੀ ਕਰਦੀਆਂ ਰਹੀਆਂ। ਜੇਕਰ ਪੰਜਾਬ ਖ਼ੁਸ਼ਹਾਲ ਹੁੰਦਾ ਸੀ ਤਾਂ ਪੰਜਾਬ ਦੇ ਲੋਕਾਂ ਦਾ ਜੀਵਨ ਸਥਿਰ ਵੀ ਉਚਾ ਹੁੰਦਾ ਸੀ ਪ੍ਰੰਤੂ ਜਦੋਂ ਸਰਕਾਰਾਂ ਸਿਰਫ ਰਾਜ ਕਰਨ ਨੂੰ ਹੀ ਤਰਜੀਹ ਦੇਣਗੀਆਂ ਤਾਂ ਲੋਕਾਂ ਦੀ ਅਣਵੇਖੀ ਹੋਣੀ ਕੁਦਰਤੀ ਹੈ। 1982 ਤੱਕ ਪੰਜਾਬ ਦੀ ਆਰਥਕ ਹਾਲਤ ਚੰਗੀ ਰਹੀ ਕਿਉਂਕਿ ਆਮਦਨ ਖ਼ਰਚੇ ਨਾਲੋਂ ਜ਼ਿਆਦਾ ਹੁੰਦੀ ਸੀ,82 ਵਿਚ ਪੰਜਾਬ ਦੇਸ਼ ਵਿਚੋਂ ਮਾਲੀਆ ਇਕੱਠਾ ਕਰਨ ਵਾਲਾ ਪਹਿਲੇ ਨੰਬਰ ਦਾ ਸੂਬਾ ਸੀ। ਰਾਜ ਕਰਨ ਵਾਲਿਆਂ ਨੇ ਅਜ ਰਾਜ ਕਰਨ ਦੇ ਨਸ਼ੇ ਵਿਚ ਪੰਜਾਬ ਮੰਗਤਾ ਬਣਾ ਦਿੱਤਾ ਹੈ, ਉਹ ਹਰ ਤੀਜੇ ਦਿਨ ਠੂਠਾ ਲੈ ਕੇ ਕੇਂਦਰੀ ਨੇਤਾਵਾਂ ਦੀਆਂ ਬਰੂਹਾਂ ਤੇ ਖੜ੍ਹੇ ਰਹਿੰਦੇ ਹਨ। ਮੰਗਤੇ ਬਣਦਿਆਂ ਉਨ੍ਹਾਂ ਨੂੰ ਸ਼ਰਮ ਹੀ ਨਹੀਂ ਆਉਂਦੀ, ਉਹ ਪੰਜਾਬ ਦੀ ਅਣਖ਼ ਨੂੰ ਦਾਅ ਤੇ ਲਾ ਰਹੇ ਹਨ। ਪਰਜਾਤੰਤਰ ਨੂੰ ਮਨੁਖੀ ਹੱਕਾਂ ਦਾ ਰੱਖਵਾਲਾ ਵੀ ਕਿਹਾ ਜਾਂਦਾ ਹੈ ਪ੍ਰੰਤੂ ਬਰਨਾਰਡ ਸ਼ਾਹ ਅਨੁਸਾਰ ਪਰਜਾਤੰਤਰ ਉਹ ਹੁੰਦਾ ਹੈ ਜਿਹੜਾ ਜਿੰਨੀ ਚੰਗੀ ਅਸੀਂ ਵਧੀਆ ਸਰਕਾਰ ਦਾ ਹੱਕ ਰੱਖਦੇ ਹਾਂ ਉਤਨੀ ਵਧੀਆ ਸਰਕਾਰ ਨਾ ਦੇਵੇ। ਕਹਿਣ ਤੋਂ ਭਾਵ ਪਰਜਾਤੰਤਰ ਵਿਚ ਹਰ ਜਣਾ ਖ਼ਣਾ ਰਾਜ ਕਰ ਸਕਦਾ ਹੈ ਭਾਵੇਂ ਉਸ ਵਿਚ ਕਾਬਲੀਅਤ ਹੋਵੇ ਜਾਂ ਨਾ। ਹੁਣ ਹਾਲਾਤ ਇਹ ਹਨ ਕਿ ਤੇਰਵੇਂ ਵਿਤ ਕਮਿਸ਼ਨ ਨੇ ਪੰਜਾਬ ਨੂੰ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਸੂਬਿਆਂ ਵਿਚ ਸ਼ਾਮਲ ਕਰ ਦਿਤਾ ਹੈ। ਇੰਜ ਕਿਉਂ ਕਰਨਾ ਪਿਆ ਕਿਉਂਕਿ ਪੰਜਾਬ ਸਿਰ ਇਸ ਸਮੇਂ 1 ਲੱਖ 13 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਕਰਜ਼ਾ 31 ਮਾਰਚ 2007 ਵਿਚ ਜਦੋਂ ਵਰਤਮਾਨ ਸਰਕਾਰ ਨੇ ਰਾਜ ਭਾਗ ਸੰਭਾਲਿਆ ਸੀ ਉਦੋਂ 51155 ਕਰੋੜ ਰੁਪਏ ਸੀ।

2012 ਵਿਚ ਵੱਧ ਕੇ 83090 ਕਰੋੜ ਹੋ ਗਿਆ। ਮਾਰਚ 2015 ਵਿਚ 1 ਕਰੋੜ 13 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਸ ਤੋਂ ਇਲਾਵਾ ਜਿਹੜਾ ਕਰਜ਼ਾ ਨਿਮਾਂ, ਬੋਰਡਾਂ ਜਾਂ ਹੋਰ ਅਰਧ ਸਰਕਾਰੀ ਅਦਾਰਿਆਂ ਨੇ ਲਿਆ ਹੈ ਉਹ ਵੱਖ ਹੈ। ਸਰਕਾਰ ਨੇ ਉਸ ਕਰਜ਼ੇ ਦੀ ਜਾਮਨੀ ਦਿੱਤੀ ਹੈ। ਇਹ ਕਰਜ਼ਾ ਖਾੜਕੂਬਾਦ ਦੇ ਸਮੇਂ ਦਾ ਨਹੀਂ, ਇਹ ਤਾਂ ਆਮਦਨ ਤੋਂ ਵੱਧ ਖ਼ਰਚ ਕਰਨ ਕਰਕੇ ਚੜ੍ਹਿਆ ਹੈ। ਸਰਕਾਰ ਪੈਨਸ਼ਨਾ, ਤਨਖ਼ਾਹਾਂ, ਇਸ ਕਰਜ਼ੇ ਦਾ ਵਿਆਜ਼ ਅਤੇ ਮੰਤਰੀਆਂ ਦੀ ਫ਼ੌਜ ਦੇ ਰੋਜ਼ ਮਰਰਾ ਦੇ ਖ਼ਰਚੇ ਦੇਣ ਜੋਗੀ ਹੀ ਰਹਿ ਗਈ ਹੈ। ਇਹ ਖ਼ਰਚੇ ਵੀ ਅਣ ਐਲਾਨੇ ਖ਼ਜਾਨੇ ਬੰਦ ਕਰਕੇ ਹੀ ਪੂਰੇ ਕੀਤੇ ਜਾਂਦੇ ਹਨ। ਓਵਰ ਡਰਾਫਟ ਹੋ ਰਿਹਾ ਹੈ। ਸਰਕਾਰ ਦੇ ਬਿਆਨ ਆਉਂਦੇ ਹਨ ਕਿ ਪੈਸਿਆਂ ਦੀ ਕਮੀ ਨਹੀਂ ਹੈ। ਰੋਜ਼ ਮਰਰਾ ਦੇ ਖ਼ਰਚੇ ਸਰਕਾਰੀ ਇਮਾਰਤਾਂ ਗਹਿਣੇ ਰੱਖ ਜਾਂ ਵੇਚ ਕੇ ਤੋਰਿਆ ਜਾ ਰਿਹਾ ਹੈ। 13 ਜੂਨ 2014 ਨੂੰ ਮੁਖ ਮੰਤਰੀ ਨੇ ਪ੍ਰਧਾਨ ਮੰਤਰੀ ਕੋਲ ਵੀ ਗੁਹਾਰ ਲਾਈ ਸੀ ਪ੍ਰੰਤੂ ਉਥੋਂ ਵੀ ਖ਼ੈਰਾਤ ਨਹੀਂ ਮਿਲੀ। ਅਜੇ ਡਾ.ਮਨਮੋਹਨ ਸਿੰਘ ਤਾਂ ਫਿਰ ਵੀ ਲਿਹਾਜ ਕਰ ਲੈਂਦੇ ਸਨ, ਉਨ੍ਹਾਂ ਨੂੰ ਖਾਲੀ ਹੱਥ ਨਹੀਂ ਮੋੜਦੇ ਸਨ।

ਪੰਜਾਬ ਸਰਕਾਰ ਦੇ ਬਹੁਤੇ ਬੋਰਡ ਅਤੇ ਨਿਗਮ ਘਾਟੇ ਵਿਚ ਚਲ ਰਹੇ ਹਨ ਪ੍ਰੰਤੂ ਹਰ ਰੋਜ ਚੇਅਰਮੈਨ ਅਤੇ ਡਾਇਰੈਕਟਰ ਨਿਯੁਕਤ ਕੀਤੇ ਜਾ ਰਹੇ ਹਨ। ਫਿਰ ਵੀ ਪੈਨਸ਼ਨਰਾਂ ਦੀਆਂ ਪੈਨਸ਼ਨਾ ਅਤੇ ਬਹੁਤੇ ਵਿਭਾਗਾਂ ਦੇ ਕਰਮਚਾਰੀਆਂ ਨੂੰ 6-6 ਮਹੀਨੇ ਤੋਂ ਤਨਖ਼ਾਹਾਂ ਨਹੀਂ ਮਿਲੀਆਂ। ਇਉਂ ਲੱਗਦਾ ਹੈ ਕਿ ਪੰਜਾਬ ਦਾ ਵਿਕਾਸ ਪੰਜਾਬ ਸਰਕਾਰ ਦੇ ਏਜੰਡੇ ਤੇ ਹੀ ਨਹੀਂ। ਉਹ ਤਾਂ ਰਾਜ ਨਹੀਂ ਪੰਜਾਬ ਦੀ ਸੇਵਾ ਕਰ ਰਹੇ ਹਨ। ਪੰਜਾਬ ਨੂੰ ਕੰਗਾਲ ਕਰਨ ਦੀ ਸੇਵਾ। ਸਰਕਾਰ ਦੇ ਖ਼ਰਚੇ ਜ਼ਿਆਦਾ ਹਨ, ਆਮਦਨ ਵਧਾਉਣ ਦੀ ਖੇਚਲ ਨਹੀਂ ਕੀਤੀ ਜਾਂਦੀ। ਹਰ ਸਾਲ ਬਜਟ ਵਿਚ ਸਰਕਾਰ ਮਾਲੀ ਰੈਵੇਨਿਊ ਵਧਾਉਣ ਦੇ ਦਾਅਵੇ ਕਰਦੀ ਹੈ ਪ੍ਰੰਤੂ ਅਮਲੀ ਤੌਰ ਤੇ ਪੰਚਾਇਤ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ। ਸਰਕਾਰੀ ਅਧਿਕਾਰੀ ਪਤਾ ਨਹੀਂ ਕਮਾਊ ਅਹੁਦੇ ਲੈਣ ਕਰਕੇ ਚੁਪੀ ਧਾਰੀ ਬੈਠੇ ਹਨ। ਵਿਕਾਸ ਦਰ ਦੀ ਉਦਾਹਰਨ ਦੇ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਅਸਲੀਅਤ ਨਹੀਂ, ਜ਼ਮੀਨੀ ਪੱਧਰ ਤੇ ਪੰਜਾਬ ਦਾ ਦਿਵਾਲਾ ਨਿਕਲਣ ਦੇ ਬਰਾਬਰ ਹੈ।

ਸਰਕਾਰ ਨੇ ਪੰਜਾਬ ਵਿਚ ਖੇਤੀਬਾੜੀ ਸੰਮੇਲਨ 2013 ਵਿਚ ਅਤੇ ਪ੍ਰਗਤੀਸ਼ੀਲ ਸੰਮੇਲਨ 2014 ਵਿਚ ਕਰਕੇ ਪੰਜਾਬ ਦੇ ਵਿਕਾਸ ਵਿਚ ਮੀਲ ਪੱਥਰ ਸਥਾਪਤ ਕਰਨ ਦੀਆਂ ਡੀਂਗਾਂ ਮਾਰੀਆਂ ਸੀ। ਇਨ੍ਹਾਂ ਸੰਮੇਲਨਾ ਦੇ ਕੋਈ ਸਾਰਥਕ ਨਤੀਜੇ ਨਿਕਲਕੇ ਸਾਮ੍ਹਣੇ ਨਹੀਂ ਆਏ,ਸਿਰਫ ਅਖ਼ਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਅਤੇ ਖ਼ਬਰਾਂ ਪ੍ਰਕਾਸ਼ਤ ਹੋ ਗਈਆਂ ਸਨ। ਪ੍ਰਗਤੀਸ਼ੀਲ ਸੰਮੇਲਨ ਵਿਚ 128 ਸਮਝੌਤੇ ਕਰਕੇ 66936 ਕਰੋੜ ਦਾ ਨਿਵੇਸ਼ ਹੋਣ ਦਾ ਦਾਅਵਾ ਕੀਤਾ ਗਿਆ ਸੀ। ਅਜੇ ਤੱਕ ਅਮਲੀ ਤੌਰ ਤੇ ਕੁਝ ਵੀ ਨਹੀਂ ਹੋਇਆ,ਇਹ ਕਿਹਾ ਜਾ ਰਿਹਾ ਹੈ ਕਿ 71 ਪ੍ਰਾਜੈਕਟਾਂ ਤੇ 4500 ਕਰੋੜ ਦਾ ਨਿਵੇਸ਼ ਹੋਣ ਦੀ ਸੰਭਾਵਨਾ ਦੀ ਪ੍ਰਕ੍ਰਿਆ ਚਲ ਰਹੀ ਹੈ। ਦੇਸ਼ ਦੀਆਂ ਵੱਧ ਆਮਦਨ ਵਾਲੀਆਂ 8 ਸਟੇਟਾਂ ਵਿਚੋਂ ਪੰਜਾਬ ਸਭ ਤੋਂ ਥੱਲੇ 8ਵੇਂ ਨੰਬਰ ਤੇ ਹੈ ਪ੍ਰੰਤੂ ਦੁਖ ਦੀ ਗੱਲ ਹੈ ਕਿ ਪ੍ਰਤੀ ਜੀਅ ਖ਼ਰਚਾ ਕਰਨ ਵਿਚ ਪੰਜਾਬ ਸਭ ਤੋਂ ਮੋਹਰੀ ਹੈ। ਜਦੋਂ ਆਮਦਨ ਹੀ ਨਹੀਂ ਤਾਂ ਖ਼ਰਚਾ ਕਿਥੋਂ ਕੀਤਾ ਜਾਵੇਗਾ। ਵੈਸੇ ਪੰਜਾਬੀਆਂ ਦਾ ਰਹਿਣ ਸਹਿਣ, ਖਾਣ ਪੀਣ ਬਾਕੀ ਦੇਸ਼ ਵਾਸੀਆਂ ਨਾਲੋਂ ਚੰਗਾ ਹੈ ਕਿਉਂਕਿ ਅਸੀਂ ਫੋਕੀ ਸ਼ਾਹਬਾ ਵਾਹਵਾ ਵਿਚ ਵਿਸ਼ਵਾਸ਼ ਰੱਖਦੇ ਹਾਂ, ਕਰਜ਼ੇ ਲੈ ਕੇ ਆਨੰਦ ਮਾਣਦੇ ਹਾਂ। ਓਧਰ ਸਰਕਾਰ ਕਰਜ਼ਈ ਹੈ ਐਧਰ ਪੰਜਾਬ ਦੇ ਲੋਕ ਕਰਜ਼ਾਈ ਹਨ। ਫਿਰ ਵੀ 93 ਫ਼ੀ ਸਦੀ ਪੰਜਾਬੀ ਪੱਕੇ ਘਰਾਂ ਵਿਚ ਰਹਿੰਦੇ ਹਨ ਜਦੋਂ ਕਿ ਮਹਾਰਾਸ਼ਟਰ ਦੇ 58 ਫ਼ੀ ਸਦੀ ਲੋਕ ਪੱਕੇ ਘਰਾਂ ਵਿਚ ਰਹਿੰਦੇ ਹਨ। ਪਾਖ਼ਾਨਿਆਂ ਦੀ ਸਹੂਲਤ ਦੇਣ ਵਿਚ ਕੇਰਲ ਪਹਿਲੇ ਨੰਬਰ ਤੇ ਹੈ। ਪੀਣ ਵਾਲੇ ਪਾਣੀ ਦੀ ਘਰਾਂ ਵਿਚ ਸਹੂਲਤ ਪੰਜਾਬ ਦੀ 82 ਫ਼ੀ ਸਦੀ ਜਨਤਾ ਨੂੰ ਹੈ। 89 ਫ਼ੀ ਸਦੀ ਅਨੁਸੂਚਿਤ ਜਾਤੀਆਂ ਦੇ ਲੋਕ ਪੱਕੇ ਘਰਾਂ ਵਿਚ ਰਹਿੰਦੇ ਹਨ। ਇਸ ਪ੍ਰਕਾਰ ਹੀ ਪੰਜਾਬ ਦੇ 26 ਫ਼ੀ ਸਦੀ ਅਨੁਸੂਚਿਤ ਜਾਤੀਆਂ ਦੇ ਲੋਕਾਂ ਕੋਲ ਮੋਟਰ ਸਾਈਕਲ, ਸਕੂਟਰ ਅਤੇ 64 ਫ਼ੀ ਸਦੀ ਕੋਲ ਸਾਈਕਲ ਹਨ। ਪੰਜਾਬ ਆਪ ਭਾਵੇਂ ਬੇਰੋਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਪ੍ਰੰਤੂ 10 ਮਿਲੀਅਨ ਮਜ਼ਦੂਰਾਂ ਨੂੰ ਨੌਕਰੀ ਦੇ ਰਿਹਾ ਹੈ। ਨਵੀਂਆਂ ਕਾਰਾਂ, ਕੋਠੀਆਂ ਬਣਾ ਕੇ ਕਰਜ਼ਈ ਹੋ ਰਹੇ ਹਾਂ। ਪੰਜਾਬ ਵਿਚ ਸਨਅਤਾਂ ਲਗਾਉਣ ਲਈ ਹਾਲਾਤ ਵੀ ਸਾਜਗਾਰ ਨਹੀਂ ਕਿਉਂਕਿ ਪੰਜਾਬ ਨੂੰ ਭਰਿਸ਼ਟਾਚਾਰ ਦੀ ਬੀਮਾਰੀ ਅਤੇ ਲਾਲ ਫ਼ੀਤਾਸ਼ਾਹੀ ਨੇ ਘੇਰਿਆ ਹੋਇਆ ਹੈ। ਬਿਜਲੀ ਦੀ ਘਾਟ ਹੈ। ਸਨਅਤਾਂ ਤਾਂ ਹੀ ਲਾਭ ਵਿਚ ਜਾ ਸਕਦੀਆਂ ਹਨ ਜੇਕਰ 24 ਘੰਟੇ ਨਿਰਘਿਨ ਬਿਜਲੀ ਦੀ ਸਪਲਾਈ ਹੋਏ। ਸਰਕਾਰ ਗੱਲ ਤਾਂ ਫਾਲਤੂ ਬਿਜਲੀ ਦੀ ਕਰਦੀ ਹੈ ਪ੍ਰੰਤੂ ਅਮਲੀ ਤੌਰ ਤੇ ਸਾਰਾ ਕੁਝ ਉਲਟ ਪੁਲਟ ਹੈ। ਪੰਜਾਬ ਸਰਕਾਰ ਸੱਚਾਈ ਨੂੰ ਮੰਨਣ ਨੂੰ ਤਿਆਰ ਨਹੀਂ। ਬਿਜਲੀ ਨਿਗਮ 800 ਕਰੋੜ ਦੇ ਘਾਟੇ ਵਿਚ ਚਲ ਰਿਹਾ ਹੈ। ਫੋਕੇ ਬਿਆਨਾ ਨਾਲ ਵਿਕਾਸ ਨਹੀਂ ਹੋ ਸਕਦਾ। ਆਰਥਕ ਤੌਰ ਤੇ ਮਜ਼ਬੂਤ ਕਰਨ ਲਈ ਸੁਚੱਜੇ ਕਦਮ ਚੁਕਣੇ ਪੈਣਗੇ। ਆਰਥਕ ਮਾਹਿਰਾਂ ਦੀਆਂ ਸੇਵਾਵਾਂ ਲੈ ਕੇ ਉਨ੍ਹਾਂ ਦੇ ਸੁਝਾਓ ਲਾਗੂ ਕਰਨੇ ਚਾਹੀਦੇ ਹਨ। ਸਰਕਾਰ ਨੂੰ ਖ਼ਰਚੇ ਘਟਾਉਣੇ ਪੈਣਗੇ।

ਸਿਆਸਤਦਾਨਾ ਨੂੰ ਖ਼ੁਸ਼ ਕਰਨ ਦੇ ਚੱਕਰ ਵਿਚ ਪੰਜਾਬ ਨੂੰ ਕੰਗਾਲੀ ਵਲ ਲਿਜਾਇਆ ਜਾ ਰਿਹਾ ਹੈ। ਪੰਜਾਬ ਦੇ ਆਰਥਕ ਢਾਂਚੇ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੀ ਲੋੜ ਨੂੰ ਸਮਝਣਾ ਚਾਹੀਦਾ ਹੈ। ਜੇਕਰ ਪੰਜਾਬ ਖ਼ੁਸ਼ਹਾਲ ਹੋਵੇਗਾ ਤਾਂ ਹੀ ਸਰਕਾਰ ਖ਼ੁਸ਼ਹਾਲ ਹੋਵੇਗੀ। ਗ਼ਲਤੀਆਂ ਵੀ ਇਨਸਾਨ ਹੀ ਕਰਦਾ ਹੈ ਪ੍ਰੰਤੂ ਗ਼ਲਤੀਆਂ ਤੋਂ ਸਬਕ ਵੀ ਇਨਸਾਨ ਹੀ ਸਿਖਦਾ ਹੈ, ਇਹ ਸਬਕ ਸਿਖਣ ਦਾ ਸਮਾਂ ਅਤੇ ਲੋੜ ਹੈ। ਜੇਕਰ ਅੱਜ ਦਾ ਭੁਲਿਆ ਕੱਲ੍ਹ ਨੂੰ ਘਰ ਵਾਪਸ ਆ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ। ਪੰਜਾਬ ਵਿਚ ਅਫਸਰਸ਼ਾਹੀ ਕੋਲ ਤਜ਼ਰਬਾ ਹੈ,ਲਿਆਕਤ ਹੈ,ਉਸ ਨੂੰ ਵਰਤਣਾ ਚਾਹੀਦਾ ਹੈ। ਚਮਚਾਗਿਰੀ ਕਰਨ ਵਾਲਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਆਰਥਕ ਮੰਦਹਾਲੀ ਦੂਰ ਕਰਨ ਲਈ ਕੇਂਦਰ ਕੋਲ ਹੱਥ ਅੱਡਣ ਦੀ ਲੋੜ ਨਹੀਂ,ਇਸਦਾ ਹੱਲ ਪੰਜਾਬ ਵਿਚ ਹੀ ਹੈ। ਕਿਸੇ ਸਾਰਥਕ ਆਰਥਕ ਨੀਤੀ ਦੀ ਲੋੜ ਹੈ। ਖ਼ਰਚੇ ਘਟਾਉਣੇ ਪੈਣਗੇ ਜੇਕਰ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਉਣਾ ਹੈ। ਆਰਥਿਕ ਸਮੱਸਿਆ ਨੂੰ ਐਮਰਜੈਂਸੀ ਦੀ ਤਰ੍ਹਾਂ ਨਜਿਠਣਾ ਚਾਹੀਦਾ ਹੈ। ਹੱਥੋਂ ਨਿਕਲਿਆ ਵਕਤ ਵਾਪਸ ਨਹੀਂ ਆਉਂਦਾ। ਸਿਆਸਤਦਾਨੋ ਪੰਜਾਬ ਦੀ ਨੌਜਵਾਨੀ ਤੇ ਤਰਸ ਕਰੋ। ਜੇਕਰ ਸਹੀ ਕਦਮ ਨਾ ਚੁਕੇ ਤਾਂ ਇਤਿਹਾਸ ਵਿਚ ਮਾੜੀ ਕਾਰਗੁਜ਼ਾਰੀ ਕਰਕੇ ਸਰਕਾਰ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਆਮ ਸਾਧਾਰਨ ਵਿਅਕਤੀ ਵੀ ਸਮਝਦਾ ਹੈ ਕਿ ਆਮਦਨ ਅਨੁਸਾਰ ਹੀ ਖ਼ਰਚੇ ਕਰਨੇ ਚਾਹੀਦੇ ਹਨ। ਕਰਜ਼ਾ ਲੈਣਾ ਮਾੜਾ ਨਹੀਂ ਪ੍ਰੰਤੂ ਕਰਜ਼ੇ ਤੇ ਹੀ ਨਿਰਭਰ ਰਹਿਣਾ ਸਿਆਣਪ ਨਹੀਂ। ਇਹ ਕਰਜ਼ਾ ਤਾਂ ਇਕ ਦਿਨ ਵਿਆਜ ਸਮੇਤ ਮੋੜਨਾ ਹੀ ਪੈਣਾ ਹੈ। ਹਰ ਸਾਲ ਪੰਜਾਬ ਸਿਰ 7000 ਕਰੋੜ ਰੁਪਏ ਦਾ ਕਰਜ਼ਾ ਚੜ੍ਹ ਰਿਹਾ ਹੈ ਤੇ ਹਰ ਸਾਲਾ ਕਰਜ਼ੇ ਤੇ ਵਿਆਜ ਵਿਚ ਵਾਧਾ ਹੋ ਰਿਹਾ ਹੈ। ਇਹ ਮੰਨਣਾ ਜ਼ਰੂਰੀ ਹੈ ਕਿ ਪੰਜਾਬ ਕਰਜ਼ਈ ਹੈ। ਫਿਰ ਇਸ ਦਾ ਹੱਲ ਲੱਭਣਾ ਪਵੇਗਾ। ਇਹ ਕਹੀ ਜਾਣਾ ਕਿ ਪੰਜਾਬ ਖ਼ੁਸ਼ਹਾਲ ਹੈ ਵਿਰੋਧੀ ਬਦਨਾਮ ਕਰ ਰਹੇ ਹਨ । ਇਹ ਠੀਕ ਨਹੀਂ ਹਰ ਪੰਜਾਬੀ ਸਾਰੇ ਹਾਲਾਤ ਤੋਂ ਵਾਕਫ ਹੈ। ਹੁਣ ਤਾਂ ਖ਼ਜਾਨਾ ਮੰਤਰੀ ਅਰੁਣ ਜੇਤਲੀ ਵੀ ਕਹਿ ਰਿਹਾ ਹੈ ਅਸੀਂ ਮਨਮੋਹਨ ਸਿੰਘ ਦੀ ਸਰਕਾਰ ਦੀ ਤਰ੍ਹਾਂ ਮਦਦ ਨਹੀਂ ਕਰਾਂਗੇ,ਸਗੋਂ ਪਹਿਲਾਂ ਉਸਦਾ ਹਿਸਾਬ ਲਵਾਂਗੇ। ਅਕਾਲੀ ਦਲ ਦੀ ਸਹਿਯੋਗੀ ਪਾਰਟੀ ਦੇ ਮੰਤਰੀ ਹੀ ਮਦਦ ਕਰਨ ਤੋਂ ਜਵਾਬ ਦੇ ਰਹੇ ਹਨ।

ਆਰਥਿਕ ਵਿਕਾਸ ਬਹੁਪੱਖੀ ਹੁੰਦਾ ਹੈ। ਇਸ ਅਧੀਨ ਸਿਹਤ ,ਸਿਖਿਆ ਸਹੂਲਤਾਂ ਅਤੇ ਪ੍ਰਤੀ ਜੀਅ ਵਿਕਾਸ ਦਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਅਸੀਂ ਆਰਥਿਕਤਾ ਨੂੰ ਦਾਅ ਤੇ ਲਾ ਕੇ ਚੋਣਾ ਤਾਂ ਜਿੱਤ ਲੈਂਦੇ ਹਾਂ ਪ੍ਰੰਤੂ ਪੰਜਾਬ ਨੂੰ ਖੋ ਲੈਂਦੇ ਹਾਂ।

ਰਾਜਨੀਤਕ ਸੋਚ ਅਤੇ ਅਸਥਿਰਤਾ ਕਰਕੇ ਪੰਜਾਬ ਆਰਥਿਕ ਤੌਰ ਤੇ ਤਬਾਹ ਹੋ ਰਿਹਾ ਹੈ। ਵਿਰੋਧੀ ਧਿਰ ਦਾ ਕਮਜ਼ੋਰ ਹੋਣਾ ਵੀ ਇਕ ਕਾਰਨ ਹੈ।

ਜੇਕਰ ਰਾਜਨੀਤਕ ਲੋਕਾਂ ਦੀ ਇੱਛਾ ਸ਼ਕਤੀ ਮਜ਼ਬੂਤ ਹੋਵੇਗੀ ਤਾਂ ਪੰਜਾਬ ਬਚ ਸਕਦਾ ਹੈ। ਇਸ ਸਾਰੀ ਪਰੀਚਰਾ ਦਾ ਸਿੱਟਾ ਨਿਕਲਦਾ ਹੈ ਕਿ ਪੰਜਾਬ ਵਿਚ ਟੈਕਸ ਚੋਰੀ ਬੰਦ ਕੀਤੀ ਜਾਵੇ, ਮਾਲੀਆ ਵਧੇਰੇ ਇਕੱਤਰ ਕੀਤਾ ਜਾਵੇ,ਵਾਧੂ ਖ਼ਰਚੇ ਘਟਾਏ ਜਾਣ, ਸਰਕਾਰੀ ਪ੍ਰਬੰਧ ਦੀ ਮੈਨੇਜਮੈਂਟ ਦਰੁਸਤ ਕੀਤੀ ਜਾਵੇ ਅਤੇ ਸਭ ਤੋਂ ਜ਼ਰੂਰੀ ਅਧਿਕਾਰੀਆਂ ਦੀ ਜਵਾਬਦੇਹੀ ਨਿਸਚਤ ਕੀਤੀ ਜਾਵੇ ਤਾਂ ਹੀ ਪੰਜਾਬ ਦੀ ਆਰਥਿਕਤਾ ਨੂੰ ਸੰਭਾਲਿਆ ਜਾ ਸਕਦਾ ਹੈ। ਕਰਜ਼ੇ ਲੈ ਕੇ ਰੋਜ਼ ਮਰਰਾ ਦਾ ਕੰਮ ਤਾਂ ਚਲ ਸਕਦਾ ਹੈ ਪ੍ਰੰਤੂ ਪੰਜਾਬ ਦੀ ਸਰਕਾਰ ਅਤੇ ਲੋਕਾਂ ਦਾ ਜੀਵਨ ਪੱਧਰ ਉਚਾ ਨਹੀਂ ਹੋ ਸਕਦਾ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਜੇਕਰ ਸਿਆਣਪ ਤੋਂ ਕੰਮ ਲਿਆ ਜਾਵੇ।





ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ

ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸ਼ਾਮ 6 ਵਜੇ ਤੋਂ ਸ਼ਾਮ 9 ਵਜੇ ਤੱਕ

ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

Shri Guru Ravidass Temple, 2650 Blaine Ave; Selma (CA.)

ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 559-891-8286) ਤੇ ਸੰਪਰਕ ਕੀਤਾ ਜਾ ਸਕਦਾ ਹੈ

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਮਨਾਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਨਗਰ ਕੀਰਤਨ ਤਸਵੀਰਾਂ ਦੀ ਜ਼ੁਬਾਨੀ
















ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਜਿਹਨਾਂ ਨੇ ਗੁਰਪੁਰਬ ਅਤੇ ਨਗਰ ਕੀਰਤਨ ਦਰਮਿਆਨ ਕਿਸੇ ਵੀ ਕਿਸਮ ਦੀ ਸੇਵਾ ਨਿਭਾਈ, ਉਹਨਾਂ ਦੇ ਨਾਂ ਅਕਾਲ-ਪੁਰਖ ਜਾਣੀ-ਜਾਣ ਹੈ, ਉਹਨਾਂ ਸਾਰਿਆਂ ਦਾ ਕੋਟਿਨ-ਕੋਟਿ ਧੰਨਵਾਦ ਕਰਦੀ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਮਨਾਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਨਗਰ ਕੀਰਤਨ ਤਸਵੀਰਾਂ ਦੀ ਜ਼ੁਬਾਨੀ



All pictures by Prem K. Chumber
(www.ambedkartimes.com & www.deshdoaba.com )

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਮਨਾਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਨਗਰ ਕੀਰਤਨ ਤਸਵੀਰਾਂ ਦੀ ਜ਼ੁਬਾਨੀ

























All pictures by Prem K. Chumber
(www.ambedkartimes.com & www.deshdoaba.com )




# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਮਨਾਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਨਗਰ ਕੀਰਤਨ ਤਸਵੀਰਾਂ ਦੀ ਜ਼ੁਬਾਨੀ

















All pictures by Prem K. Chumber
(www.ambedkartimes.com & www.deshdoaba.com )





# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ



ਆਜ਼ਾਦ ਭਾਰਤ ਦੇ ਵਿਧਾਨ ਵਿੱਚ ਹੀ ਤੁਹਾਨੂੰ ਕਿਸੇ ਰਾਜਸੀ ਤਾਕਤ ਪ੍ਰਾਪਤ ਹੋਣ ਦੀ ਆਸ ਹੈ, ਜਿਸ ਤੋਂ ਬਗੈਰ ਤੁਹਾਡੀ ਮੁਕਤੀ ਨਹੀਂ ਹੋ ਸਕਦੀ। ਆਪਣਾ ਫੈਸਲਾ ਕਰਦੇ ਸਮੇਂ ਨਾ ਕਿਸੇ ਤੋਂ ਪ੍ਰਭਾਵਿਤ ਹੋਵੇ ਅਤੇ ਨਾ ਹੀ ਭੈ-ਭੀਤ ਹੋਵੇ। ਆਪਣੇ ਸਰਵਉੱਤਮ ਹਿੱਤਾਂ ਨੂੰ ਦੇਖੋ ਅਤੇ ਮੈਨੂੰ ਉਮੀਦ ਹੈ ਕਿ ਆਜ਼ਾਦੀ ਨੂੰ ਹੀ ਤੁਸੀਂ ਆਪਣਾ ਨਿਸ਼ਾਨਾ ਮਿੱਥੋਗੇ। ... ਮੈਂ ਇਸ ਅਵਸਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਰਾਜਸੀ ਤਾਕਤ ਹੀ ਸਭਨਾਂ ਬੁਰਾਈਆਂ ਦਾ ਇਕਮਾਤਰ ਇਲਾਜ ਹੈ। ਉਨ੍ਹਾਂ ਦੀ ਮੁਕਤੀ ਸਮਾਜ ਸੁਧਾਰ ਵਿੱਚ ਹੈ। ਆਪਣੀਆਂ ਬੁਰੀਆਂ ਆਦਤਾਂ ਤਿਆਗੋ, ਆਪਣੇ ਰਹਿਣ-ਸਹਿਣ ਵਿੱਚ ਪਰਿਵਰਤਨ ਕਰੋ ਤਾਂ ਜੋ ਤੁਸੀਂ ਸਤਿਕਾਰ ਅਤੇ ਮਿੱਤਰਤਾ ਦੇ ਪਾਤਰ ਬਣ ਸਕੋ। ... ਜੋ ਲਹਿਰ ਅਸੀਂ ਚਲਾਈ ਹੈ ਇਸ ਨਾਲ ਨਾ ਕੇਵਲ ਸਾਡੇ ਲੋਕਾਂ ਦੀ ਭਲਾਈ ਹੋਵੇਗੀ ਸਗੋਂ ਇਸ ਨਾਲ ਦੇਸ਼ ਵਿੱਚ ਅਜਿਹਾ ਸਮਾਜ ਵੀ ਕਾਇਮ ਹੋ ਸਕੇਗਾ ਜਿਸ ਵਿੱਚ ਹਰ ਵਿਅਕਤੀ ਦੇ ਜੀਵਨ ਦੇ ਹਰ ਇਕ ਪੱਖ ਅੰਦਰ, ਕੀ ਰਾਜਸੀ, ਕੀ ਸਮਾਜਿਕ ਅਤੇ ਕੀ ਆਰਥਿਕ, ਇਕੋ ਜਿਹੀ ਕਦਰੋ-ਕੀਮਤ ਹੋਵੇਗੀ।

**– ਡਾ. ਅੰਬੇਡਕਰ**



ਡਾ. ਰੌਣਕੀ ਰਾਮ
ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)

ਭਾਰਤ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਡਾ. ਅੰਬੇਡਕਰ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਦਲਿਤ ਮੁਕਤੀ ਅੰਦੋਲਨ ਨੂੰ ਵਿਧੀਪੂਰਵਕ ਅਤੇ ਜਥੇਬੰਦਕ ਪੱਧਰ ਤੇ ਚਲਾਉਣ ਦੀ ਪਿਰਤ ਉਨ੍ਹਾਂ ਨੇ ਹੀ ਪਾਈ। ਭਾਵੇਂ ਤਥਾਗਤ ਬੁੱਧ, ਮੱਧਕਾਲੀ ਭਗਤੀ ਲਹਿਰ ਅਤੇ ਜੋਤੀ ਰਾਓ ਫੂਲੇ ਦੇ ਯਤਨਾਂ ਸਦਕਾ ਦਲਿਤ ਮੁਕਤੀ ਅੰਦੋਲਨ ਦੀ ਗੱਲ ਹੋਣੀ ਸ਼ੁਰੂ ਹੋ ਚੁੱਕੀ ਸੀ ਅਤੇ ਅੰਗਰੇਜ਼ ਰਾਜ ਦੌਰਾਨ 'ਡਿਪਰੈਸਡ ਕਲਾਸਿਜ਼' ਕਾਨਫਰੰਸਾਂ ਦੇ ਮਾਧਿਅਮ ਰਾਹੀਂ ਇਹ ਅੰਦੋਲਨ ਜਥੇਬੰਦਕ ਰੂਪ ਵੀ ਧਾਰਨ ਕਰ ਰਿਹਾ ਸੀ ਪਰੰਤੂ ਜਿਸ ਤਰੀਕੇ ਨਾਲ ਡਾ. ਅੰਬੇਡਕਰ ਨੇ ਇਸ ਅੰਦੋਲਨ ਨੂੰ ਲਾਮਬੱਧ ਕੀਤਾ ਉਸ ਦੀ ਆਪਣੀ ਹੀ ਇਕ ਨਿਵੇਕਲੀ ਪਛਾਣ ਹੈ। ਡਾ. ਅੰਬੇਡਕਰ ਨੂੰ ਜਿਸ ਸੋਮੇ ਤੋਂ ਇਸ ਅੰਦੋਲਨ ਨੂੰ ਸ਼ੁਰੂ ਕਰਨ ਦੀ ਪ੍ਰੇਰਨਾ ਮਿਲੀ ਉਹ ਸੀ ਉਹ ਖ਼ੁਦ ਆਪ। ਉਨ੍ਹਾਂ ਨੇ ਬਹੁਤ ਮੁਸ਼ਕਲਾਂ, ਤੰਗੀਆਂ, ਦੁੱਖਾਂ ਅਤੇ ਵਿਤਕਰਿਆਂ ਦਾ ਸਾਹਮਣਾ ਕਰਦੇ ਹੋਏ ਇਸ ਅੰਦੋਲਨ ਦੀ ਕਿਆਰੀ ਨੂੰ ਸਿੰਜਣਾ ਜਾਰੀ ਰੱਖਿਆ ਅਤੇ ਹਰ ਕਦਮ ਤੇ ਸਮਾਜੀ ਵਿਤਕਰੇ ਨੇ ਉਨ੍ਹਾਂ ਨੂੰ ਇਸ ਅੰਦੋਲਨ ਨੂੰ ਲਾਮਬੱਧ ਕਰਨ ਲਈ ਤਤਪਰ ਰੱਖਿਆ। ਇਸ ਅਧਿਆਇ ਵਿੱਚ ਅਸੀਂ ਡਾ. ਅੰਬੇਡਕਰ ਦੇ ਜੀਵਨ ਨਾਲ ਸੰਬੰਧਤ ਉਨ੍ਹਾਂ ਖ਼ਾਸ ਘਟਨਾਵਾਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨਾਲ ਦੋ ਹੱਥ ਹੁੰਦੇ ਹੋਏ ਉਨ੍ਹਾਂ ਨੇ ਦਲਿਤ ਮੁਕਤੀ ਅੰਦੋਲਨ ਵੱਲ ਕਦਮ ਉਠਾਏ। ਇਸ ਦੇ ਨਾਲ-ਨਾਲ ਹੀ ਉਨ੍ਹਾਂ ਵਲੋਂ ਉਠਾਏ ਗਏ ਕਦਮਾਂ ਨੇ ਜਿਸ ਤਰ੍ਹਾਂ ਦਲਿਤ ਮੁਕਤੀ ਅੰਦੋਲਨ ਦੇ ਰਸਤੇ ਦੀਆਂ ਲੀਹਾਂ ਨੂੰ ਘੜਿਆ ਉਸ ਬਾਰੇ ਵੀ ਚਰਚਾ ਕਰਾਂਗੇ। ਇਸ ਵਿਧੀ ਤਹਿਤ ਸਾਡਾ ਮੰਤਵ ਨਾ ਤਾਂ ਸਿਰਫ਼ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਮਹਿਜ਼ ਉਲੇਖ ਹੀ ਕਰਨਾ ਹੈ ਅਤੇ ਨਾ ਹੀ ਉਨ੍ਹਾਂ ਘਟਨਾਵਾਂ ਨੂੰ ਲੈ ਕੇ ਮਕਾਨਕੀ ਢੰਗ ਨਾਲ ਤਤਕਾਲੀਨ ਹਾਲਾਤਾਂ ਅਤੇ ਰਾਜਨੀਤਕ ਗਤੀਵਿਧੀਆਂ ਬਾਰੇ ਬਿਰਤਾਂਤ ਰਚਣਾ ਹੈ। ਸਾਡਾ ਮੁੱਖ ਉਦੇਸ਼ ਡਾ. ਅੰਬੇਡਕਰ ਦੇ ਜੀਵਨ ਦੀਆਂ ਘਟਨਾਵਾਂ, ਉਨ੍ਹਾਂ ਦੇ ਬਹੁਰੂਪੀ ਸੰਦਰਭਾਂ ਅਤੇ ਉਨ੍ਹਾਂ ਵਿਚਲੇ ਆਪਸੀ ਸੰਬੰਧਾਂ ਦੀ ਸਮੀਖਿਆ ਕਰਦੇ ਹੋਏ ਦਲਿਤ ਮੁਕਤੀ ਅੰਦੋਲਨ ਬਾਰੇ ਤਰਕਸੰਗਤ ਵਿਚਾਰ ਬਣਾਉਣਾ ਹੈ।

ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।

**– ਡਾ. ਅੰਬੇਡਕਰ**

ਡਾ. ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮਹੂ ਵਿਖੇ (ਮੱਧ ਪ੍ਰਦੇਸ਼) ਹੋਇਆ। ਉਹ ਮਾਤਾ ਭੀਮਾ ਬਾਈ ਅਤੇ ਪਿਤਾ ਸੂਬੇਦਾਰ ਰਾਮਜੀ ਦੀ ਚੌਦੂਵੀਂ ਸੰਤਾਨ ਸਨ। ਉਹ ਵੱਡੇ ਹੋ ਕੇ ਕਦੇ-ਕਦਾਈਂ ਹੱਸਦੇ ਹੋਏ ਵੀ ਕਿਹਾ ਕਰਦੇ ਸਨ ਕਿ "ਮੈਂ ਆਪਣੇ ਮਾਪਿਆਂ ਦਾ ਚੌਦ੍ਹਵਾਂ ਰਤਨ ਹਾਂ" ਉਨ੍ਹਾਂ ਦਾ ਜੱਦੀ ਪਿੰਡ ਮਹਾਂਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿੱਚ ਪੈਂਦੇ ਮੰਦਨਗਦ ਕਸਬੇ ਤੋਂ ਪੰਜ ਕਿਲੋਮੀਟਰ ਦੂਰ ਅੰਬਾਵਡੇ ਸੀ। ਉਹ ਮਹਾਰ ਜਾਤੀ ਨਾਲ ਸੰਬੰਧ ਰੱਖਦੇ ਸਨ। ਮਹਾਰ ਜਾਤੀ ਮਹਾਂਰਾਸ਼ਟਰ ਦੀ ਪ੍ਰਮੁੱਖ ਅਛੂਤ ਜਾਤੀ ਹੈ ਜਿਸ ਦਾ ਨਾਤਾ ਭਾਰਤ ਦੇ ਪ੍ਰਾਚੀਨ ਨਾਗ ਲੋਕਾਂ ਨਾਲ ਜੁੜਿਆ ਦੱਸਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਮਹਾਂਰਾਸ਼ਟਰ ਦਾ ਨਾਂ ਮਹਾਰ ਤੋਂ ਹੀ ਬਣਿਆ ਹੈ ਅਤੇ ਕਿਸੇ ਵੇਲੇ ਮਹਾਰਾਂ/ਨਾਗ ਲੋਕਾਂ ਦਾ ਮਹਾਂਰਾਸ਼ਟਰਾ ਵਿੱਚ ਰਾਜ ਹੁੰਦਾ ਸੀ। ਮਹਾਰ ਜਾਤ ਦਾ ਪ੍ਰਾਚੀਨ ਮੁੱਖ ਰੋਲ ਪਿੰਡ ਦੇ ਨੌਕਰ ਦਾ ਹੋਇਆ ਕਰਦਾ ਸੀ। ਤਕਰੀਬਨ ਹਰ ਇਕ ਮਹਾਰਾਸ਼ਟਰ ਪਿੰਡ ਵਿੱਚ ਮਹਾਰਵਾੜਾ ਹੁੰਦਾ ਸੀ। ਮਹਾਰ ਪਿੰਡ ਵਿੱਚ ਚੌਕੀਦਾਰਾ, ਪਿੰਡ ਦੀ ਦੀਵਾਰ ਦੀ ਮੁਰੰਮਤ, ਗਲੀਆਂ ਸਾਫ ਕਰਨਾ, ਮਰੇ ਹੋਏ ਪਸ਼ੂਆਂ ਨੂੰ ਉਠਾਉਣਾ, ਸਿਵਿਆਂ ਵਿੱਚ ਅੱਗ ਦਾ ਪ੍ਰਬੰਧ ਕਰਨਾ, ਸੁਨੇਹੇ ਲਿਆਉਣੇ ਤੇ ਲਿਜਾਉਣੇ, ਸਰਕਾਰੀ ਕਰਮਚਾਰੀਆਂ ਦੀ, ਜੋ ਪਿੰਡ ਵਿਚੋਂ ਗੁਜ਼ਰ ਰਹੇ ਹੁੰਦੇ ਸਨ, ਵਗਾਰ ਕਰਨਾ ਆਦਿ ਦਾ ਕੰਮ ਕਰਿਆ ਕਰਦੇ ਸਨ। ਇਨ੍ਹਾਂ ਕੰਮਾਂ ਤੋਂ ਇਲਾਵਾ ਮਹਾਰਾਂ ਨੂੰ ਜ਼ਮੀਨ ਦੀ ਹੱਦਬੰਦੀ ਨੂੰ ਲੈ ਕੇ ਉਭਰੇ ਝਗੜਿਆਂ ਨੂੰ ਨਿਪਟਾਉਣ, ਜਾਗੀਰਦਾਰਾਂ ਨੂੰ ਲਗਾਨ ਦੇਣ, ਸਰਕਾਰੀ ਖਜ਼ਾਨੇ ਦੀ ਹਿਫ਼ਾਜਤ, ਚੋਰਾਂ ਦੀ ਭਾਲ ਆਦਿ ਦੇ ਕੰਮ ਵੀ ਸੌਂਪੇਂ ਹੁੰਦੇ ਸਨ। ਮਹਾਰ ਜਾਤੀ ਮਹਾਰਾਸ਼ਟਰਾ ਦੇ ਪਿੰਡ ਦੀਆਂ ਬਾਰਾਂ ਬਲੁਤੇਦਾਰ ਜਾਤਾਂ ਵਿੱਚੋਂ ਇਕ ਹੁੰਦੀ ਸੀ। ਮਹਾਰ ਬਲੁਤੇਦਾਰ ਪਿੰਡ ਦਾ ਸਮੂਹਿਕ ਤੌਰ ਤੇ ਨੌਕਰ ਹੁੰਦਾ ਸੀ ਅਤੇ ਉਸ ਦੀ ਮਿਹਨਤ (ਬਲੁਤਾ) ਪਿੰਡ ਚੋਂ ਸਮੂਹਿਕ ਤੌਰ ਤੇ ਨਿਰਧਾਰਤ ਹੁੰਦੀ ਸੀ। ਬਲੁਤੇ ਤੋਂ ਇਲਾਵਾ ਹਰੇਕ ਮਹਾਰ ਨੂੰ ਵਤਨ (ਜ਼ਮੀਨ ਦਾ ਨਿਸ਼ਚਿਤ ਟੋਟਾ) ਵੀ ਮਿਲਿਆ ਹੁੰਦਾ ਸੀ ਜਿਸ ਤੋਂ ਉਸ ਦੀ ਆਮਦਨ ਵਿੱਚ ਕੁਝ ਵਾਧਾ ਹੋ ਜਾਂਦਾ ਸੀ। ਭਾਵੇਂ ਮਹਾਰਾਂ ਨੂੰ ਵਤਨ ਦੀ ਸਹੂਲਤ ਸੀ ਪਰ ਫਿਰ ਵੀ ਬ੍ਰਾਹਮਣਵਾਦੀ ਜਾਤ ਪ੍ਰਥਾ ਦੇ ਵਿਧਾਨ ਅਨੁਸਾਰ ਉਨ੍ਹਾਂ ਦਾ ਪਿੰਡ ਵਿੱਚ ਰੁਤਬਾ ਅਛੂਤ ਦਾ ਹੀ ਰਹਿੰਦਾ ਸੀ। ਪਿੰਡ ਦਾ ਸਕੂਲ, ਮੰਦਰ ਅਤੇ ਖੂਹ ਉਸ ਦੀ ਪਹੁੰਚ ਤੋਂ ਬਾਹਰ ਹੁੰਦੇ ਸਨ। ਉਸ ਨੂੰ ਕੱਪੜੇ, ਖਾਣ-ਪੀਣ ਵਾਲੇ ਵਰਤਨ, ਗਹਿਣੇ ਅਤੇ ਕੁਝ ਖ਼ਾਸ ਧਾਰਮਿਕ ਰਸਮਾਂ ਜਿਵੇਂ ਕਿ ਹੋਲੀ ਦੇ ਤਿਉਹਾਰ ਤੇ ਅੱਗ ਬਾਲਣਾ, ਮਾਰੀਆਈ (ਚੇਚਕ ਅਤੇ ਹੈਜਾ ਦੀ ਬੀਮਾਰੀ ਦੀ ਦੇਵੀ) ਦੇ ਮੰਦਰ ਦੀ ਦੇਖ-ਭਾਲ ਕਰਨ ਕਰਕੇ ਅਪਵਿੱਤਰ ਜਾਣਿਆ ਜਾਂਦਾ ਸੀ ਅਤੇ ਜਿਸ ਕਾਰਨ ਉਸ ਨੂੰ ਸਵਰਨਾਂ ਤੋਂ ਦੂਰ ਰੱਖਿਆ ਜਾਂਦਾ ਸੀ। ਉਸ ਨੂੰ ਸਵਰਨਾਂ ਤੋਂ ਅੱਡ ਪਛਾਣ ਲਈ ਆਪਣੇ ਹੱਥ ਵਿੱਚ ਸੋਟੀ ਅਤੇ ਆਪਣੇ ਮੋਢਿਆਂ ਤੇ ਕੰਬਲ ਰੱਖਣਾ ਪੈਂਦਾ ਸੀ।

ਅੰਗਰੇਜ਼ ਰਾਜ ਦੌਰਾਨ ਮਹਾਰ ਜਾਤੀ ਦੇ ਜੀਵਨ ਵਿੱਚ ਕੁਝ ਤਬਦੀਲੀ ਆਉਂਦੀ ਹੈ। ਅੰਗਰੇਜ਼ਾਂ ਦਾ ਆਵਾਜਾਈ ਦੇ ਸਾਧਨਾਂ ਪ੍ਰਤੀ ਧਿਆਨ ਸੜਕਾਂ, ਰੇਲਵੇ ਲਾਈਨਾਂ ਅਤੇ ਪੁਲਾਂ ਦੇ ਨਿਰਮਾਣ ਦੇ ਕੰਮ ਦੀ ਵੱਡੇ ਪੱਧਰ ਤੇ ਸ਼ੁਰੂਆਤ ਕਰਦਾ ਹੈ। ਅੰਗਰੇਜ਼ਾਂ ਨੇ ਮਿੱਲਾਂ ਅਤੇ ਅਸਲੇ ਦੀਆਂ ਫੈਕਟਰੀਆਂ ਵੀ ਸਥਾਪਿਤ ਕੀਤੀਆਂ। ਅੰਗਰੇਜ਼ਾਂ ਵਲੋਂ ਇਨ੍ਹਾਂ ਯਤਨਾਂ ਸਦਕਾ ਰੁਜ਼ਗਾਰ ਦੀਆਂ ਸਹੂਲਤਾਂ ਮੁਹੱਈਆ ਹੋਣੀਆਂ ਸ਼ੁਰੂ ਹੋਈਆਂ। ਇਨ੍ਹਾਂ ਵਿੱਚ ਅੰਗਰੇਜ਼ੀ-ਭਾਰਤੀ ਫ਼ੌਜ ਵਲੋਂ ਨੌਕਰੀ ਨੇ ਵੀ ਵਾਧਾ ਕੀਤਾ। ਇਨ੍ਹਾਂ ਨਵੀਆਂ ਨੌਕਰੀਆਂ ਵਿੱਚ ਜਗ੍ਹਾ ਮਿਲਣ ਕਰਕੇ ਮਹਾਰਾਂ ਨੂੰ ਪਿੰਡ ਦੀ ਘੁਟਣ ਤੋਂ ਰਾਹਤ ਮਿਲਣੀ ਸ਼ੁਰੂ ਹੋਈ। ਜਿਹੜੇ ਮਹਾਰ ਇਨ੍ਹਾਂ ਨੌਕਰੀਆਂ ਉਤੇ ਚਲੇ ਗਏ ਉਨ੍ਹਾਂ ਵਿਚੋਂ ਹੀ ਪੜ੍ਹੇ-ਲਿਖੇ ਮਹਾਰ ਨੌਜਵਾਨਾਂ 'ਚ ਦਲਿਤ ਮੁਕਤੀ ਅੰਦੋਲਨ ਦੀ ਚਿਣਗ ਫੁੱਟਣੀ ਸ਼ੁਰੂ ਹੋਈ। ਦਲਿਤ ਮੁਕਤੀ ਅੰਦੋਲਨ ਵਿੱਚ ਉਨ੍ਹਾਂ ਮਹਾਰਾਂ ਨੇ ਸ਼ਮੂਲੀਅਤ ਕੀਤੀ ਜਿਹੜੇ ਮਹਾਰਵਾੜਾ ਦੇ ਵਿਤਕਰੇ ਭਰੇ ਮਾਹੌਲ ਤੋਂ ਖਲਾਸੀ ਪਾ ਕੇ ਪੇਂਡੂ ਜੀਵਨ ਦੀ ਪਛਾਣ ਤੋਂ ਮੁਕਤ ਹੋ ਚੁੱਕੇ ਸਨ। ਡਾ. ਅੰਬੇਡਕਰ ਅਜਿਹੇ ਮਹਾਰਾਂ ਵਿੱਚੋਂ ਪ੍ਰਮੁੱਖ ਸਨ ਜਿਨ੍ਹਾਂ ਦਾ ਮਹਾਰਵਾੜਾ ਨਾਲ ਨਾਤਾ ਮੁਕੰਮਲ ਤੌਰ ਤੇ ਟੁੱਟ ਚੁੱਕਾ ਸੀ। ਉਹ ਸ਼ਹਿਰ ਵਿੱਚ ਜਨਮੇ ਅਤੇ ਸ਼ਹਿਰਾਂ ਵਿੱਚ ਹੀ ਵਿਚਰੇ। ਉਹ ਬੜੀ ਮੁਸ਼ਕਲ ਨਾਲ ਆਪਣੇ ਜੱਦੀ ਪਿੰਡ ਇਕ ਜਾਂ ਦੋ ਵਾਰ ਹੀ ਗਏ।

ਭਾਵੇਂ ਡਾ. ਅੰਬੇਡਕਰ ਦਾ ਨਾਤਾ ਸ਼ਹਿਰੀ ਜੀਵਨ ਨਾਲ ਰਿਹਾ ਪਰੰਤੂ ਛੂਤ-ਛਾਤ ਨੇ ਉਨ੍ਹਾਂ ਦਾ ਪਿੱਛਾ ਪਰਛਾਵੇਂ ਦੀ ਤਰ੍ਹਾਂ ਜਾਰੀ ਰੱਖਿਆ। ਪੇਂਡੂ ਅਤੇ ਸ਼ਹਿਰੀ ਜੀਵਨ ਦਾ ਛੂਤ-ਛਾਤ ਦੇ ਸੰਦਰਭ ਵਿੱਚ ਜੋ ਫ਼ਰਕ ਸਾਹਮਣੇ ਆਉਂਦਾ ਹੈ ਉਹ ਹੈ ਸ਼ਹਿਰਾਂ ਵਿੱਚ ਪਿੰਡਾਂ ਦੇ ਮੁਕਾਬਲਤਨ ਚੇਤਨਾ ਦਾ ਕਾਫ਼ੀ ਸੁਚੇਤ ਹੋਣਾ ਅਤੇ ਇਸ ਦੇ ਨਾਲ-ਨਾਲ ਸ਼ਹਿਰੀ ਮਾਹੌਲ ਵਿੱਚ ਸਾਧਨਾਂ ਦੀ ਬਹੁਲਤਾ ਕਰਕੇ ਜਾਗੀਰੂ ਦਾਬੇ ਦਾ ਪੇਤਲਾ ਪੈਣਾ। ਡਾ. ਅੰਬੇਡਕਰ ਦਾ ਸ਼ਹਿਰ ਨਾਲ ਨਾਤਾ ਉਸ ਦੇ ਪਰਿਵਾਰ ਵਿੱਚ ਆਈ ਸਮਾਜਿਕ ਉਥਾਨ ਪ੍ਰਤੀ ਤਬਦੀਲੀ ਨਾਲ ਹੈ। ਸੂਬੇਦਾਰ ਰਾਮ ਜੀ (ਡਾ. ਅੰਬੇਡਕਰ ਦੇ ਪਿਤਾ ਜੀ) ਦਾ ਪਿੰਡ ਨਾਲ ਨਾਤਾ, ਉਨ੍ਹਾਂ ਦੇ ਫੌਜ ਵਿੱਚ (ਸਿਪਾਹੀ) ਭਰਤੀ ਹੋਣ ਕਾਰਨ, ਟੁੱਟ ਜਾਂਦਾ ਹੈ। ਉਹ ਫੌਜ ਵਿੱਚ ਤਰੱਕੀ ਕਰਦੇ-ਕਰਦੇ ਸੂਬੇਦਾਰ ਮੇਜਰ ਦੇ ਅਹੁਦੇ ਤੇ ਪਹੁੰਚ ਜਾਂਦੇ ਹਨ। ਉਨ੍ਹਾਂ ਨੇ ਫੌਜ ਵਿੱਚ ਨੌਕਰੀ ਦੌਰਾਨ ਹੀ ਵਿਦਿਆ ਹਾਸਲ ਕਰਕੇ ਫੌਜ ਦੇ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ ਜਿੱਥੇ ਉਹ ਮੁੱਖ ਅਧਿਆਪਕ ਵੀ ਰਹੇ। ਡਾ. ਅੰਬੇਡਕਰ ਦੇ ਦਾਦਾ ਮਾਲੋਜੀ ਸਕਪਾਲ ਵੀ ਫੌਜ ਦੀ ਨੌਕਰੀ ਤੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਦੀ ਮਾਤਾ ਭੀਮਾ ਬਾਈ ਦਾ ਵੀ ਫੌਜੀ ਪਰਿਵਾਰ ਨਾਲ ਸੰਬੰਧ ਸੀ। ਭੀਮਾ ਬਾਈ ਦੇ ਪਿਤਾ ਸੂਬੇਦਾਰ ਮੇਜਰ ਸਨ ਅਤੇ ਉਸਦੇ ਛੇ ਚਾਚੇ ਵੀ ਸੂਬੇਦਾਰ ਮੇਜਰ ਸਨ। ਡਾ. ਅੰਬੇਡਕਰ ਦੇ ਦਾਦਕੇ ਅਤੇ ਨਾਨਕੇ ਪਰਿਵਾਰਾਂ ਦਾ ਫੌਜ ਵਿੱਚ ਚੰਗੇ ਅਹੁਦਿਆਂ ਤੇ ਤਾਇਨਾਤ ਹੋਣਾ ਅਤੇ ਜਿਸ ਦੇ ਫਲਸਰੂਪ ਪੇਂਡੂ ਜਗੀਰੂ ਵਿਧਾਨ ਤੋਂ ਮੁਕਤ ਹੋ ਕੇ ਤਰੱਕੀ ਪਸੰਦ ਸ਼ਹਿਰੀ ਜੀਵਨ ਬਤੀਤ ਕਰਨਾ ਉਨ੍ਹਾਂ ਦੇ ਦਲਿਤ ਮੁਕਤੀ ਅੰਦੋਲਨ ਨਾਲ ਲਗਾਅ ਦੀ ਤਿੱਖੀ ਨਿਸ਼ਾਨਦੇਹੀ ਕਰਦਾ ਹੈ। ਡਾ. ਅੰਬੇਡਕਰ ਨੂੰ ਦਲਿਤ ਮੁਕਤੀ ਅੰਦੋਲਨ ਦੀ ਗੁੜ੍ਹਤੀ ਆਪਣੇ ਘਰੋਂ ਹੀ ਮਿਲੀ ਸੀ। ਉਨ੍ਹਾਂ ਦੇ ਪਿਤਾ ਸੂਬੇਦਾਰ ਰਾਮ ਜੀ ਸਮਾਜ ਸੁਧਾਰ ਅਭਿਆਨ ਵਿੱਚ ਡੂੰਘੀ ਰੁਚੀ ਰੱਖਦੇ ਸਨ। ਉਨ੍ਹਾਂ ਵਲੋਂ ਬੰਬਈ ਹਾਈ ਕੋਰਟ ਦੇ ਜੱਜ ਰਾਨਾਡੇ ਦੀ ਮੱਦਦ ਨਾਲ ਬਰਤਾਨੀਆਂ ਸਰਕਾਰ ਦੁਆਰਾ ਫੌਜ ਵਿੱਚ ਅਛੂਤਾਂ ਦੀ ਭਰਤੀ ਨੂੰ 1892 ਈਸਵੀ ਵਿੱਚ ਬੰਦ ਕਰਨ ਦੇ ਸੰਬੰਧ ਵਿੱਚ ਤਤਕਾਲੀ ਗਵਰਨਰ ਨੂੰ ਮੈਮੋਰੰਡਮ ਦੀ ਇਕ ਨਕਲ ਆਪਣੇ ਪਿਤਾ ਜੀ ਦੇ ਪੁਰਾਣੇ ਕਾਗਜ਼ਾਂ ਵਿਚੋਂ ਲੱਭੀ ਅਤੇ ਜਿਸ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਇਕ ਪੁਸਤਕ ਵਿੱਚ ਵੀ ਕੀਤਾ ਹੈ।

ਜਿਵੇਂ ਕਿ ਉਪਰ ਚਰਚਾ ਕਰ ਆਏ ਹਾਂ, ਡਾ. ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਨਾਲ ਸੰਬੰਧ ਦਾ ਮੁਖ ਕਾਰਨ ਉਨ੍ਹਾਂ ਦੇ ਨਿੱਜੀ ਜੀਵਨ ਵਿੱਚ ਵਾਪਰੀਆਂ ਜਾਤੀ ਆਧਾਰਤ ਵਿਤਕਰਿਆਂ ਦੀਆਂ ਦਿਲ ਕੰਬਾਉਣ ਵਾਲੀਆਂ ਘਟਨਾਵਾਂ ਹਨ ਜਿਨ੍ਹਾਂ ਦਾ ਸੰਖੇਪ ਖੁਲਾਸਾ ਕਰਨਾ ਇਥੇ ਅਤਿਅੰਤ ਜ਼ਰੂਰੀ ਬਣਦਾ ਹੈ। ਇਨ੍ਹਾਂ ਘਟਨਾਵਾਂ ਦਾ ਅੱਗੋਂ ਸੰਬੰਧ ਉਨ੍ਹਾਂ ਦੇ ਵਿਦਿਅਕ ਜੀਵਨ, ਖ਼ਾਸ ਕਰਕੇ ਸਤਾਰਾ ਤੇ ਬੰਬਈ ਸ਼ਹਿਰਾਂ ਵਿੱਚ, ਅਤੇ ਬਾਅਦ ਵਿੱਚ ਵਿਦੇਸ਼ 'ਚੋਂ ਉਚੀ ਵਿਦਿਆ ਦੀਆਂ ਡਿਗਰੀਆਂ ਹਾਸਲ ਕਰਨ ਉਪਰੰਤ ਬੜੌਦਾ ਨੌਕਰੀ ਕਰਨ ਦੌਰਾਨ ਅਤੇ ਬਾਅਦ ਵਿੱਚ ਉਨ੍ਹਾਂ ਵਲੋਂ ਵਿਢੇ ਗਏ ਦਲਿਤ ਸੰਘਰਸ਼ ਦੌਰਾਨ ਪੇਸ਼ ਆਈਆਂ ਸਮਾਜਿਕ ਵਿਤਕਰੇ ਦੀਆਂ ਔਕੜਾਂ ਨਾਲ ਹੈ।

ਡਾ. ਅੰਬੇਡਕਰ ਨੇ ਆਪਣੀ ਮੁਢਲੀ ਵਿਦਿਆ ਕੈਂਪ ਸਕੂਲ ਸਤਾਰਾ ਵਿਖੇ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ ਜੀ 1894 ਵਿੱਚ ਜਦ ਅੰਬੇਡਕਰ ਤਿੰਨ ਸਾਲ ਦੇ ਸਨ ਫੌਜ ਦੀ ਨੌਕਰੀ ਤੋਂ ਮੁਕਤ ਹੋ ਗਏ। ਨੌਕਰੀ ਤੋਂ ਮੁਕਤ ਹੋਣ ਉਪਰੰਤ ਉਹ ਆਪਣੇ ਟੱਬਰ ਸਮੇਤ ਆਪਣੇ ਜੱਦੀ ਪਿੰਡ ਅੰਬਾਵਡੇ ਦੇ ਨਜ਼ਦੀਕ ਦਾਪੋਲੀ ਵਿਖੇ ਰਹਿਣ ਵਾਸਤੇ ਆ ਗਏ। ਦਪੋਲੀ ਵਿਖੇ ਹੋਰ ਵੀ ਮਹਾਰ ਨੌਕਰੀ ਤੋਂ ਮੁਕਤ ਹੋਏ ਅਫਸਰ ਰਹਿ ਰਹੇ ਸਨ। 1894 ਦੇ ਹੀ ਆਸ-ਪਾਸ ਦਾਪੋਲੀ ਦੀ ਮਿਊਂਸੀਪਲ ਵਿਦਿਅਕ ਵਿਭਾਗ ਨੇ ਅਛੂਤ ਬੱਚਿਆਂ ਨੂੰ ਸਕੂਲ ਵਿੱਚ ਪੜ੍ਹਨ ਤੋਂ ਮਨ੍ਹਾਂ ਕਰ ਦਿੱਤਾ। ਸੂਬੇਦਾਰ ਰਾਮ ਜੀ ਨੂੰ ਇਸ ਗੱਲ ਦੀ ਬੜੀ ਚਿੰਤਾ ਸੀ ਕਿ ਉਸ ਦੇ ਬੱਚੇ ਅਜਿਹੇ ਹਲਾਤਾਂ 'ਚ ਪੜ੍ਹਨਗੇ ਕਿਸ ਤਰ੍ਹਾਂ? ਇਸ ਤੋਂ ਇਲਾਵਾ ਡਾ. ਅੰਬੇਡਕਰ ਦੀ ਮਾਤਾ ਜੀ ਨੂੰ ਵੀ ਦਪੋਲੀ ਦਾ ਵਾਤਾਵਰਨ ਰਾਸ ਨਹੀਂ ਆਇਆ। ਇਨ੍ਹਾਂ ਕਾਰਨਾਂ ਕਰਕੇ ਸੂਬੇਦਾਰ ਰਾਮਜੀ ਨੇ ਦਾਪੋਲੀ ਵਿੱਚ ਵਸਣ ਦਾ ਖਿਆਲ ਛੱਡ ਕੇ ਬੰਬਈ ਰਹਿਣ ਦਾ ਫੈਸਲਾ ਕਰ ਲਿਆ। ਬੰਬਈ ਵਿੱਚ ਕੋਈ ਨੌਕਰੀ ਨਾ ਮਿਲਦੀ ਦੇਖ ਕੇ ਉਨ੍ਹਾਂ ਨੇ ਬਾਅਦ ਵਿੱਚ ਸਤਾਰਾ ਵਿਖੇ ਪਬਲਿਕ ਵਰਕਸ ਡਿਪਾਰਟਮੈਂਟ ਵਿੱਚ ਸਟੋਰ ਕੀਪਰ ਦੀ ਨੌਕਰੀ ਕਰ ਲਈ। ਸੂਬੇਦਾਰ ਰਾਮਜੀ ਦਾਪੋਲੀ ਵਿੱਚ ਦੋ ਸਾਲ ਰਹਿਣ ਤੋਂ ਬਾਅਦ 1896 ਵਿੱਚ ਪਰਿਵਾਰ ਸਮੇਤ ਸਤਾਰਾ ਚਲੇ ਗਏ। ਸਤਾਰਾ ਪਹੁੰਚਣ ਤੋਂ ਬਾਅਦ ਸੂਬੇਦਾਰ ਰਾਮਜੀ ਦੀ ਗੋਰੇਗਾਂਵ ਬਦਲੀ ਹੋ ਗਈ ਅਤੇ ਉਹ ਪਰਿਵਾਰ ਨੂੰ ਸਤਾਰਾ ਵਸਾ ਕੇ ਆਪ ਗੋਰੇਗਾਂਵ ਚਲੇ ਗਏ। ਸੂਬੇਦਾਰ ਰਾਮਜੀ ਦੇ ਸਤਾਰਾ ਪਹੁੰਚਣ ਤਕ 14 ਬੱਚਿਆਂ ਵਿਚੋਂ ਕੇਵਲ ਪੰਜ ਜੀਵਤ ਸਨ ਜਿਨ੍ਹਾਂ ਵਿਚ ਬਲਰਾਮ, ਮੰਜੂਲਾ ਅਤੇ ਤੁਲਸੀ ਦੀ ਸ਼ਾਦੀ ਹੋ ਚੁੱਕੀ ਸੀ। ਘਰ ਵਿੱਚ ਭੀਮ ਰਾਓ (ਡਾ. ਅੰਬੇਡਕਰ) ਅਤੇ ਆਨੰਦ ਰਾਓ ਹੀ ਸਨ। ਸੂਬੇਦਾਰ ਰਾਮਜੀ ਦੇ ਗੋਰੇਗਾਂਵ ਜਾਣ ਤੋਂ ਬਾਅਦ ਜਲਦੀ ਹੀ ਭੀਮਾਬਾਈ ਦੀ ਮੌਤ ਹੋ ਗਈ। ਡਾ. ਅੰਬੇਡਕਰ ਨੂੰ ਆਪਣੀ ਮਾਂ ਨਾਲ ਬਹੁਤ ਪਿਆਰ ਸੀ ਜਿਸ ਦਾ ਉਨ੍ਹਾਂ ਨੂੰ ਵੱਡਾ ਸਦਮਾ ਲੱਗਾ। ਭੀਮਾ ਬਾਈ ਦੀ ਮੌਤ ਤੋਂ ਬਾਅਦ ਬੱਚਿਆਂ ਦੀ ਦੇਖਭਾਲ ਡਾ. ਅੰਬੇਡਕਰ ਦੀ ਭੂਆ ਮੀਰਾ ਬਾਈ, ਜੋ ਉਨ੍ਹਾਂ ਦੇ ਪਿਤਾ ਜੀ ਤੋਂ ਵੱਡੇ ਤੇ ਅਪਾਹਜ ਸਨ, ਕਰਦੇ ਸਨ। ਮੀਰਾ ਬਾਈ ਤੋਂ ਇਲਾਵਾ ਮੰਜੂਲਾ ਅਤੇ ਤੁਲਸੀ (ਡਾ. ਅੰਬੇਡਕਰ ਦੀਆਂ ਵਿਆਹੀਆਂ ਹੋਈਆਂ ਭੈਣਾਂ) ਵਾਰੋ-ਵਾਰੀ ਅੰਬੇਡਕਰ ਅਤੇ ਆਨੰਦ ਰਾਓ ਦੀ ਦੇਖ-ਭਾਲ ਕਰਦੀਆਂ ਸਨ।

ਸਤਾਰਾ ਵਿਖੇ ਰਹਿੰਦੇ ਹੋਏ ਡਾ. ਅੰਬੇਡਕਰ ਨੂੰ ਪਹਿਲੀ ਵਾਰ ਛੂਤ-ਛਾਤ ਦਾ ਅਨੁਭਵ ਹੋਇਆ। ਭੀਮ ਦੀ ਹਜਾਮਤ ਕਰਨ ਲਈ ਕੋਈ ਨਾਈ ਤਿਆਰ ਨਹੀਂ ਸੀ ਹੁੰਦਾ। ਸਕੂਲ ਵਿੱਚ ਉਨ੍ਹਾਂ ਨੂੰ ਦੂਸਰੇ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ ਉਹ ਵੀ ਘਰੋਂ ਲਿਆਂਦੇ ਆਪਣੇ ਟਾਟ ਉਤੇ। ਉਨ੍ਹਾਂ ਨੂੰ ਸਕੂਲ ਦੇ ਪਿਆਓ ਤੋਂ ਪਾਣੀ ਪੀਣ ਦੀ ਮਨਾਹੀ ਸੀ। ਸਕੂਲ ਦੇ ਮਾਸਟਰ ਉਸ ਨੂੰ ਸਵਰਨ ਬੱਚਿਆਂ ਨਾਲ ਕ੍ਰਿਕਟ ਖੇਡਣ ਦੀ ਇਜਾਜ਼ਤ ਨਹੀਂ ਦਿੰਦੇ ਸਨ। ਉਨ੍ਹਾਂ ਦੇ ਵਾਲ ਉਨ੍ਹਾਂ ਦੀ ਭੈਣਾਂ ਹੀ ਕੱਟਿਆ ਕਰਦੀਆਂ ਸਨ। ਪਿਆਸ ਲੱਗਣ ਤੇ ਉਨ੍ਹਾਂ ਨੂੰ ਪਾਣੀ ਕੋਈ ਸਵਰਨ ਵਿਦਿਆਰਥੀ ਦੂਰੋਂ ਹੀ ਹੱਥਾਂ ਤੇ ਪਾ ਕੇ ਪਿਲਾ ਦਿੰਦਾ ਸੀ। ਇਕ ਵਾਰੀ ਭੀਮ ਨੂੰ ਆਮ ਪਿਆਓ ਤੋਂ ਪਾਣੀ-ਪੀਣ ਕਰਕੇ ਬਹੁਤ ਕੁੱਟ ਵੀ ਪਈ ਸੀ। ਇਨ੍ਹਾਂ ਛੂਤ-ਛਾਤ ਦੀਆਂ ਘਟਨਾਵਾਂ ਨੇ ਬੱਚੇ ਭੀਮਰਾਓ ਨੂੰ ਛੋਟੀ ਉਮਰ ਵਿਚ ਹੀ ਇਸ ਗੱਲ ਦਾ ਅਹਿਸਾਸ ਕਰਵਾ ਦਿਤਾ ਸੀ ਕਿ ਜਿਸ ਸਮਾਜ ਵਿੱਚ ਉਹ ਰਹਿ ਰਹੇ ਹਨ ਉਸ ਵਿੱਚ ਇਨਸਾਨ ਦੀ ਪਛਾਣ ਉਸ ਦੀ ਜਾਤ ਹੈ ਅਤੇ ਜੋ ਜਾਤਾਂ ਅਛੂਤ ਹਨ ਉਨ੍ਹਾਂ ਨੂੰ ਇਨਸਾਨ ਨਹੀਂ ਮੰਨਿਆ ਜਾਂਦਾ। ਇਸੇ ਤਰ੍ਹਾਂ ਦੀ ਹੀ ਇਕ ਹੋਰ ਛੂਤ-ਛਾਤ ਨਾਲ ਸੰਬੰਧਤ ਘਟਨਾ ਨੇ ਉਨ੍ਹਾਂ ਦਾ ਮਨ ਵਲੂੰਧਰ ਸੁੱਟਿਆ। ਉਹ ਘਟਨਾ ਇਸ ਤਰ੍ਹਾਂ ਹੈ ਕਿ ਇਕ ਵਾਰੀ ਭੀਮ ਆਪਣੇ ਵੱਡੇ ਭਰਾ ਅਤੇ ਛੋਟੇ ਭਤੀਜੇ ਨਾਲ ਸਤਾਰਾ ਤੋਂ ਗੋਰੇਗਾਂਵ ਗੱਡੀ ਰਾਹੀਂ ਗਏ। ਉਨ੍ਹਾਂ ਨੇ ਆਪਣੇ ਪਿਤਾ ਜੀ ਨੂੰ ਆਪਣੇ ਆਉਣ ਬਾਰੇ ਪਹਿਲਾਂ ਹੀ ਪੱਤਰ ਰਾਹੀਂ ਸੂਚਿਤ ਕਰ ਦਿਤਾ ਸੀ ਜੋ ਕਿ ਨੌਕਰ ਦੀ ਕੋਤਾਹੀ ਕਰਕੇ ਉਨ੍ਹਾਂ ਤਕ ਨਹੀਂ ਪਹੁੰਚ ਸਕਿਆ। ਜਦੋਂ ਬੱਚੇ ਗੋਰੇਗਾਂਵ ਤੋਂ ਪਹਿਲਾਂ ਪੈਂਦੇ ਪਾਦਲੀ ਰੇਲਵੇ ਸਟੇਸ਼ਨ ਤੇ ਪਹੁੰਚੇ, ਜਿਥੋਂ ਗੋਰੇਗਾਂਵ ਕਾਫੀ ਦੂਰ ਸੀ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਉਨ੍ਹਾਂ ਨੂੰ ਸਟੇਸ਼ਨ ਤੇ ਕੋਈ ਵੀ ਲੈਣ ਵਾਸਤੇ ਨਹੀਂ ਆਇਆ ਹੋਇਆ ਸੀ। ਬੱਚਿਆਂ ਦੇ ਅਛੂਤ ਹੋਣ ਦਾ ਪਤਾ ਲੱਗਣ ਤੇ ਕੋਈ ਵੀ ਬੈਲਗੱਡੀ ਵਾਲਾ ਉਨ੍ਹਾਂ ਨੂੰ ਲੈ ਜਾਣ ਲਈ ਤਿਆਰ ਨਹੀਂ ਸੀ। ਆਖ਼ਰ ਵਿੱਚ ਇਕ ਗੱਡੀਵਾਨ ਇਸ ਸ਼ਰਤ ਤੇ ਉਨ੍ਹਾਂ ਨੂੰ ਲੈ ਜਾਣ ਲਈ ਤਿਆਰ ਹੋਇਆ ਕਿ ਉਹ ਦੁੱਗਣੇ ਕਰਾਏ ਦੇ ਨਾਲ ਗੱਡੀ ਨੂੰ ਖੁਦ ਹੱਕਣਗੇ। ਆਨੰਦ ਰਾਓ ਨੇ ਗੱਡੀ ਹੱਕਣ ਦਾ ਕੰਮ ਆਪਣੇ ਜਿਮੇਂ ਲੈ ਲਿਆ। ਸ਼ਾਮ ਤੋਂ ਲੈ ਕੇ ਅੱਧੀ ਰਾਤ ਤੱਕ ਰਸਤੇ ਵਿੱਚ ਬੱਚਿਆਂ ਨੂੰ ਕਿਸੇ ਨੇ ਪਾਣੀ ਨਹੀਂ ਪਿਲਾਇਆ। ਜਿਥੇ ਕਿਤੇ ਵੀ ਪਾਣੀ ਦਾ ਬੰਦੋਬਸਤ ਹੁੰਦਾ ਸੀ ਉਨ੍ਹਾਂ ਨੂੰ ਪਾਣੀ ਪਿਆਉਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਸੀ। ਜਾਂ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਟਰਕਾ ਦਿੱਤਾ ਜਾਂਦਾ ਸੀ ਕਿ ਛੱਪੜ ਵਿਚੋਂ ਗੰਦਾ ਪਾਣੀ ਪੀ ਲਓ ਜਾਂ ਫਿਰ ਸਿੱਧਾ ਹੀ ਜੁਆਬ ਦੇ ਦਿੱਤਾ ਜਾਂਦਾ ਸੀ। ਇਸ ਘਟਨਾ ਨੇ ਭੀਮ ਦੇ ਮਨ ਤੇ ਡੂੰਘੀ ਸੱਟ ਮਾਰੀ। ਉਸ ਨੂੰ ਇਸ ਗੱਲ ਦਾ ਪਤਾ ਚੱਲ ਗਿਆ ਕਿ ਉਹ ਜਿਸ ਪਰਿਵਾਰ ਨਾਲ ਸੰਬੰਧ ਰੱਖਦੇ ਹਨ ਉਹ ਅਛੂਤ ਪਰਿਵਾਰ ਹੈ ਅਤੇ ਅਛੂਤਾਂ ਵਾਸਤੇ ਸਾਫ ਪਾਣੀ ਅਤੇ ਖਾਣਾ ਭਾਰਤੀ ਸਮਾਜ ਵਿੱਚ ਉਪਲਭਧ ਨਹੀਂ ਹੈ।

ਉਪਰੋਕਤ ਘਿਨਾਉਣੀਆਂ ਛੂਤ-ਛਾਤ ਤੇ ਆਧਾਰਤ ਘਟਨਾਵਾਂ ਦੇ ਨਾਲ-ਨਾਲ ਬੱਚੇ ਭੀਮਰਾਓ ਆਪਣੇ ਮੁੱਢਲੇ ਸਕੂਲ ਦੇ ਦਿਨਾਂ ਵਿੱਚ ਕੁਝ ਅਜਿਹੇ ਮੌਕੇ ਵੀ ਮਿਲੇ ਜਿਨ੍ਹਾਂ ਦੌਰਾਨ ਉਸ ਨੂੰ ਭਾਰਤੀ ਸਮਾਜ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਜ਼ੋਰ ਦੇ ਬਾਵਜੂਦ ਵੀ ਕੁਝ ਚੰਗੇ ਇਨਸਾਨਾਂ ਦੀ ਹੋਂਦ ਦਾ ਅਹਿਸਾਸ ਹੋਇਆ। ਅਜਿਹੇ ਇਨਸਾਨਾਂ ਵਿੱਚੋਂ ਪਹਿਲੇ ਸਨ ਮਾਸਟਰ ਪੇਂਡਸੇ। ਇੱਕ ਦਿਨ ਜਦੋਂ ਭੀਮ ਵਰਖਾ ਨਾਲ ਪੂਰੀ ਤਰ੍ਹਾਂ ਭਿੱਜ ਕੇ ਸਕੂਲ ਪਹੁੰਚਿਆ ਤਾਂ ਮਾਸਟਰ ਪੇਂਡਸੇ ਨੂੰ ਇਸਦਾ ਬਹੁਤ ਦੁੱਖ ਹੋਇਆ। ਭਾਵੇਂ ਪੇਂਡਸੇ ਸਵਰਨ ਹਿੰਦੂ ਸੀ। ਪਰੰਤੂ ਉਸਨੇ ਆਪਣੇ ਪੁੱਤਰ ਨੂੰ ਕਿਹਾ ਕਿ ਭੀਮ ਨੂੰ ਆਪਣੇ ਘਰ ਲਿਜਾ ਕੇ ਗਰਮ ਪਾਣੀ ਨਾਲ ਨਹਾ ਕੇ ਸੁੱਕੇ ਕੱਪੜੇ ਪਾ ਕੇ ਸਕੂਲ ਲਿਆਇਆ ਜਾਵੇ। ਇਸ ਤਰ੍ਹਾਂ ਦੇ ਦੂਜੇ ਇਨਸਾਨ ਸਨ ਇੱਕ ਹੋਰ ਬ੍ਰਾਹਮਣ ਸਕੂਲ ਮਾਸਟਰ। ਜਿਸਦਾ ਉਪਨਾਮ ਸੀ ਅੰਬੇਡਕਰ। ਮਹਾਰਾਸ਼ਟਰ ਦੇ ਲੋਕ ਆਪਣੇ ਨਾਮਾਂ ਦੇ ਪਿੱਛੇ ਆਪਣੇ ਪਿੰਡ ਦੇ ਨਾਮ ਨਾਲ 'ਕਰ' ਸ਼ਬਦ ਲਗਾ ਕੇ ਉਪਨਾਮ ਬਣਾਉਂਦੇ ਹਨ। ਭੀਮ ਦੇ ਜੱਦੀ ਪਿੰਡ ਦਾ ਨਾਮ ਅੰਬਾਵਡੇ ਸੀ। ਅੰਬਾਵਡੇ ਦੇ ਪਿੱਛੇ 'ਕਰ' ਲਗਾਉਣ ਨਾਲ ਭੀਮ ਦਾ ਉਪਨਾਮ ਅੰਬਾਵਡੇਕਰ ਬਣ ਗਿਆ। ਲੇਕਿਨ ਭੀਮ ਦੇ ਅਧਿਆਪਕ ਅੰਬੇਡਕਰ ਨੂੰ

(ਬਾਕੀ ਅਗਲੇ ਸਫੇ ਤੇ)

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ

ਇਹ ਉਪਨਾਮ ਪਸੰਦ ਨਹੀਂ ਸੀ। ਅਧਿਆਪਕ ਅੰਬੇਡਕਰ ਬ੍ਰਾਹਮਣ ਹੋਣ ਦੇ ਬਾਵਜੂਦ ਵੀ ਅਛੂਤ ਭੀਮ ਨੂੰ ਪਿਆਰ ਕਰਿਆ ਕਰਦੇ ਸਨ। ਉਹ ਭੀਮ ਨੂੰ ਆਪਣੇ ਘਰੋਂ ਖਾਣਾ ਲਿਆ ਕੇ ਵੀ ਦੇ ਦਿਆ ਕਰਦੇ ਸਨ। ਇੱਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਬ੍ਰਾਹਮਣਵਾਦੀ ਜਾਤ-ਪਾਤੀ ਕਰੂਰਤਾ ਦਾ ਦਬਦਬਾ ਇੰਨਾ ਜ਼ਿਆਦਾ ਸੀ ਕਿ ਭੀਮ ਨੂੰ ਪਿਆਰ ਕਰਨ ਵਾਲਾ ਬ੍ਰਾਹਮਣ ਮਾਸਟਰ ਇਨਸਾਨੀ ਦਰਦ ਤਹਿਤ ਖਾਣਾ ਤਾ ਦਿੰਦਾ ਸੀ ਪਰ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਡੱਸਿਆ ਹੋਇਆ ਉਹ ਖਾਣੇ ਨੂੰ ਦੂਰੋਂ ਹੀ ਉਸਦੇ ਥਾਂ ਤੇ ਸੁੱਟ ਦਿਆ ਕਰਦਾ ਸੀ। ਇਸ ਮਾਸਟਰ ਨੇ ਭੀਮ ਦਾ ਉਪਨਾਮ ਅੰਬਾਵਡੇਕਰ ਤੋਂ ਬਦਲ ਕੇ ਆਪਣੇ ਉਪਨਾਮ ਤੇ ਅੰਬੇਡਕਰ ਰੱਖ ਦਿੱਤਾ। ਇਸ ਤਰ੍ਹਾਂ ਬਾਬਾ ਸਾਹਿਬ ਦਾ ਨਾਮ ਭੀਮਰਾਓ ਅੰਬੇਡਕਰ ਪੈ ਗਿਆ।

ਭੀਮਰਾਓ ਦੇ ਅੰਬਾਵਡੇਕਰ ਤੋਂ ਅੰਬੇਡਕਰ ਬਣਨ ਦੀ ਘਟਨਾ ਨੂੰ ਅਕਸਰ ਸ਼ਲਾਘਾਪੂਰਵਕ ਨਜ਼ਰੀਏ ਤੋਂ ਪੇਸ਼ ਕੀਤਾ ਜਾਂਦਾ ਹੈ। ਆਲੋਚਨਾਤਮਕ ਨਜ਼ਰੀਏ ਤੋਂ ਦੇਖਦਿਆ ਇਸ ਘਟਨਾ ਵਿੱਚ ਵੀ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਸੰਸਕ੍ਰਿਤੀਕਰਨ ਦੀ ਪ੍ਰਕਿਰਿਆ ਦੀ ਝਲਕ ਪੈਂਦੀ ਹੈ। ਅੰਬੇਡਕਰ ਮਾਸਟਰ ਦੀ ਭੀਮ ਨਾਲ ਸਨੇਹ ਦੀ ਇਹ ਘਟਨਾ ਅਖੀਰ ਵਿੱਚ ਉਸਦਾ ਸੰਸਕ੍ਰਿਤੀਕਰਨ ਕਰਨ ਵਿੱਚ ਕਾਰਗਰ ਸਾਬਿਤ ਹੁੰਦੀ ਹੈ। ਜੋ ਅੱਜ ਤੱਕ ਅੰਬੇਡਕਰ ਦੇ ਨਾਮ ਨਾਲ ਜੁੜੀ ਇਸ ਘਟਨਾ ਨੂੰ ਉਸਦੇ ਉਪਨਾਮ ਨੂੰ ਬਦਲਣ ਦੇ ਵਿਰੋਧ ਵਿੱਚ ਕਿਸੇ ਵੀ ਤਰ੍ਹਾਂ ਦੀ ਚਰਚਾ ਕਰਦੀ ਨਜ਼ਰ ਨਹੀਂ ਆਉਂਦੀ। ਇਸ ਘਟਨਾ ਦਾ ਇਕ ਹੋਰ ਪਹਿਲੂ ਇਹ ਹੈ ਕਿ ਡਾ. ਅੰਬੇਡਕਰ ਨੇ ਆਪਣੇ ਇਸ ਸਵਰਨ ਅਧਿਆਪਕ ਵਲੋਂ ਦਿੱਤੇ ਹੋਏ ਉਪਨਾਮ ਨੂੰ ਅਪਣਾਈ ਰੱਖਿਆ। ਜਦੋਂ ਡਾ. ਅੰਬੇਡਕਰ ਗੋਲਮੇਜ ਕਾਨਫਰੰਸ ਦੇ ਪਹਿਲੇ ਇਜਲਾਸ ਲਈ ਜਾ ਰਹੇ ਸਨ ਤਾਂ ਇਸ ਅਧਿਆਪਕ ਨੇ ਹੀ ਉਨ੍ਹਾਂ ਨੂੰ ਵਧਾਈ ਪੱਤਰ ਭੇਜਿਆ ਸੀ ਜਿਸ ਨੂੰ ਉਨ੍ਹਾਂ ਨੇ ਬਹੁਤ ਹੀ ਮਾਣ ਨਾਲ ਸੰਭਾਲੀ ਰੱਖਿਆ। ਡਾ. ਅੰਬੇਡਕਰ ਅਨੁਸਾਰ ਬ੍ਰਾਹਮਣ ਅਤੇ ਬ੍ਰਾਹਮਣਵਾਦ ਦੋ ਅਲੱਗ-ਅਲੱਗ ਧਾਰਨਾਵਾਂ ਹਨ। ਬ੍ਰਾਹਮਣਵਾਦ ਦਾ ਸੰਬੰਧ ਜਾਤਪਾਤੀ ਵਰਤਾਰੇ ਨੂੰ ਮੰਨਣ ਨਾਲ ਹੈ। ਬ੍ਰਾਹਮਣ ਇਕ ਮਨੁੱਖ ਦੇ ਤੌਰ ਦੇ ਉੱਤੇ ਬ੍ਰਾਹਮਣਵਾਦ ਨੂੰ ਜਨਮ ਨਹੀਂ ਦਿੰਦਾ ਬਲਕਿ ਉਸ ਦਾ ਹਿੰਦੂ ਧਰਮ ਸ਼ਾਸਤਰਾਂ 'ਚ ਅਟੱਲ ਵਿਸ਼ਵਾਸ ਅਤੇ ਉਨ੍ਹਾਂ ਅਨੁਸਾਰ ਜੀਵਨ ਜਾਂਚ ਦੀ ਸਮਝ ਹੀ ਉਸ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਉਪਾਸ਼ਕ ਬਣਾ ਕੇ ਊਚ-ਨੀਚ, ਪਵਿੱਤਰ-ਅਪਵਿੱਤਰ ਦੇ ਦਵੰਦਾਂ ਵਿੱਚ ਜਕੜ ਕੇ ਜਾਤੀ ਵਿਤਕਰੇ ਵੱਲ ਰੁੱਖ ਕਰਨ ਨੂੰ ਮਜਬੂਰ ਕਰਦੀ ਹੈ। ਹਰ ਇਕ ਸ਼ਖ਼ਸ ਜੋ ਇਸ ਵਿਚਾਰਧਾਰਾ ਨੂੰ ਮੰਨਦਾ ਹੈ ਉਹ ਬ੍ਰਾਹਮਣ ਕਿਹਾ ਜਾ ਸਕਦਾ ਹੈ। ਡਾ. ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਇਸ ਵਿਚਾਰਧਾਰਾ ਨੂੰ ਜੜੋਂ ਹੀ ਰੱਦ ਕਰਕੇ ਜਾਤ ਦੇ ਬੀਜ ਨਾਸ਼ ਦਾ ਬੀੜਾ ਉਠਾਉਂਦਾ ਹੈ।

ਡਾ. ਭੀਮਰਾਓ ਅੰਬੇਡਕਰ ਦੇ ਬਚਪਨ ਵਿੱਚ ਇਕ ਹੋਰ ਤਬਦੀਲੀ ਜਨਮ ਲੈਂਦੀ ਹੈ। 1904 ਵਿੱਚ ਉਨ੍ਹਾਂ ਦੇ ਪਿਤਾ ਜੀ ਸਤਾਰਾ ਵਿਖੇ ਨੌਕਰੀ ਪੂਰਨ ਹੋਣ ਤੇ ਨਵੀਂ ਨੌਕਰੀ ਦੀ ਭਾਲ ਅਤੇ ਬੱਚਿਆਂ ਦੀ ਪੜ੍ਹਾਈ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਤਾਰਾ ਤੋਂ ਬੰਬਈ ਆ ਜਾਂਦੇ ਹਨ। ਬੰਬਈ ਵਿੱਚ ਉਹ ਲੋਅਰ ਪਰਲ ਦੀ ਡਬਲ ਚਾਲ ਵਿੱਚ ਆਪਣਾ ਬਸੇਰਾ ਕਰਦੇ ਹਨ। ਇਹ ਬਸਤੀ ਗਰੀਬ-ਗੁਰਬੇ ਅਛੂਤਾਂ ਦੀ ਬਸਤੀ ਸੀ। ਬੰਬਈ ਆ ਕੇ ਸੂਬੇਦਾਰ ਰਾਮਜੀ ਨੇ ਆਪਣੇ ਪੁੱਤਰ ਭੀਮ ਨੂੰ ਮਰਾਠਾ ਹਾਈ ਸਕੂਲ ਵਿੱਚ ਦਾਖਲ ਕਰਵਾਇਆ। ਬੰਬਈ ਆਉਣ ਤੋਂ ਬਾਅਦ ਭੀਮਰਾਓ ਨੇ ਬਹੁਤ ਮਨ ਲਗਾ ਕੇ ਪੜ੍ਹਾਈ ਕੀਤੀ। ਉਨ੍ਹਾਂ ਨੇ ਇਥੇ ਰਹਿੰਦੇ ਹੋਏ ਆਪਣੇ ਪਿਤਾ ਜੀ ਪਾਸੋਂ ਅੰਗਰੇਜ਼ੀ ਲਿਖਣ ਅਤੇ ਉਚਾਰਣ ਵਿੱਚ ਮੁਹਾਰਤ ਹਾਸਲ ਕੀਤੀ ਜਿਸ ਦਾ ਬਾਅਦ ਵਿੱਚ ਉਨ੍ਹਾਂ ਦੇ ਵਿਸ਼ਵ ਪ੍ਰਸਿੱਧ ਲੇਖਕ ਅਤੇ ਸਕਾਲਰ ਬਣਨ ਵਿੱਚ ਅਹਿਮ ਰੋਲ ਹੈ। ਮਰਾਠਾ ਸਕੂਲ ਵਿੱਚ ਕੁਝ ਮਹੀਨੇ ਪੜ੍ਹਨ ਤੋਂ ਬਾਅਦ ਭੀਮਰਾਓ ਨੇ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲਾ ਲੈ ਲਿਆ। ਬੰਬਈ ਦੇ ਇਸ ਪ੍ਰਸਿੱਧ ਸਕੂਲ ਵਿੱਚ ਵੀ ਜਾਤ-ਪਾਤੀ ਕੋਹੜ ਨੇ ਭੀਮਰਾਓ ਦਾ ਪਿੱਛਾ ਨਹੀਂ ਛੱਡਿਆ। ਇਸ ਸਕੂਲ ਵਿੱਚ ਇੱਕ ਦਿਨ ਜਦੋਂ ਉਹਨਾਂ ਦੇ ਮਾਸਟਰ ਦੇ ਕਹਿਣ ਤੇ ਭੀਮਰਾਓ ਬਲੈਕ ਬੋਰਡ ਉੱਤੇ ਥਿਊਰੀ ਦੇ ਸਵਾਲ ਨੂੰ ਹੱਲ ਕਰਨ ਲਈ ਉੱਠ ਕੇ ਜਾਣ ਲੱਗਦੇ ਹਨ ਤਾਂ ਉਹਨਾਂ ਦੇ ਅਜਿਹਾ ਕਰਨ ਤੇ ਜਮਾਤ ਦੇ ਸਵਰਨ ਸਹਿਪਾਠੀ ਬਹੁਤ ਇਤਰਾਜ਼ ਕਰਦੇ ਹਨ। ਜਿਸਦਾ ਕਾਰਨ ਇਹ ਸੀ ਕਿ ਬਲੈਕ ਬੋਰਡ ਦੇ ਕੋਲ ਉਹਨਾਂ ਬੱਚਿਆਂ ਦੇ ਖਾਣੇ ਦੇ ਡੱਬੇ ਪਏ ਹੋਏ ਸਨ। ਉਹਨਾਂ ਨੂੰ ਇਹ ਖਦਸ਼ਾ ਸੀ ਕਿ ਜਦੋਂ ਅਛੂਤ ਭੀਮਰਾਓ ਬਲੈਕ ਬੋਰਡ ਕੋਲ ਜਾਵੇਗਾ ਤਾਂ ਉੱਥੇ ਪਏ ਉਹਨਾਂ ਦੇ ਖਾਣੇ ਦੇ ਡੱਬੇ ਭਿੱਟ ਹੋ ਜਾਣਗੇ। ਅਧਿਆਪਕ ਨੇ ਭੀਮ ਨੂੰ ਬਲੈਕ ਬੋਰਡ ਵੱਲ ਜਾਣ ਤੋਂ ਤਦ ਤੱਕ ਰੋਕ ਰੱਖਿਆ ਜਦ ਤੱਕ ਉਹਨਾਂ ਬੱਚਿਆਂ ਨੇ ਆਪਣੇ ਖਾਣੇ ਦੇ ਡੱਬੇ ਉੱਥੋਂ ਹਟਾ ਨਹੀਂ ਲਏ। ਇਸੇ ਹੀ ਸਕੂਲ ਵਿੱਚ ਇੱਕ ਅਧਿਆਪਕ ਨੇ ਤਾਂ ਭੀਮਰਾਓ ਨੂੰ ਪੜ੍ਹਾਈ ਛੱਡਣ ਨੂੰ ਵੀ ਕਿਹਾ ਜਿਸਦਾ ਉਸਨੇ ਬੜੀ ਦਲੇਰੀ ਨਾਲ ਨਾਹ ਵਿੱਚ ਜਵਾਬ ਦਿੱਤਾ। ਬੰਬਈ ਦੇ ਇਸ ਪ੍ਰਸਿੱਧ ਸਕੂਲ ਵਿੱਚ ਹੀ ਭੀਮਰਾਓ ਨੂੰ ਆਪਣੇ ਭਰਾ ਸਮੇਤ ਸੰਸਕ੍ਰਿਤ ਪੜ੍ਹਨ ਦੀ ਇਜਾਜ਼ਤ ਨਹੀਂ ਮਿਲੀ ਸੀ। ਇਨ੍ਹਾਂ ਸਭ ਅਣਮਨੁੱਖੀ ਘਟਨਾਵਾਂ ਨੇ ਬੱਚੇ ਭੀਮ ਨੂੰ ਬਾਅਦ ਵਿੱਚ ਦਲਿਤ ਮੁਕਤੀ ਅੰਦੋਲਨ ਲਈ ਉਤੇਜਿਤ ਕੀਤਾ।

ਡਾ. ਅੰਬੇਡਕਰ ਉਪਰੋਕਤ ਤਮਾਮ ਅਣਮਨੁੱਖੀ ਘਟਨਾਵਾਂ ਦੇ ਬਾਵਜੂਦ ਵੀ ਆਪਣੀ ਲਗਨ ਅਤੇ ਦ੍ਰਿੜ ਵਿਸ਼ਵਾਸ਼ ਸਦਕਾ 1907 ਵਿੱਚ ਐਲਫਿੰਸਟਨ ਹਾਈ ਸਕੂਲ ਵਿੱਚੋਂ ਮੈਟ੍ਰਿਕ ਇਮਤਿਹਾਨ ਪਾਸ ਕਰ ਲੈਂਦੇ ਹਨ। ਉਸ ਵੇਲੇ ਕਿਸੇ ਮਹਾਰ ਵਾਸਤੇ ਬੰਬਈ ਯੂਨੀਵਰਸਿਟੀ ਦਾ ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨਾ ਬਹੁਤ ਮਾਣ ਦੀ ਗੱਲ ਸੀ। ਉਹਨਾਂ ਦੀ ਇਸ ਵਿੱਦਿਅਕ ਪ੍ਰਾਪਤੀ ਉੱਤੇ ਉਹਨਾਂ ਦੀ ਕਲੋਨੀ ਦੇ ਭਾਈਚਾਰੇ ਨੇ 1908 ਵਿੱਚ ਇੱਕ ਪ੍ਰਸ਼ੰਸ਼ਕ ਸਭਾ ਬੁਲਾਈ। ਜਿਸਦੀ ਪ੍ਰਧਾਨਗੀ ਐਸ. ਕੇ ਬੋਲੇ ਨੇ ਕੀਤੀ ਜੋ ਕਿ ਉਸ ਸਮੇਂ ਦੇ ਸਥਾਨਕ ਉੱਘੇ ਸਮਾਜ-ਸੁਧਾਰਕ ਸਨ। ਇਸ ਸਭਾ ਵਿੱਚ ਬੰਬਈ ਦੇ ਇੱਕ ਹਾਈ ਸਕੂਲ ਦੇ ਮਾਸਟਰ ਸ਼੍ਰੀ ਕੇਲੁਸਕਰ ਵੀ ਸ਼ਾਮਿਲ ਹੋਏ। ਜਿਨ੍ਹਾਂ ਨੇ ਭੀਮਰਾਓ ਨੂੰ ਆਪਣੀ ਇੱਕ ਨਵੀਂ ਲਿਖੀ ਪੁਸਤਕ 'ਗੌਤਮ ਬੁੱਧ ਦਾ ਜੀਵਨ ਚਰਿੱਤਰ' ਭੇਟ ਕੀਤੀ। ਕੇਲੁਸਕਰ ਦੀ ਭੀਮਰਾਓ ਨਾਲ ਮੁਲਾਕਾਤ ਬੰਬਈ ਦੇ ਇੱਕ ਬਾਗ ਵਿੱਚ ਇਕੱਠਿਆਂ ਪੜ੍ਹਾਈ ਕਰਦੇ ਹੋਈ ਸੀ। ਅਧਿਆਪਕ ਕੇਲੁਸਕਰ ਨੇ ਹੀ ਭੀਮਰਾਓ ਅੰਬੇਡਕਰ ਦੇ ਬੰਬਈ ਐਲਫਿੰਸਟਨ ਕਾਲਜ ਵਿੱਚ ਦਾਖਲ ਹੋਣ ਤੇ ਆਪਣੇ ਅਸਰ ਰਸੂਖ਼ ਦੇ ਜ਼ਰੀਏ ਬੜੌਦਾ ਦੇ ਮਹਾਰਾਜਾ ਗਾਇਕਵਾੜ ਕੋਲੋ ਪੱਚੀ ਰੁਪਏ ਮਹੀਨਾ ਵਜ਼ੀਫ਼ਾ ਦਿਲਵਾਇਆ ਸੀ। ਐਲਫਿੰਸਟਨ ਕਾਲਜ ਵੀ ਜਾਤ-ਪਾਤੀ ਵਿਤਕਰੇ ਤੋਂ ਮੁਕਤ ਨਹੀਂ ਸੀ। ਇਸ ਕਾਲਜ ਦੀ ਕੰਟੀਨ ਦਾ ਮਾਲਕ ਭੀਮਰਾਓ ਅੰਬੇਡਕਰ ਨੂੰ ਚਾਹ-ਪਾਣੀ ਇਸ ਕਰਕੇ ਨਹੀਂ ਦਿੰਦਾ ਸੀ ਕਿ ਉਹ ਅਛੂਤ ਮਹਾਰ ਹੈ। ਅਜਿਹੇ ਘੋਰ ਅਨਿਆਏ ਵਾਲੇ ਹਾਲਾਤਾਂ ਤੋਂ ਲੰਘਦੇ ਹੋਏ ਭੀਮਰਾਓ ਅੰਬੇਡਕਰ ਨੇ 1912 ਵਿੱਚ ਬੀ.ਏ. ਪਾਸ ਕਰ ਲਈ। ਬੀ.ਏ. ਪਾਸ ਕਰਨ ਉਪਰੰਤ ਉਹਨਾਂ ਨੇ ਬੜੌਦਾ ਸਟੇਟ ਫੋਰਸ ਵਿੱਚ ਲੈਫਟੀਨੈਂਟ ਦੀ ਨੌਕਰੀ ਲੈ ਲਈ। ਇਸ ਉਪਰੰਤ ਕੁਝ ਦਿਨਾਂ ਬਾਅਦ 2 ਫਰਵਰੀ 1913 ਨੂੰ ਉਹਨਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਸੂਬੇਦਾਰ ਰਾਮਜੀ ਨੇ ਆਪਣੇ ਪੁੱਤਰ ਭੀਮਰਾਓ ਦੀ ਸ਼ਾਦੀ 17 ਸਾਲ ਦੀ ਉਮਰ ਵਿੱਚ ਹੀ ਰਮਾਬਾਈ ਵਾਲੰਗਕਾਰ (ਉਮਰ 9 ਸਾਲ) ਨਾਲ ਕਰ ਦਿੱਤੀ ਸੀ। ਸੂਬੇਦਾਰ ਰਾਮਜੀ ਦਾ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਸਿਤਾਰੇ ਦੀ ਤਰ੍ਹਾਂ ਚਮਕਣ ਵਿੱਚ ਬਹੁਤ ਯੋਗਦਾਨ ਹੈ। ਉਹਨਾਂ ਨੇ ਬਹੁਤ ਤੰਗੀਆਂ ਝੱਲ ਕੇ ਭੀਮਰਾਓ ਨੂੰ ਸਿਰਫ਼ ਬੀ.ਏ. ਹੀ ਨਹੀਂ ਕਰਵਾਈ ਬਲਕਿ ਉਸਦੇ ਅੰਦਰ ਸਵੈਮਾਣ, ਇੱਜ਼ਤ ਅਤੇ ਦਲਿਤ ਉਥਾਨ ਪ੍ਰਤੀ ਜਜ਼ਬਾ ਵੀ ਕੁੱਟ-ਕੁੱਟ ਕੇ ਭਰਿਆ।

ਡਾ. ਭੀਮਰਾਓ ਅੰਬੇਡਕਰ ਦੇ ਜੀਵਨ ਵਿੱਚ ਸੁਰਤ ਸੰਭਾਲਣ ਤੋਂ ਲੈ ਕੇ ਬੀ.ਏ. ਪਾਸ ਕਰਨ ਤੱਕ ਦਾ ਸਮਾਂ ਦੁੱਖਾਂ-ਤਕਲੀਫਾਂ ਅਤੇ ਜਦੋ-ਜਹਿਦ ਨਾਲ ਭਰਪੂਰ ਸਮਾਂ ਕਿਹਾ ਜਾ ਸਕਦਾ ਹੈ। ਇਹ ਸਮਾਂ ਉਹਨਾਂ ਦੇ ਬਚਪਨ ਅਤੇ ਜਵਾਨੀ ਦਾ ਵੀ ਸਮਾਂ ਸੀ। ਇਹ ਇੱਕੀ ਸਾਲ ਭਾਵੇਂ ਡਾ. ਭੀਮਰਾਓ ਅੰਬੇਡਕਰ ਨੇ ਸ਼ਹਿਰਾਂ ਵਿੱਚ ਹੀ ਪੜ੍ਹਦੇ ਬਿਤਾਏ ਪਰੰਤੂ ਉਹ ਜਾਤ-ਪਾਤ ਤੇ ਆਧਾਰਤ ਸਮਾਜਕ ਵਿਤਕਰੇ ਤੋਂ ਬੱਚ ਨਹੀਂ ਸਕੇ। ਪੈਰ-ਪੈਰ ਤੇ ਜਾਤ-ਪਾਤੀ ਵਿਤਕਰੇ ਨੇ ਉਹਨਾਂ ਦੇ ਰਸਤੇ ਵਿੱਚ ਕੰਡੇ ਖਿਲਾਰੇ। ਇੱਥੇ ਇਹ ਦਰਸਾਉਣਾ ਵੀ ਅਤਿਅੰਤ ਜ਼ਰੂਰੀ ਹੈ ਕਿ ਉਹਨਾਂ ਨੂੰ ਅਣਮਨੁੱਖੀ ਘਟਨਾਵਾਂ ਦੌਰਾਨ ਸਮਾਜ ਦੇ ਕੁਝ ਕੁ ਸਵਰਨ ਲੋਕਾਂ ਤੋਂ ਵੀ ਇਨਸਾਨੀ ਦਰਦ ਤਹਿਤ ਮਦਦ ਮਿਲਦੀ ਰਹੀ। ਅਧਿਆਪਕ ਅੰਬੇਡਕਰ, ਪੇਂਡਸੇ, ਕੇਲੁਸਕਰ ਉਸ ਵਾਸਤੇ ਰੇਗਿਸਤਾਨ ਵਿੱਚ ਠੰਡੇ ਜਲ ਦੇ ਚਸ਼ਮੇ ਦੀ ਤਰ੍ਹਾਂ ਉੱਭਰ ਕੇ ਸਾਹਮਣੇ ਆਏ। ਇਸੇ ਤਰ੍ਹਾਂ ਐਸ.ਕੇ. ਬੋਲੇ ਅਤੇ ਮਹਾਰਾਜਾ ਸਿਆਜੀ ਰਾਓ ਗਾਇਕਵਾੜ ਦੀ ਹੌਸਲਾ ਅਫਜਾਈ ਅਤੇ ਮਾਇਕ ਮਦਦ ਨੇ ਉਨ੍ਹਾਂ ਦੇ ਪੜ੍ਹਨ-ਲਿਖਣ ਦੇ ਕੰਮ ਨੂੰ ਨੇਪਰੇ ਚਾੜ੍ਹਿਆ। ਇਨ੍ਹਾਂ ਮੁੱਢਲੇ 21 ਸਾਲਾਂ ਦੇ ਭੇਦ-ਭਾਵ ਭਰੇ ਅਤੇ ਕੁਝ ਕੁ ਉਤਸ਼ਾਹਿਤ ਕਰਨ ਵਾਲੇ ਤਮਾਮ ਤਜਰਬਿਆਂ ਦਾ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਅਹਿਮ ਯੋਗਦਾਨ ਹੈ। ਇਨ੍ਹਾਂ ਤਜਰਬਿਆਂ ਦੀ ਪਿੱਠ ਭੂਮੀ ਵਿੱਚ ਹੀ ਉਹ ਆਪਣੇ ਜੀਵਨ ਦੇ ਅਗਲੇ ਪੜਾਅ ਵਿੱਚ ਦਲਿਤ ਮੁਕਤੀ ਅੰਦੋਲਨ ਦਾ ਸੰਗਠਨ ਕਰਦੇ ਹਨ, ਜਿਸਦੀ ਚਰਚਾ ਇਸ ਅਧਿਆਏ ਦੇ ਹੇਠਲੇ ਭਾਗਾਂ ਵਿੱਚ ਕੀਤੀ ਜਾਣੀ ਹੈ।

*****

1913 ਤੋਂ 1917 ਤਕ ਡਾ. ਅੰਬੇਡਕਰ ਅਮਰੀਕਾ ਅਤੇ ਇੰਗਲੈਂਡ ਉੱਚ ਵਿਦਿਆ ਦੀ ਪ੍ਰਾਪਤੀ ਦੇ ਕਾਰਜ ਵਿੱਚ ਲੀਨ ਰਹੇ। ਇਨ੍ਹਾਂ ਚਾਰ ਸਾਲਾਂ ਦੇ ਸਮੇਂ ਦਾ ਉਨ੍ਹਾਂ ਦੇ ਦਲਿਤ ਮੁਕਤੀ ਅੰਦੋਲਨ ਦੀ ਰੂਪ-ਰੇਖਾ ਨੂੰ ਘੜਨ ਵਿੱਚ ਅਹਿਮ ਯੋਗਦਾਨ ਹੈ। 4 ਜੂਨ 1913 ਨੂੰ ਉਨ੍ਹਾਂ ਨੇ ਬੜੌਦਾ ਸਟੇਟ ਦੇ ਮੀਤ ਵਿਦਿਆ ਮੰਤਰੀ ਦੇ ਸਾਹਮਣੇ ਇਕ ਇਕਰਾਰਨਾਮੇ ਤੇ ਦਸਤਖ਼ਤ ਕਰਨ ਉਪਰੰਤ ਜੁਲਾਈ 1913 ਦੇ ਤੀਜੇ ਹਫ਼ਤੇ ਵਿੱਚ ਕੋਲੰਬੀਆ ਯੂਨੀਵਰਸਿਟੀ ਵਿਖੇ ਅਰਥ ਸ਼ਾਸਤਰ ਦੀ ਪੜ੍ਹਾਈ ਲਈ ਦਾਖ਼ਲਾ ਲੈ ਲਿਆ। ਅਮਰੀਕਾ ਵਿੱਚ ਜਾ ਕੇ ਉੱਚ-ਵਿਦਿਆ ਪ੍ਰਾਪਤ ਕਰਨਾ ਆਪਣੇ ਆਪ ਦੇ ਵਿੱਚ ਜਿਥੇ ਇਕ ਬਹੁਤ ਮਾਣ ਵਾਲੀ ਗੱਲ ਸੀ ਉੱਥੇ ਅਮਰੀਕਾ ਦੇ ਖੁਲ੍ਹਮ-ਖੁੱਲ੍ਹੇ ਸਮਾਨਤਾ ਤੇ ਆਧਾਰਤ ਸਮਾਜ ਨੇ ਭੀਮ ਰਾਓ ਅੰਬੇਡਕਰ ਨੂੰ ਇਕ ਅਜਿਹਾ ਮਾਹੌਲ ਵੀ ਮੁਹੱਈਆ ਕਰਵਾਇਆ ਜਿਸ ਵਿੱਚ ਰਹਿੰਦੇ ਹੋਏ ਉਹ ਹਰ ਇਕ ਮਨੁੱਖ ਦੀ ਬਰਾਬਰਤਾ ਅਤੇ ਭਰਾਤਰੀ ਭਾਵ ਦੇ ਸਿਧਾਂਤਾਂ ਨਾਲ ਭਰਪੂਰ ਤਰੱਕੀ ਦੇ ਰਾਹਾਂ ਦਾ ਪਾਂਧੀ ਬਣ ਸਕਣ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਕੋਲੰਬੀਆ ਵਿਖੇ ਬਿਤਾਏ ਤਿੰਨ ਸਾਲਾਂ, 1913-1916, ਨੇ ਉਨ੍ਹਾਂ ਅੰਦਰ ਕੁਝ ਕਰ ਗੁਜ਼ਰਨ ਦੀ ਸ਼ਕਤੀ ਨੂੰ ਉਜਾਗਰ ਕੀਤਾ। ਜਿਨ੍ਹਾਂ ਖ਼ਾਸ ਸ਼ਖ਼ਸੀਅਤਾਂ ਨੇ ਭੀਮ ਰਾਓ ਨੂੰ ਕੋਲੰਬੀਆ ਵਿਖੇ ਬਹੁਤ ਪ੍ਰਭਾਵਿਤ ਕੀਤਾ ਉਹ ਸਨ- ਪ੍ਰੋਫੈਸਰ ਜੌਹਨ ਡੈਵੀ, ਜੇਮਜ਼ ਸ਼ੋਟਵੈੱਲ, ਐਡਵਿਨ ਸੈਲੀਗਮਾਨ ਅਤੇ ਜੇਮਜ਼ ਹਾਰਵੇ ਰੋਬੀਨਸਨ। ਇਨ੍ਹਾਂ ਮਹਾਨ ਪ੍ਰੋਫੈਸਰਾਂ ਤੋਂ ਅੰਬੇਡਕਰ ਨੇ ਆਲੋਚਨਾਤਮਕ ਵਿਧੀ ਅਤੇ ਤਰਕਸੰਗਤ ਵਿਚਾਰ ਨਾਲ ਸਮਾਜਿਕ, ਰਾਜਨੀਤਕ ਅਤੇ ਆਰਥਿਕ ਹਾਲਾਤਾਂ ਨੂੰ ਸਮਝਣ ਦੀ ਸੋਝੀ ਪ੍ਰਾਪਤ ਕੀਤੀ। ਭਾਵੇਂ ਕੋਲੰਬੀਆ ਯੂਨੀਵਰਸਿਟੀ ਵਿਖੇ ਉਨ੍ਹਾਂ ਦਾ ਮੁੱਖ ਮਜ਼ਮੂਨ ਅਰਥ ਸ਼ਾਸਤਰ ਸੀ ਪਰੰਤੂ ਉਨ੍ਹਾਂ ਨੇ ਸਮਾਜ ਸ਼ਾਸਤਰ, ਇਤਿਹਾਸ, ਰਾਜਨੀਤੀ ਸ਼ਾਸਤਰ, ਦਰਸ਼ਨ ਅਤੇ ਮਾਨਵ ਵਿਗਿਆਨ ਵਰਗੇ ਵੱਖ-ਵੱਖ ਵਿਸ਼ਿਆਂ ਵਿੱਚ ਵੀ ਵਿਸ਼ੇਸ਼ ਪਾਠਕ੍ਰਮ ਚੁਣ ਕੇ ਉਨ੍ਹਾਂ ਦਾ ਡੂੰਘਾ ਅਧਿਐਨ ਕੀਤਾ। 1915 ਵਿੱਚ ਉਨ੍ਹਾਂ ਨੇ ਪ੍ਰਾਚੀਨ ਭਾਰਤੀ ਵਪਾਰ ਵਿਸ਼ੇ ਤੇ ਥੀਸਿਸ ਲਿਖ ਕੇ ਐਮ.ਏ. ਦੀ ਡਿਗਰੀ ਹਾਸਲ ਕੀਤੀ। 1916 ਵਿੱਚ ਉਨ੍ਹਾਂ ਨੇ ਮਾਨਵ ਵਿਗਿਆਨ ਗੋਸ਼ਟੀ ਵਿੱਚ 'ਹਿੰਦੋਸਤਾਨ ਵਿੱਚ ਜਾਤੀਆਂ, ਉਨ੍ਹਾਂ ਦੀ ਬਣਤਰ, ਮੁੱਢ ਤੇ ਵਿਕਾਸ' ਦੇ ਸਿਰਲੇਖ ਹੇਠਾਂ ਲੇਖ ਲਿਖ ਕੇ ਪੇਸ਼ ਕੀਤਾ। ਇਸ ਲੇਖ ਵਿੱਚ ਉਨ੍ਹਾਂ ਨੇ ਜਿਸ ਤਰੀਕੇ ਨਾਲ ਜਾਤ ਦੀ ਹੋਂਦ ਦੀ ਗੱਲ ਕੀਤੀ ਉਹ ਉਸ ਵੇਲੇ ਤਕ ਹੋਈ ਤਮਾਮ ਜਾਤ ਨਾਲ ਸੰਬੰਧਤ ਸ਼ੋਧ ਤੋਂ ਅਲੱਗ ਸੀ। ਇਥੇ ਇਹ ਦਰਸਾਉਣਾ ਜ਼ਰੂਰੀ ਬਣਦਾ ਹੈ ਕਿ ਭੀਮਰਾਓ ਅਰਥ ਸ਼ਾਸਤਰ ਵਿਗਿਆਨ ਦਾ ਵਿਦਿਆਰਥੀ ਹੁੰਦੇ ਹੋਏ ਵੀ ਇੰਨੀ ਡੂਘਾਈ ਨਾਲ ਜਾਤੀ ਦੇ ਵਿਸ਼ੇ ਨੂੰ ਸਮਝ ਕੇ ਜੋ ਉਸ ਬਾਰੇ ਆਪਣੀ ਰਾਏ ਬਣਾਉਂਦਾ ਹੈ ਉਸ ਦਾ ਕਾਰਨ ਉਨ੍ਹਾਂ ਵਲੋਂ ਸਤਾਰਾ ਅਤੇ ਬੰਬਈ ਵਿੱਚ ਬਿਤਾਏ ਗਏ ਬੀ.ਏ. ਤੱਕ ਦੀ ਪੜ੍ਹਾਈ ਦੇ ਸਾਲਾਂ ਦੌਰਾਨ ਜਾਤੀ ਤੌਰ ਤੇ ਅਪਮਾਨਤ ਹੋਣਾ ਹੈ। ਉਨ੍ਹਾਂ ਵਲੋਂ ਪੇਸ਼ ਕੀਤਾ ਗਿਆ ਜਾਤ ਨਾਲ ਸੰਬੰਧਤ ਉਪਰੋਕਤ ਲੇਖ ਇੰਡੀਅਨ ਐਟੀਕੁਆਰੀ ਨਾਮ ਦੇ ਰਸਾਲੇ ਦੇ ਮਈ 1917 ਦੇ ਅੰਕ ਵਿੱਚ ਛਪਿਆ। ਇਹ ਉਨ੍ਹਾਂ ਦਾ ਪਲੇਠਾ ਪ੍ਰਕਾਸ਼ਿਤ ਲੇਖ ਸੀ। ਜੂਨ 1916 ਵਿੱਚ ਉਨ੍ਹਾਂ ਨੇ 'ਨੈਸ਼ਨਲ ਡਿਵੀਡੈਂਡ ਆਫ਼ ਇੰਡੀਆ' ਨਾਮ ਦਾ ਥੀਸਿਸ ਪੀ-ਐਚ.ਡੀ. ਡਿਗਰੀ ਵਾਸਤੇ ਦਰਜ ਕਰਵਾਇਆ। 18 ਸਾਲਾਂ ਬਾਅਦ ਇਹ ਥੀਸਿਸ 'ਬਰਤਾਨਵੀ ਹਿੰਦੋਸਤਾਨ ਵਿੱਚ ਸੂਬਾਈ ਸਰਮਾਏ ਦਾ ਵਿਕਾਸ' ਦੇ ਸਿਰਲੇਖ ਹੇਠ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ। ਜਿਸ ਦੇ ਆਧਾਰ ਤੇ ਉਨ੍ਹਾਂ ਨੂੰ ਕੋਲੰਬੀਆ ਯੂਨੀਵਰਸਿਟੀ ਨੇ ਪੀ. ਐਚ. ਡੀ ਦੀ ਡਿਗਰੀ ਪ੍ਰਦਾਨ ਕੀਤੀ। ਉਨ੍ਹਾਂ ਨੇ ਆਪਣੀ ਇਹ ਪੁਸਤਕ ਮਹਾਰਾਜਾ ਸਿਆਜੀ ਰਾਓ ਨੂੰ ਸਮਰਪਿਤ ਕੀਤੀ ਅਤੇ ਇਸ ਪੁਸਤਕ ਦੀ ਭੂਮਿਕਾ ਉਨ੍ਹਾਂ ਦੇ ਪ੍ਰੋਫੈਸਰ ਸੈਲੀਗਮਨ ਨੇ ਲਿਖੀ। ਪ੍ਰੋ. ਸੈਲੀਗਮਨ ਭੂਮਿਕਾ ਵਿੱਚ ਲਿਖਦੇ ਹਨ ਕਿ ਜਿਥੋਂ ਤਕ ਉਨ੍ਹਾਂ ਨੂੰ ਜਾਣਕਾਰੀ ਹੈ ਕਿਧਰੇ ਵੀ ਇਸ ਵਿਸ਼ੇ ਤੇ ਇੰਨੀ ਡੂੰਘੀ ਤੇ ਤਫ਼ਸੀਲੀ ਖੋਜ ਨਹੀਂ ਕੀਤੀ ਗਈ ਜਿੰਨੀ ਕਿ ਅੰਬੇਡਕਰ ਨੇ ਕੀਤੀ ਹੈ। ਅੰਬੇਡਕਰ ਨੇ ਥੀਸਿਸ ਨੂੰ ਸੋਧਿਆ ਅਤੇ ਮਿਥੀ ਤਾਰੀਖ ਤੱਕ ਪੂਰਾ ਕੀਤਾ। ਉਨ੍ਹਾਂ ਨੇ ਇਸ ਥੀਸਿਸ ਵਿੱਚ ਮੌਨਟੈਗੂ-ਚੈਮਸ-ਫੋਰਡ ਸੁਧਾਰਾਂ ਬਾਰੇ ਵੀ ਜਿਥੋਂ ਤੱਕ ਵਿੱਤ ਦਾ ਸੰਬੰਧ ਹੈ ਬਹਿਸ ਕੀਤੀ। ਇਸ ਪੁਸਤਕ ਵਿੱਚ ਉਨ੍ਹਾਂ ਨੇ ਆਪਣੀ ਖੋਜ ਰਾਹੀਂ ਇਹ ਸਾਬਤ ਕੀਤਾ ਕਿ ਬਰਤਾਨਵੀ ਸਰਕਾਰ ਦੀ ਸਰਮਾਏਦਾਰੀ ਨੀਤੀ, ਨੌਕਰਸ਼ਾਹੀ ਅਤੇ ਜਨਤਾ ਨੂੰ ਦਬਾਏ ਰੱਖਣ ਸੰਬੰਧੀ ਕਾਨੂੰਨੀ ਵਿਵਸਥਾ ਦਾ ਅਮਨ-ਅਮਾਨ ਨੂੰ ਸਥਾਪਿਤ ਕਰਨ ਵਿੱਚ ਤਾਂ ਯੋਗਦਾਨ ਹੋ ਸਕਦਾ ਹੈ ਪਰ ਕਿਸੇ ਵੀ ਇਲਾਕੇ ਦੇ ਲੋਕ ਬਹੁਤ ਦੇਰ ਤਕ ਅਜਿਹੇ ਇੰਤਜ਼ਾਮਾਂ ਨਾਲ ਸੰਤੁਸ਼ਟ ਨਹੀਂ ਰਹਿ ਸਕਦੇ ਕਿਉਂਕਿ ਉਹ ਜੰਗਲੀ ਜਾਂ ਗੂੰਗੇ ਨਹੀਂ ਹਨ। ਅਮਰੀਕਾ ਵਿੱਚ ਜਿਨ੍ਹਾਂ ਦੇ ਗੱਲਾਂ ਨੇ ਅੰਬੇਡਕਰ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਜਿਨ੍ਹਾਂ ਦਾ ਬਾਅਦ ਵਿੱਚ ਦਲਿਤ ਮੁਕਤੀ ਅੰਦੋਲਨ ਵਿੱਚ ਅਹਿਮ ਯੋਗਦਾਨ ਕਿਹਾ ਜਾ ਸਕਦਾ ਹੈ ਉਹ ਹਨ- ਅਮਰੀਕਾ ਦਾ ਵਿਧਾਨ ਅਤੇ ਉਸ ਦੀ ਚੌਧਵੀਂ ਸੋਧ ਜਿਸ ਤਹਿਤ ਉਥੋਂ ਦੇ ਹਬਸ਼ੀ (ਨੀਗਰੋ) ਲੋਕਾਂ ਦੀ ਆਜ਼ਾਦੀ ਦਾ ਐਲਾਨ ਕੀਤਾ ਗਿਆ ਸੀ ਅਤੇ ਦੂਸਰਾ ਬੂਕਰ ਟੀ.ਵਾਸ਼ਿੰਗਟਨ ਦਾ ਜੀਵਨ ਜਿਨ੍ਹਾਂ ਦੀ ਮੌਤ 1915 ਵਿੱਚ ਹੋਈ ਸੀ। ਵਾਸ਼ਿੰਗਟਨ ਇਕ ਅਜਿਹੇ ਬਾਗ਼ੀ ਰਹਿਬਰ ਸਨ ਜਿਨ੍ਹਾਂ ਨੇ ਮਨੁੱਖੀ ਗ਼ੁਲਾਮੀ ਅਤੇ ਨਸਲੀ ਵਿਤਕਰੇ ਵਿਰੁਧ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਹਬਸ਼ੀ ਲੋਕਾਂ ਨੂੰ ਗ਼ੁਲਾਮੀ ਤੋਂ ਮੁਕਤੀ ਦਿਲਵਾਉਣ ਲਈ ਸੰਘਰਸ਼ ਕੀਤਾ।

ਅਮਰੀਕਾ ਵਿੱਚ ਉੱਚ-ਵਿਦਿਆ ਹਾਸਲ ਕਰਨ ਉਪਰੰਤ ਡਾ. ਅੰਬੇਡਕਰ ਮਹਾਰਾਜਾ ਸਿਆਜੀ ਰਾਓ ਦੇ ਮਾਧਿਅਮ ਰਾਹੀਂ ਲੰਡਨ ਵਿਖੇ ਇਕ ਸਾਲ ਦੀ ਪੜ੍ਹਾਈ ਵਾਸਤੇ ਆਉਂਦੇ ਹਨ। ਪ੍ਰੋ. ਸੈਲੀਗਮਨ ਨੇ ਉਨ੍ਹਾਂ ਨੂੰ ਲੰਡਨ ਵਿਖੇ ਉੱਚ-ਵਿਦਿਆ ਲਈ ਇਕ ਪਛਾਣ ਪੱਤਰ ਵੀ ਦਿਤਾ ਸੀ ਜਿਸ ਵਿੱਚ ਉਨ੍ਹਾਂ ਨੇ ਅੰਬੇਡਕਰ ਨੂੰ ਆਲ੍ਹਾ ਵਿਦਿਆਰਥੀ, ਚੰਗਾ ਸਾਥੀ, ਸਮਝਦਾਰ, ਖੁਲ੍ਹ-ਦਿਲਾ ਅਤੇ ਸੱਜਣ ਵਿਅਕਤੀ ਦਰਸਾਇਆ ਸੀ। ਇੰਗਲੈਂਡ ਪਹੁੰਚ ਕੇ ਉਨ੍ਹਾਂ ਨੇ ਲੰਡਨ ਸਕੂਲ ਆਫ ਇਕਨਾਮਿਕਸ ਐਂਡ ਪੋਲੀਟੀਕਲ ਸਾਇੰਸ ਵਿੱਚ ਦਾਖਲਾ ਲਿਆ। ਨਵੰਬਰ 1916 ਵਿੱਚ ਉਨ੍ਹਾਂ ਨੇ ਗਰੇਜ਼ਇਨ ਵਿਖੇ ਕਾਨੂੰਨ ਦੀ ਪੜ੍ਹਾਈ ਵਿੱਚ ਦਾਖਲਾ ਲਿਆ। ਡਾ. ਅੰਬੇਡਕਰ ਨੂੰ ਇੰਗਲੈਂਡ ਤੋਂ ਇਕ ਸਾਲ ਬਾਅਦ ਹੀ ਭਾਰਤ ਪਰਤਣਾ ਪਿਆ ਕਿਉਂਕਿ ਉਨ੍ਹਾਂ ਨੂੰ ਮਹਾਰਾਜਾ ਬੜੌਦਾ ਵਲੋਂ ਹੋਰ ਅੱਗੇ ਪੜ੍ਹਾਈ ਕਰਨ ਦੀ ਇਜਾਜ਼ਤ ਨਹੀਂ ਮਿਲ ਸਕੀ ਸੀ। ਅੰਬੇਡਕਰ ਦੇ ਮਨ ਵਿੱਚ ਪੜ੍ਹਾਈ ਨੂੰ ਪੂਰਾ ਕਰਨ ਦਾ ਦ੍ਰਿੜ੍ਹ ਇਰਾਦਾ ਸੀ। ਉਨ੍ਹਾਂ ਨੂੰ ਪ੍ਰੋ. ਐਡਵਿਨ ਕੈਨਨ ਦੀ ਮੱਦਦ ਨਾਲ ਲੰਡਨ ਯੂਨੀਵਰਸਿਟੀ ਤੋਂ ਇਹ ਮੰਨਜ਼ੂਰੀ ਮਿਲ ਗਈ ਸੀ ਕਿ ਉਹ ਚਾਰ ਸਾਲਾਂ ਦੇ ਅੰਦਰ-ਅੰਦਰ ਮੁੜ ਕੇ ਲੰਡਨ ਆ ਕੇ ਆਪਦੀ ਪੜ੍ਹਾਈ ਪੂਰੀ ਕਰ ਸਕਦੇ ਹਨ। ਡਾ. ਅੰਬੇਡਕਰ ਦਾ ਅਮਰੀਕਾ ਤੇ ਇੰਗਲੈਂਡ ਵਿੱਚ ਰਹਿਣ ਵਾਲੇ ਸਮੇਂ ਦੌਰਾਨ ਅਨੁਭਵ ਉਸ ਦੇ ਸਤਾਰਾ ਅਤੇ ਬੰਬਈ ਸ਼ਹਿਰਾਂ ਵਿੱਚ ਵਿਦਿਅਕ ਅਦਾਰਿਆਂ ਵਿੱਚ ਰਹਿੰਦੇ ਹੋਏ ਅਨੁਭਵ ਤੋਂ ਬਿਲਕੁਲ ਅਲੱਗ ਸੀ। ਕੋਲੰਬੀਆ ਅਤੇ ਲੰਡਨ ਵਿਖੇ ਉਹ ਛੂਤਛਾਤ ਦੇ ਮਾਹੌਲ ਤੋਂ ਬਿਲਕੁਲ ਸੁਤੰਤਰ ਸਨ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਵੀ ਪੂਰਾ ਅਹਿਸਾਸ ਸੀ। ਜਿਸ ਸਮੇਂ ਦੌਰਾਨ ਉਹ ਕੋਲੰਬੀਆ ਅਤੇ ਲੰਡਨ ਪੜ੍ਹ ਰਹੇ ਸਨ ਉਸ ਸਮੇਂ ਭਾਰਤੀ ਵਿਦਿਆਰਥੀਆਂ ਵਿੱਚ ਭਾਰਤ ਦੀ ਆਜ਼ਾਦੀ ਨੂੰ ਲੈ ਕੇ ਕਾਫ਼ੀ ਸੰਘਰਸ਼ਮਈ ਮਾਹੌਲ ਪਾਇਆ ਜਾਂਦਾ ਸੀ। ਕੋਲੰਬੀਆ ਵਿੱਚ ਪੜ੍ਹਦੇ ਹੋਏ ਉਨ੍ਹਾਂ ਨੂੰ ਲਾਲਾ ਲਾਜਪਤ ਰਾਏ ਨੇ ਅਜਿਹੇ ਸੰਘਰਸ਼ ਵਿੱਚ ਸਰਗਰਮ ਹੋਣ ਲਈ ਕਿਹਾ ਪਰੰਤੂ ਡਾ. ਅੰਬੇਡਕਰ ਨੂੰ ਉਨ੍ਹਾਂ ਵਲੋਂ ਮਹਾਰਾਜਾ ਬੜੌਦਾ ਨੂੰ ਦਿਤੇ ਹੋਏ ਬਚਨ ਯਾਦ ਸਨ। ਉਹ ਲਾਲਾ ਲਾਜਪਤ ਰਾਏ ਦੀ ਸਲਾਹ ਨਾਲ ਰਜ਼ਾਮੰਦ ਨਹੀਂ ਹੋਏ। ਵਿਦੇਸ਼ਾਂ ਵਿੱਚ ਖੁੱਲ੍ਹੇ ਮਾਹੌਲ ਨੇ ਡਾ. ਅੰਬੇਡਕਰ ਨੂੰ ਮਨੁੱਖੀ ਅਧਿਕਾਰਾਂ ਦੀ ਕਦਰ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਅਥਾਹ ਸ਼ਕਤੀ ਪ੍ਰਦਾਨ ਕੀਤੀ। ਜਿਸ ਗੱਲ ਨੇ ਉਨ੍ਹਾਂ ਨੂੰ ਸਭ ਤੋਂ ਵਧ ਪ੍ਰਭਾਵਿਤ ਕੀਤਾ ਉਹ ਸੀ ਲੋਕਤੰਤਰ ਪ੍ਰਣਾਲੀ ਅਤੇ ਸੰਵਿਧਾਨਕ ਤਰੀਕਿਆਂ ਰਾਹੀਂ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਸੰਘਰਸ਼।

*****

ਡਾ. ਅੰਬੇਡਕਰ ਲੰਡਨ ਤੋਂ ਬੰਬਈ 21 ਅਗਸਤ 1917 ਨੂੰ ਪਹੁੰਚਦੇ ਹਨ। ਉਹ ਭਾਰਤ ਵਿੱਚ ਤਿੰਨ ਸਾਲ ਰਹਿ ਕੇ ਸਤੰਬਰ 1920 ਵਿੱਚ ਇਕ ਵਾਰ ਫਿਰ ਲੰਡਨ ਜਾਂਦੇ ਹਨ। ਉਨ੍ਹਾਂ ਨੂੰ ਲੰਡਨ ਦੁਬਾਰਾ ਆਪਣੀ ਪੜ੍ਹਾਈ ਨੂੰ ਪੂਰਾ ਕਰਨ ਲਈ ਜਾਣਾ ਪੈਂਦਾ ਹੈ ਜੋ ਉਹ 1917 ਵਿੱਚ ਵਿਤੀ ਸਹਾਇਤਾ ਖਤਮ ਹੋਣ ਕਾਰਨ ਵਿਚਕਾਰ ਹੀ ਛੱਡ ਆਏ ਸਨ। ਉਨ੍ਹਾਂ ਦੇ ਇਨ੍ਹਾਂ ਤਿੰਨ ਸਾਲਾਂ ਦੇ ਸਮੇਂ ਦਾ ਉਨ੍ਹਾਂ ਵਲੋਂ ਦਲਿਤ ਮੁਕਤੀ ਅੰਦੋਲਨ ਨੂੰ ਸੰਗਠਨ ਕਰਨ ਦੇ ਕਾਰਜ ਵਿੱਚ ਅਹਿਮ ਯੋਗਦਾਨ ਹੈ। ਇਸ ਸਮੇਂ ਦੀ ਉਨ੍ਹਾਂ ਦੇ ਜੀਵਨ ਵਿੱਚ ਖਾਸ ਮਹੱਤਤਾ ਹੈ। ਇਸ ਦੇ ਦੋ ਕਾਰਨ ਹਨ- ਇਕ ਤਾਂ ਇਹ ਕਿ ਉਹ ਲੋਕਤੰਤਰੀ ਪ੍ਰਣਾਲੀ ਤੋਂ ਪ੍ਰਭਾਵਿਤ ਆਪਣੇ ਵੇਲੇ ਦੇ ਉਚ ਕੋਟੀ ਦੇ ਵਿਦਵਾਨ ਜਿਨ੍ਹਾਂ ਨੇ ਅਮਰੀਕਾ ਅਤੇ ਇੰਗਲੈਂਡ ਤੋਂ ਉੱਚ-ਵਿਦਿਆ ਹਾਸਲ ਕੀਤੀ ਸੀ ਇਕ ਵਾਰ ਫਿਰ ਭਾਰਤੀ ਜਾਤਪਾਤੀ ਵਿਧਾਨ ਦੇ ਸਨਮੁੱਖ ਹੋ ਰਹੇ ਸਨ। ਦੂਸਰਾ ਇਸ ਸਮੇਂ ਦੌਰਾਨ ਡਿਪਰੈਸਡ ਕਲਾਸਿਜ਼ ਕਾਨਫਰੰਸਾਂ, ਭਾਰਤੀ ਰਾਸ਼ਟਰੀ ਕਾਂਗਰਸ ਅਤੇ ਅੰਗਰੇਜ਼ ਸਰਕਾਰ ਵਲੋਂ ਨਿਯੁਕਤ ਕੀਤੀਆਂ ਕਮੇਟੀਆਂ ਦੀ ਅਛੂਤਾਂ ਦੀ ਪ੍ਰਤੀਨਿਧਤਾ ਨੂੰ ਲੈ ਕੇ ਖਾਸ ਭੂਮਿਕਾ ਰਹੀ ਹੈ।

ਡਾ. ਅੰਬੇਡਕਰ ਕੁਝ ਦਿਨ ਬੰਬਈ ਰਹਿਣ ਉਪਰੰਤ ਸਤੰਬਰ ਦੇ ਮੱਧ ਵਿੱਚ ਮਹਾਰਾਜਾ ਬੜੌਦਾ ਨਾਲ ਕੀਤੇ ਇਕਰਾਰਨਾਮੇ ਮੁਤਾਬਕ ਉਨ੍ਹਾਂ ਦੀ ਰਿਆਸਤ ਵਿੱਚ ਸੇਵਾ ਲਈ ਪਹੁੰਚਦੇ ਹਨ। ਭਾਵੇਂ ਮਹਾਰਾਜਾ ਬੜੌਦਾ ਨੇ ਇਹ ਹੁਕਮ ਕੀਤਾ ਹੋਇਆ ਸੀ ਕਿ ਡਾ. ਅੰਬੇਡਕਰ ਦਾ ਸਵਾਗਤ ਰੇਲਵੇ ਸਟੇਸ਼ਨ ਤੇ ਕੀਤਾ ਜਾਵੇ ਪਰੰਤੂ ਉਨ੍ਹਾਂ ਨੂੰ ਲੈਣ ਵਾਸਤੇ ਉਥੇ ਕੋਈ ਨਹੀਂ ਪਹੁੰਚਿਆ ਹੋਇਆ ਸੀ। ਉਨ੍ਹਾਂ ਦੇ ਬੜੌਦਾ ਪਹੁੰਚਣ ਦੀ ਖਬਰ ਪੂਰੇ ਸ਼ਹਿਰ ਵਿੱਚ ਫੈਲੀ ਹੋਈ ਸੀ। ਬੜੌਦੇ ਵਿੱਚ ਉਨ੍ਹਾਂ ਨੂੰ ਆਪਣੀ ਅਖੌਤੀ ਨੀਵੀਂ ਜਾਤ ਕਰਕੇ ਕਿਧਰੇ ਵੀ ਰਹਿਣ ਵਾਸਤੇ ਜਗ੍ਹਾ ਨਹੀਂ ਮਿਲ ਰਹੀ ਸੀ। ਅੰਤ ਵਿੱਚ ਉਨ੍ਹਾਂ ਨੇ ਆਪਣੀ ਜਾਤ ਨੂੰ ਲੁਕਾਉਂਦੇ ਹੋਏ ਫਰਜ਼ੀ ਪਾਰਸੀ ਦੇ ਤੌਰ ਤੇ ਇਕ ਪਾਰਸੀ ਸਰਾਂ ਵਿੱਚ ਕਮਰਾ ਕਿਰਾਏ ਤੇ ਲਿਆ। ਇਹ ਕਮਰਾ ਸਰਾਂ ਦੀ ਦੂਸਰੀ ਮੰਜ਼ਲ ਤੇ ਬਣਿਆ ਹੋਇਆ ਸੀ ਜਿਸ ਵਿੱਚ ਮੰਜਾ ਤੇ ਬਿਸਤਰਾ ਲੱਗਾ ਹੋਇਆ ਸੀ। ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਛੋਟੀ ਜਿਹੀ ਲਾਲਟੈਨ ਨਾਲ ਕੁਝ ਰੋਸ਼ਨੀ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਸਰਾਂ ਵਿੱਚ ਉਨ੍ਹਾਂ ਤੋਂ ਇਲਾਵਾ ਇਕ ਚੌਕੀਦਾਰ ਸੀ ਜੋ ਆਪਣੇ ਪਰਿਵਾਰ ਨਾਲ ਰਹਿੰਦਾ ਸੀ। ਅੰਬੇਡਕਰ ਲਿਖਦੇ ਹਨ ਕਿ ਉਨ੍ਹਾਂ ਨੂੰ ਕਮਰੇ ਵਿੱਚ ਰਹਿੰਦੇ ਹੋਏ ਇਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਕੈਦ ਕੱਟ ਰਹੇ ਹੋਣ। ਉਹ ਕਿਸੇ ਇਨਸਾਨ ਨਾਲ ਗਲਬਾਤ ਕਰਨ ਲਈ ਤਰਸਦੇ ਰਹਿੰਦੇ ਸਨ। ਅਗਰ ਉਹ ਆਪਣਾ ਮਨ ਪੜ੍ਹਾਈ ਵਿੱਚ ਲਗਾ ਕੇ ਇਕੱਲੇਪਨ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਤਾਂ ਸਰਾਂ ਦੇ ਅੰਦਰ ਇੱਧਰ-ਉੱਧਰ ਚਮਗਿੱਦੜਾਂ ਦੇ ਉੜਨ ਅਤੇ ਸ਼ੋਰ ਮਚਾਉਣ ਦੇ ਕਾਰਨ ਉਨ੍ਹਾਂ ਦਾ ਪੜ੍ਹਾਈ ਵਿੱਚ ਵੀ ਮਨ ਨਾ ਲਗਦਾ। ਇਕ ਦਿਨ ਜਦੋਂ ਉਨ੍ਹਾਂ ਦਾ ਭਾਣਜਾ ਬੰਬਈ ਤੋਂ ਉਨ੍ਹਾਂ ਦਾ ਸਮਾਨ ਉਨ੍ਹਾਂ ਪਾਸ ਆਇਆ ਤਾਂ ਉਹ ਉਨ੍ਹਾਂ ਦੀ ਅਜਿਹੀ ਹਾਲਤ ਦੇਖ ਕੇ ਉਚੀ-ਉਚੀ ਰੋਣ ਲੱਗ ਪਿਆ। ਡਾ. ਅੰਬੇਡਕਰ ਨੇ ਜਲਦੀ ਹੀ ਉਸ ਨੂੰ ਬੰਬਈ ਵਾਪਸ ਭੇਜ ਦਿੱਤਾ। ਉਨ੍ਹਾਂ ਨੇ ਸਰਕਾਰੀ ਤੌਰ ਤੇ ਰਹਿਣ ਵਾਸਤੇ ਬਿਨੈ ਪੱਤਰ ਦਿੱਤਾ ਹੋਇਆ ਸੀ ਪਰ ਉਸ ਤੇ ਬੜੌਦਾ ਰਿਆਸਤ ਦਾ ਪ੍ਰਧਾਨ ਮੰਤਰੀ ਕੋਈ ਧਿਆਨ ਨਹੀਂ ਸੀ ਦੇ ਰਿਹਾ। ਉਨ੍ਹਾਂ ਨੂੰ ਇਨ੍ਹਾਂ ਹਾਲਾਤਾਂ ਵਿੱਚ ਪਾਰਸੀ ਸਰਾਂ ਵਿੱਚ ਰਹਿੰਦੇ ਹੋਏ 11 ਦਿਨ ਹੋ ਚੁੱਕੇ ਸਨ। (ਚਲਦਾ)

# 'ਪਰਿਵਾਰ ਹੀ ਬੱਚੇ ਦੀ ਪਹਿਲੀ ਪਾਠਸ਼ਾਲਾ'



ਪ੍ਰੋ: ਐਚ ਐਲ ਕਪੂਰ
916- 587-4002

**ਬੱਚਿਆਂ ਦਾ ਨੈਤਿਕ ਵਿਕਾਸ:–** ਬੱਚਾ ਨਾ ਤਾਂ ਨੈਤਿਕ ਹੁੰਦਾ ਹੈ ਅਤੇ ਨਾ ਹੀ ਅਨੈਤਿਕ, ਅਸਲ ਵਿਚ ਉਹ ਬਨੈਤਿਕ ਹੁੰਦਾ ਹੈ ਕਿਉਂਕਿ ਉਸਦਾ ਵਿਵਹਾਰ ਨੈਤਿਕ ਨਿਯਮਾਂ ਦੁਆਰਾ ਅਨੁਸ਼ਾਸਿਤ ਨਹੀਂ ਹੁੰਦਾ। ਨੈਤਿਕ ਵਿਵਹਾਰ ਸਮਝਾਉਣ ਤੋਂ ਪਹਿਲਾਂ ਬੱਚੇ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਉਸਦਾ ਸਮਾਜ ਕਿਸ ਚੀਜ਼ ਨੂੰ ਚੰਗਾ ਅਤੇ ਕਿਸ ਚੀਜ਼ ਨੂੰ ਬੁਰਾ ਸਮਝਦਾ ਹੈ? ਇਹ ਸਾਰਾ ਕੁਝ ਹੌਲੀ-ਹੌਲੀ ਆਪਣੇ ਦੋਸਤਾਂ-ਮਿੱਤਰਾਂ, ਅਧਿਆਪਕਾਂ ਤੇ ਆਪਣੇ ਮਾਤਾ-ਪਿਤਾ ਤੋਂ ਸਿੱਖਦਾ ਹੈ। ਜੇਕਰ ਸਮਾਜ ਦੁਆਰਾ ਸਥਾਪਤ ਵਿਵਹਾਰ ਬੱਚੇ ਲਈ ਸੁਖਦਾਇਕ ਹੈ ਤਾਂ ਬੱਚਾ ਉਸ ਨੂੰ ਜਲਦੀ ਸਿੱਖ ਲੈਂਦਾ ਹੈ ਤੇ ਉਸੇ ਤਰ੍ਹਾਂ ਦਾ ਵਿਵਹਾਰ ਕਰਨ ਦੀ ਉਸ ਦੀ ਹੌਲੀ-ਹੌਲੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਉਚਿਤ ਅਗਵਾਈ ਤੇ ਸਿੱਖਿਆ ਨਾਲ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਸਮਾਜ ਦੇ ਸਬੰਧ ਵਿਚ ਬੱਚਿਆਂ ਨੂੰ ਦਿੱਤੀ ਗਈ ਸਿੱਖਿਆ ਉਹਨਾਂ ਲਈ ਸੁਖਦਾਇਕ ਹੋਵੇ ਤਾਂ ਹੀ ਉਹ ਬੜੇ ਸਹਿਜ ਤਰੀਕੇ ਨਾਲ ਨੈਤਿਕਤਾ ਦਾ ਪਾਠ ਸਿੱਖ ਸਕਣਗੇ। ਜਦੋਂ ਅਸੀਂ ਬੱਚਿਆਂ ਨੂੰ ਕੋਈ ਕੰਮ ਕਰਨ ਲਈ, ਸਖਤੀ ਨਾਲ ਮਜਬੂਰ ਕਰਕੇ, ਕਰਨ ਲਈ ਕਹਿੰਦੇ ਹਾਂ ਤਾਂ ਉਹ ਕੁਝ ਵੀ ਨਹੀਂ ਸਿੱਖ ਸਕੇਗਾ। ਇਸ ਲਈ ਸਾਨੂੰ ਬੱਚੇ ਨੂੰ ਜੋ ਵੀ ਸਿਖਾਉਣਾ ਹੈ ਉਹ ਸੁਭਾਵਿਕ ਰੂਪ ਨਾਲ ਹੀ ਸਿਖਾਉਣ ਦਾ ਯਤਨ ਕਰਨਾ ਚਾਹੀਦਾ ਹੈ।

(1) **ਬਚਪਨ ਵਿਚ ਨੈਤਿਕਤਾ:–** ਤੀਸਰੇ ਜਾਂ ਛੇ ਸਾਲ ਦੀ ਉਮਰ ਤੱਕ ਨੈਤਿਕ ਆਚਰਣ ਦੀਆਂ ਕੁਝ ਗੱਲਾਂ ਬੱਚੇ ਨੂੰ ਸਮਝਾ ਦੇਣੀਆਂ ਚਾਹੀਦੀਆਂ ਹਨ ਪਰ ਇਸ ਸਮੇਂ ਬੱਚੇ ਨੂੰ ਇਹ ਕਹਿਣਾ ਜ਼ਰੂਰੀ ਨਹੀਂ ਕਿ ਕੋਈ ਕੰਮ ਕਿਉਂ ਬੁਰਾ ਹੈ ਕਿਉਂਕਿ ਇਸ ਸਮੇਂ ਬੱਚੇ ਦਾ ਇਤਨਾ ਮਾਨਸਿਕ ਵਿਕਾਸ ਨਹੀਂ ਹੋਇਆ ਹੁੰਦਾ ਕਿ ਉਹ ਇਹਨਾਂ ਸਾਰੀਆਂ ਗੱਲਾਂ ਨੂੰ ਸਮਝ ਸਕੇ। ਕੋਈ ਗਲਤ ਕੰਮ ਕਰਨ ਤੇ ਉਸ ਨੂੰ ਸਜਾ ਕਿਸ ਤਰ੍ਹਾਂ ਦੀ ਮਿਲਦੀ ਹੈ? ਇਸੇ ਆਧਾਰ 'ਤੇ ਉਹ ਸਮਝਦਾ ਹੈ ਕਿ ਇਹ ਕੰਮ ਉਚਿਤ ਹੈ। ਇਹ ਗੱਲ ਬਿਲਕੁਲ ਦਰੁੱਸਤ ਹੈ ਕਿ ਬੱਚੇ ਦੇ ਵਾਤਾਵਰਣ ਦੇ ਸਾਥੀ, ਜਿਸ ਕੰਮ ਦੀ ਉਸ ਦੀ ਪ੍ਰਸੰਸਾ ਕਰਦੇ ਹਨ, ਉਹ ਉਸੇ ਤਰ੍ਹਾਂ ਦੇ ਕੰਮ ਹੀ ਕਰਨ ਦਾ ਯਤਨ ਕਰਦਾ ਹੈ। ਇਸੇ ਸਮੇਂ ਤੱਕ ਉਸ ਦੀ ਨੈਤਿਕਤਾ ਦਾ ਪੱਧਰ ਇੱਥੇ ਤੱਕ ਹੀ ਸੀਮਤ ਰਹਿੰਦਾ ਹੈ। ਇਸ ਤਰ੍ਹਾਂ ਕਦੀ ਕਦੀ ਉਹ ਚੰਗੇ ਕੰਮ ਕਰਦਾ ਹੈ ਪਰ ਇਹਨਾਂ ਕੰਮਾਂ ਦੇ ਲਾਭ ਤੇ ਨੁਕਸਾਨ ਦੇ ਕਾਰਨਾਂ ਨੂੰ ਨਹੀਂ ਸਮਝਦਾ।

ਪੰਜ ਜਾਂ ਛੇ ਸਾਲ ਦੇ ਹੋ ਜਾਣ ਤੱਕ ਬੱਚੇ ਵਿਚ ਆਗਿਆਕਾਰਤਾ ਦੀ ਆਦਤ ਆ ਜਾਣੀ ਚਾਹੀਦੀ ਹੈ। ਚੰਗਾ, ਮਾੜਾ ਬਹੁਤ ਠੀਕ, ਸ਼ਰਾਰਤੀ ਆਦਿ ਸ਼ਬਦਾਂ ਦੇ ਪ੍ਰਯੋਗ ਨਾਲ ਇਸ ਸਮੇਂ ਬੱਚੇ ਨੂੰ ਚੰਗਾ ਜਾਂ ਬੁਰੇ ਦੀ ਕੁਝ ਸਿੱਖਿਆ ਦਿੱਤੀ ਜਾ ਸਕਦੀ ਹੈ।

ਛੇ ਸਾਲ ਦੀ ਉਮਰ ਤੋਂ ਲੈ ਕੇ ਕਿਸ਼ੋਰ ਅਵਸਥਾ ਆਉਣ ਤੋਂ ਤਕਰੀਬਨ ਪਹਿਲਾਂ ਤੱਕ ਬੱਚੇ ਉਸੇ ਤਰ੍ਹਾਂ ਦਾ ਆਚਰਣ ਦਿਖਾਉਣ ਦਾ ਯਤਨ ਕਰਦੇ ਹਨ, ਜਿਸ ਤਰ੍ਹਾਂ ਦਾ ਉਸਦੇ ਸਾਥੀਆਂ ਦਾ ਵਾਤਾਵਰਣ ਕਰਦਾ ਹੈ। ਦਸ ਜਾਂ ਬਾਰਾਂ ਸਾਲ ਦੀ ਉਮਰ ਤੱਕ ਬੱਚੇ ਨੈਤਿਕ ਨਿਯਮਾਂ ਤੇ ਕੁਝ ਕੁਝ ਕਦਰਾਂ-ਕੀਮਤਾਂ ਨੂੰ ਸਮਝਣ ਲੱਗ ਪੈਂਦੇ ਹਨ ਪਰ ਜੇ ਇਹ ਕਹਿ ਦਈਏ ਕਿ ਉਹ ਨੈਤਿਕ ਕਦਰਾਂ-ਕੀਮਤਾਂ ਨੂੰ ਪੂਰਨ ਰੂਪ ਵਿਚ ਸਮਝਣ ਲੱਗ ਪਿਆ ਹੈ, ਇਹ ਠੀਕ ਨਹੀਂ ਹੋਵੇਗਾ। ਉਸ ਨੂੰ ਇਸ ਉਮਰ ਵਿਚ ਵੀ ਕੋਈ ਫੈਸਲਾ ਲੈਣ ਲਈ ਦੂਸਰਿਆਂ ਤੇ ਨਿਰਭਰ ਰਹਿਣਾ ਪੈਂਦਾ ਹੈ।

ਦਸ-ਬਾਰਾਂ ਸਾਲ ਦੀ ਉਮਰ ਤੋਂ ਬਾਅਦ ਜਿਉਂ-ਜਿਉਂ ਉਹ ਵੱਡਾ ਹੁੰਦਾ ਹੈ, ਉਹ ਨਿਆਂ ਤੇ ਆਦਰ ਕਰਨ ਨੂੰ ਸਮਝਣ ਲੱਗ ਪੈਂਦਾ ਹੈ। ਇਸ ਅਵਸਥਾ ਵਿਚ ਉਹ ਸਮਝਣ ਲੱਗ ਪੈਂਦਾ ਹੈ ਕਿ ਝੂਠ ਬੋਲਣਾ, ਦੂਸਰਿਆਂ ਦੀ ਨਿੰਦਿਆ, ਚੁਗਲੀ ਕਰਨਾ, ਗਾਲ੍ਹਾਂ ਕੱਢਣਾ, ਕਾਇਰਤਾ ਦਿਖਾਉਣੀ, ਦੂਸਰਿਆਂ ਨੂੰ ਸਤਾਉਣਾ ਜਾਂ ਕਿਸੇ ਨੂੰ ਨੁਕਸਾਨ ਪਹੁੰਚਾਉਣਾ, ਸੱਜਣਾਂ-ਮਿੱਤਰਾਂ ਨੂੰ ਧੋਖਾ ਦੇਣਾ ਤੇ ਦੂਸਰਿਆਂ ਦੀਆਂ ਚੀਜ਼ਾਂ ਤੇ ਕਬਜ਼ਾ ਕਰਨਾ ਆਦਿ ਬੁਰਾ ਜਾਂ ਦੂਸਰੇ ਸ਼ਬਦਾਂ 'ਚ ਅਨੈਤਿਕ ਹੈ। ਆਖਿਰ ਇਸ ਅਵਸਥਾ 'ਚ ਪਹੁੰਚਦਿਆਂ ਉਹ ਸਮਝ ਜਾਂਦਾ ਹੈ ਕਿ ਝੂਠ ਬੋਲਣਾ, ਧੋਖਾ ਦੇਣਾ ਤੇ ਚੋਰੀ ਕਰਨਾ ਆਦਿ ਨੂੰ ਬੱਚੇ ਨਫ਼ਰਤ ਕਰਨ ਲੱਗ ਜਾਂਦੇ ਹਨ।

**ਬੱਚਿਆਂ ਦੇ ਨੈਤਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਕੁਝ ਗੱਲਾਂ:–**

ਬੱਚਿਆਂ ਦੇ ਨੈਤਿਕ ਵਿਕਾਸ 'ਤੇ ਉਹਨਾਂ ਦੇ ਵਾਤਾਵਰਣ ਦਾ ਬਹੁਤ ਪ੍ਰਭਾਵ ਪੈਂਦਾ ਹੈ। ਵਾਤਾਵਰਣ ਦੀਆਂ ਜਿਹਨਾਂ ਗੱਲਾਂ ਨਾਲ ਉਸ ਦਾ ਨੈਤਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ, ਉਹਨਾਂ ਵਿਚ ਕੁਝ ਜ਼ਿਆਦਾ ਮਹੱਤਵਪੂਰਨ ਗੱਲਾਂ ਵੱਲ ਨਿਮਨ-ਲਿਖਤ ਅਨੁਸਾਰ ਚਿੰਨਿਤ ਕੀਤਾ ਜਾ ਰਿਹਾ ਹੈ:-

ਪਰਿਵਾਰ:- ਪਰਿਵਾਰ ਦੇ ਲੋਕਾਂ ਦਾ ਬੱਚਿਆਂ ਦੇ ਨੈਤਿਕ ਵਿਕਾਸ 'ਤੇ ਚਾਰ ਪ੍ਰਕਾਰ ਦਾ ਪ੍ਰਭਾਵ ਪੈਂਦਾ ਹੈ।

(ੳ) ਪਰਿਵਾਰ ਦਾ ਵਿਵਹਾਰ ਬੱਚਿਆਂ ਲਈ ਆਦਰਸ਼ ਰੂਪ ਹੁੰਦਾ ਹੈ, ਅਕਸਰ ਉਹ ਉਹੀ ਕਰਦਾ ਹੈ ਤੇ ਸਿੱਖਦਾ ਹੈ ਜੋ ਪਰਿਵਾਰ ਦੇ ਮੈਂਬਰ ਕਰਦੇ ਹਨ।

(ਅ) ਇਨਾਮ, ਪ੍ਰਸੰਸਾ ਜਾਂ ਸਜਾ ਦੇ ਸਹਾਰੇ ਪਰਿਵਾਰ ਬੱਚਿਆਂ ਨੂੰ ਸਮਾਜਿਕ ਵਿਵਹਾਰ ਪ੍ਰਦਰਸ਼ਿਤ ਕਰਨ ਦੀ ਸਿੱਖਿਆ ਦਿੰਦਾ ਹੈ।

(ੲ) ਬੁਰੇ ਕੰਮਾਂ ਨੂੰ ਨਾ ਕਰਨ ਦੀ, ਪਰਿਵਾਰ ਬੱਚੇ ਨੂੰ ਕਈ ਵਾਰ ਸਖ਼ਤ ਸਜਾ ਦਿੰਦਾ ਹੈ ਕਿ ਉਹ ਬੁਰਾ ਕੰਮ ਨਾ ਕਰੇ।

(ਸ) ਚੰਗੇ ਕੰਮ ਕਰਨ ਲਈ ਪਰਿਵਾਰ ਬੱਚਿਆਂ ਨੂੰ ਕਈ ਪ੍ਰਕਾਰ ਦੀ ਪ੍ਰੇਰਨਾ ਦੇ ਸਕਦਾ ਹੈ। ਇਸੇ ਲਈ ਹੀ 'ਪਰਿਵਾਰ ਨੂੰ ਬੱਚੇ ਦੀ ਪਹਿਲੀ ਪਾਠਸ਼ਾਲਾ' ਕਿਹਾ ਜਾਂਦਾ ਹੈ।

ਆਮ ਤੌਰ ਤੇ ਬੱਚੇ ਆਪਣੇ ਪਰਿਵਾਰ ਦੇ ਵੱਡੇ ਲੋਕਾਂ ਜਿਸ ਤਰ੍ਹਾਂ ਉਸ ਦੇ ਮਾਤਾ-ਪਿਤਾ, ਚਾਚਾ-ਚਾਚੀ ਤੇ ਭੈਣ-ਭਰਾਵਾਂ ਦੇ ਵਿਵਹਾਰ ਨੂੰ ਆਦਰਸ਼ ਮੰਨਦਾ ਹੈ ਅਤੇ ਉਹਨਾਂ ਦੇ ਭੈੜੇ ਆਚਰਣ ਨੂੰ ਵੀ ਉਹ ਚੰਗਾ ਸਮਝਦਾ ਹੈ ਤੇ ਉਹ ਵੀ ਉਸੇ ਤਰ੍ਹਾਂ ਦਾ ਵਿਵਹਾਰ ਦਿਖਾਉਣ ਦਾ ਯਤਨ ਕਰਦਾ ਹੈ। ਮਾਤਾ-ਪਿਤਾ ਦੀ ਮਾੜੀ ਸਿਹਤ, ਉਹਨਾਂ ਦੀ ਮੰਦਬੁੱਧੀ, ਮਾੜੀ ਆਰਥਿਕ ਸਥਿਤੀ ਤੇ ਘਰ ਦੇ ਹੋਰ ਖਰਾਬ ਵਾਤਾਵਰਣ ਦਾ ਬੱਚਿਆਂ ਤੇ ਅਸਰ ਹੋ ਜਾਂਦਾ ਹੈ। ਘਰ ਦੇ ਭੈੜੇ ਵਾਤਾਵਰਣ ਨਾਲ ਬੱਚਿਆਂ ਦਾ ਵਿਕਾਸ ਗਲਤ ਦਿਸ਼ਾ ਵੱਲ ਜਾ ਸਕਦਾ ਹੈ ਅਤੇ ਅੱਗੇ ਆਪਣੇ ਜੀਵਨ 'ਚ ਚੱਲ ਕੇ ਉਹ ਸਮਾਜਿਕ ਬੁਰਾਈਆਂ ਵਿਚ ਫਸ ਸਕਦੇ ਹਨ। ਲੜਕੀਆਂ ਨੇ ਵਿਆਹ ਤੋਂ ਬਾਅਦ ਪਰਾਏ ਘਰ ਜਾਣਾ ਹੁੰਦਾ ਹੈ, ਅਜਿਹੇ ਹਾਲਾਤ ਵਿਚ ਲੜਕੀਆਂ ਦੇ ਨੈਤਿਕ ਵਿਕਾਸ ਤੇ ਘਰ ਦੇ ਭੈੜੇ ਵਾਤਾਵਰਣ ਦਾ ਲੜਕਿਆਂ ਦੇ ਮੁਕਾਬਲੇ ਜ਼ਿਆਦਾ ਅਸਰ ਹੁੰਦਾ ਹੈ।

ਅਪਰਾਧੀ ਲੜਕੀਆਂ ਦੇ ਆਪਣੇ ਅਧਿਐਨ 'ਚ 'ਫਰਨਵਰਡ' ਨੇ ਇਹ ਨਤੀਜਾ ਕੱਢਿਆ ਕਿ 87 ਪ੍ਰਤੀਸ਼ਤ ਬੱਚੀਆਂ ਉਹਨਾਂ ਘਰਾਂ ਦੀਆਂ ਹਨ, ਜਿਹਨਾਂ ਦੇ ਆਪਣੇ ਮਾਤਾ-ਪਿਤਾ ਦੀਆਂ ਆਦਤਾਂ ਬਹੁਤ ਖਰਾਬ ਸਨ। ਆਪਣੀ ਪ੍ਰਯੋਗਸ਼ਾਲਾ ਵਿਚ ਲਿਆਂਦੇ ਬੱਚਿਆਂ ਦਾ ਅਧਿਐਨ ਕਰਨ 'ਤੇ 'ਵੇਂਨਟਰ' ਤੇ 'ਬਲਨਚਰਡ' ਨੇ ਦੇਖਿਆ ਕਿ 90 ਪ੍ਰਤੀਸ਼ਤ ਬੱਚੇ ਉਹਨਾਂ ਪਰਿਵਾਰਾਂ ਦੇ ਹਨ, ਜਿਹਨਾਂ ਘਰਾਂ ਦਾ ਵਾਤਾਵਰਣ ਬਹੁਤ ਭੈੜਾ ਸੀ। ਜਦੋਂ ਬੱਚੇ ਸਕੂਲ ਜਾਣਾ ਸ਼ੁਰੂ ਕਰ ਦਿੰਦੇ ਹਨ ਤਾਂ ਦਿਨ ਦਾ ਕਾਫ਼ੀ ਸਮਾਂ, ਉਹਨਾਂ ਦਾ ਘਰੋਂ ਬਾਹਰ ਹੀ ਗੁਜ਼ਰ ਜਾਂਦਾ ਹੈ। ਇੱਥੇ ਉਹ ਆਪਣੇ ਮਾਤਾ-ਪਿਤਾ ਜਾਂ ਘਰ ਦੇ ਹੋਰ ਮੈਂਬਰਾਂ ਦੀ ਥਾਂ ਜ਼ਿਆਦਾ ਸਮਾਂ ਆਪਣੇ ਨਾਲ ਪੜ੍ਹਦੇ ਵਿਦਿਆਰਥੀਆਂ ਨਾਲ ਹੀ ਬਤੀਤ ਕਰਦਾ ਹੈ। ਇਹ ਗੱਲ ਬੜੀ ਦਰੁੱਸਤ ਹੈ ਕਿ ਇੱਥੇ ਹੁਣ ਉਸ ਬੱਚੇ ਦੇ ਮਾਨਸਿਕ ਤੇ ਨੈਤਿਕ ਵਿਕਾਸ ਤੇ ਜ਼ਿਆਦਾ ਪ੍ਰਭਾਵ ਉਸ ਦੇ ਸਾਥੀਆਂ ਦਾ ਹੀ ਪੈਂਦਾ ਹੈ।



ਮਨੋਵਿਗਿਆਨਕ (ਫਿੱਟ' ਨੇ ਆਪਣੇ ਅਧਿਐਨ 'ਚ ਇਹ ਦੇਖਿਆ ਕਿ ਨਰਸਰੀ ਸਕੂਲ ਦੇ ਬੱਚਿਆਂ ਦੇ ਨੈਤਿਕ ਵਿਵਹਾਰ 'ਤੇ ਵੀ ਉਹਨਾਂ ਦੇ ਸਾਥੀ ਬੱਚਿਆਂ ਦਾ ਪ੍ਰਭਾਵ ਵੀ ਪੈਂਦਾ ਹੈ। 'ਵਾਰਨਰ' ਨੇ ਅਪਰਾਧੀ ਬੱਚਿਆਂ 'ਤੇ ਆਪਣੇ ਕੀਤੇ ਅਧਿਐਨ ਦਾ ਇਹ ਸਿੱਟਾ ਕੱਢਿਆ ਹੈ ਕਿ ਸੌ ਪ੍ਰਤੀਸ਼ਤ ਅਪਰਾਧ ਬੁਰੇ ਸਾਥੀਆਂ ਦੁਆਰਾ ਪ੍ਰੇਰਿਤ ਹੁੰਦੇ ਹਨ।

(3) **ਪ੍ਰਤੀਯੋਗਤਾ–** ਸਕੂਲ ਵਿਚ ਦਾਖਲਾ ਲੈ ਲੈਣ ਤੋਂ ਬਾਅਦ ਬੱਚੇ ਖੇਡਾਂ ਤੇ ਸਕੂਲ ਦੀ ਹੋਰ ਮਨੋਰੰਜਨ ਕਿਰਿਆਵਾਂ ਤੇ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਪ੍ਰਤੀਯੋਗਤਾਵਾਂ ਵਿਚ ਖੇਡਦੇ ਸਮੇਂ ਨੈਤਿਕ ਸਿੱਖਿਆ ਦੇ ਬੜੇ ਮੌਕੇ ਮਿਲਦੇ ਹਨ। ਖੇਡਾਂ ਵਿਚ ਬੱਚਿਆਂ ਨੂੰ ਇਮਾਨਦਾਰ ਬਣਨ ਤੇ ਸਵਾਰਥ ਤਿਆਗਣ ਦੀ ਸਿੱਖਿਆ ਮਿਲਦੀ ਹੈ। ਖੇਡਾਂ ਵਿਚ ਜਿਹੜਾ ਬੱਚਾ ਖੇਡਾਂ ਦੇ ਨੈਤਿਕ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਦੂਸਰੇ ਬੱਚੇ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਹਨ। ਆਖਿਰ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਬੱਚਿਆਂ ਨੂੰ ਖੇਡਾਂ ਦੇ ਨੈਤਿਕ ਨਿਯਮਾਂ ਦੀ ਪਾਲਣਾ ਕਰਨੀ ਹੀ ਪੈਂਦੀ ਹੈ। ਜਿਹੜੇ ਖਿਡਾਰੀ ਕਿਸੇ ਗਲਤ ਤਰੀਕੇ ਨਾਲ ਜਿੱਤ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਚੰਗੇ ਖਿਡਾਰੀ ਨਹੀਂ ਕਿਹਾ ਜਾਂਦਾ। ਜਿਹੜੇ ਖਿਡਾਰੀ ਜਿੱਤ ਦਾ ਸਾਰਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦੇ ਹਨ ਤੇ ਦੂਸਰੇ ਖਿਡਾਰੀਆਂ ਨੂੰ ਆਪਣੀ ਖੇਡ ਦੀ ਕਲਾ-ਕੌਸ਼ਲਤਾ ਦਿਖਾਉਣ ਦਾ ਮੌਕਾ ਨਹੀਂ ਮਿਲਦਾ, ਉਹਨਾਂ ਦੀ ਨਿੰਦਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਕੂਲਾਂ ਦੁਆਰਾ ਕਰਵਾਈਆਂ ਜਾਂਦੀਆਂ ਖੇਡਾਂ 'ਚੋਂ ਬਾਲਕ ਨੈਤਿਕ ਸਿੱਖਿਆ ਪ੍ਰਾਪਤ ਕਰਦਾ ਹੈ।

ਜਿਹਨਾਂ ਬੱਚਿਆਂ ਨੂੰ ਸਕੂਲ ਵਿਚ ਪ੍ਰਸ਼ਾਸਨ ਚਲਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ ਤੇ ਇਸ ਦਾ ਅਭਿਆਸ ਵੀ ਕਰਵਾਇਆ ਜਾਂਦਾ ਹੈ, ਉਹ ਬੱਚੇ ਪ੍ਰਸ਼ਾਸਨ ਦੀ ਸਿੱਖਿਆ ਦੇ ਨਾਲ-ਨਾਲ ਆਪਣੀ ਨੈਤਿਕਤਾ ਨੂੰ ਵੀ ਸਕੂਲ ਨਿਯਮਾਂ ਅਨੁਸਾਰ ਢਾਲ ਲੈਂਦੇ ਹਨ ਤੇ ਇਸ ਨਾਲ ਉਹਨਾਂ ਦਾ ਨੈਤਿਕ ਵਿਕਾਸ ਵੀ ਹੁੰਦਾ ਹੈ ਕਿਉਂਕਿ ਇਸ ਨਾਲ ਪ੍ਰਬੰਧ ਕਰਨ ਦੀ ਯੋਗਤਾ ਤੇ ਦੂਸਰਿਆਂ ਦੀਆਂ ਸੁਵਿਧਾਵਾਂ ਦਾ ਖਿਆਲ ਰੱਖਣ ਦੀ ਸਿੱਖਿਆ ਵੀ ਮਿਲਦੀ ਹੈ। ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ 'ਚ ਬਾਲਕ ਬਹੁਤ ਕੁਝ ਸਿੱਖਦੇ ਹਨ। ਅਧਿਆਪਕਾਂ ਦੇ ਆਚਰਣ ਤੇ ਵਿਵਹਾਰ ਬੱਚਿਆਂ ਦੇ ਨੈਤਿਕ ਵਿਕਾਸ 'ਚ ਬਹੁਤ ਹੀ ਸਹਾਈ ਹੁੰਦੇ ਹਨ।

(4) ਪੁਸਤਕਾਂ– ਜਿਸ ਤਰ੍ਹਾਂ ਮਾਤਾ-ਪਿਤਾ ਤੇ ਅਧਿਆਪਕਾਂ ਦਾ ਬੱਚੇ ਦੇ ਨੈਤਿਕ ਵਿਕਾਸ ਤੇ ਪ੍ਰਭਾਵ ਪੈਂਦਾ ਹੈ, ਉਸੇ ਤਰ੍ਹਾਂ ਹੀ ਉਸ ਦੁਆਰਾ ਪੜ੍ਹੀਆਂ ਗਈਆਂ ਪੁਸਤਕਾਂ ਦਾ ਵੀ ਪ੍ਰਭਾਵ ਪੈਂਦਾ ਹੈ। ਛਪੀਆਂ ਹੋਈਆਂ ਗੱਲਾਂ ਦਾ ਬੱਚੇ 'ਤੇ ਬੜੀ ਜਲਦੀ ਪ੍ਰਭਾਵ ਪੈਂਦਾ ਹੈ। ਬੱਚਿਆਂ ਲਈ ਘਰ ਵਿਚ ਇਕ ਅੱਛੀ ਲਾਇਬ੍ਰੇਰੀ ਹੋਵੇ ਅਤੇ ਬਾਹਰ ਵੀ ਕਿਸੇ ਲਾਇਬ੍ਰੇਰੀ ਵਿਚੋਂ ਇਸ ਤਰ੍ਹਾਂ ਪੁਸਤਕਾਂ ਲੈ ਕੇ ਪੜ੍ਹਨ ਦੀ ਸਹੂਲਤ ਹੋਵੇ। ਮਹਾਂਪੁਰਸ਼ਾਂ ਦੀਆਂ ਜੀਵਨੀਆਂ ਬੱਚਿਆਂ ਨੂੰ ਬੜੀਆਂ ਰੋਚਿਕ ਵੀ ਲੱਗਦੀਆਂ ਹਨ ਤੇ ਬੱਚਿਆਂ ਲਈ ਪ੍ਰੇਰਨਾਦਾਇਕ ਵੀ ਹੁੰਦੀਆਂ ਹਨ। ਕਹਾਣੀਆਂ ਦੇ ਮਾਧਿਅਮ ਨਾਲ ਬੱਚਿਆਂ ਨੂੰ ਨੈਤਿਕਤਾ ਸਿਖਾਉਣਾ ਆਸਾਨ ਵੀ ਹੁੰਦਾ ਹੈ। ਸਾਨੂੰ ਚੰਗੀਆਂ ਰੋਚਿਕ, ਪ੍ਰੇਰਨਾਦਾਇਕ ਤੇ ਸਿੱਖਿਆਦਾਇਕ ਕਹਾਣੀਆਂ ਬੱਚਿਆਂ ਨੂੰ ਸੁਣਾਉਣੀਆਂ ਤੇ ਪੜ੍ਹਾਉਣੀਆਂ ਚਾਹੀਦੀਆਂ ਹਨ।

**5. ਟੀ. ਵੀ., ਇੰਟਰਨੈਟ ਤੇ ਸਿਨੇਮਾ:–** ਮਨੋਵਿਗਿਆਨੀਆਂ ਨੇ ਇਹ ਜਾਨਣ ਦੀ ਇਕ ਵਿਸ਼ੇਸ਼ ਕੋਸ਼ਿਸ਼ ਕੀਤੀ ਹੈ ਕਿ ਬਾਲਕਾਂ ਦੇ ਨੈਤਿਕ ਵਿਕਾਸ 'ਤੇ ਟੀ. ਵੀ. ਅਤੇ ਸਿਨੇਮਾ ਦਾ ਕੀ ਪ੍ਰਭਾਵ ਪੈਂਦਾ ਹੈ? ਜਿਸ ਤਰ੍ਹਾਂ ਸਿਨੇਮਾ ਦੇ ਪਾਤਰਾਂ ਦੀ ਬਾਣੀ ਤੇ ਪਹਿਰਾਵੇ ਦਾ ਪ੍ਰਭਾਵ ਪੈਂਦਾ ਹੈ, ਉਸੇ ਤਰ੍ਹਾਂ ਹੀ ਬੱਚੇ ਦੇ ਨੈਤਿਕ ਵਿਵਹਾਰ 'ਤੇ ਵੀ ਪ੍ਰਭਾਵ ਪੈਂਦਾ ਹੈ। ਸਿਨੇਮਾ ਦਾ ਵਿਅਕਤੀ ਦੇ ਜੀਵਨ ਦ੍ਰਿਸ਼ਟੀਕੋਣ ਤੇ ਵੀ ਪ੍ਰਭਾਵ ਪੈਂਦਾ ਹੈ। ਉਸ ਨਾਲ ਧਨ ਇਕੱਠਾ ਕਰਨਾ ਤੇ ਆਪਣੇ ਵਿਅਕਤਿਤਵ ਨੂੰ ਨਿਖਾਰਨ ਦੀ ਇੱਛਾ ਵੀ ਉਤਪੰਨ ਹੁੰਦੀ ਹੈ। ਸਿਨੇਮਾ ਨਾਲ ਬੱਚਿਆਂ ਦੀ ਪ੍ਰਵਿਰਤੀ ਅਪਰਾਧੀ ਜਗਤ ਵੱਲ ਵੀ ਜਾ ਸਕਦੀ ਹੈ। ਆਪਣੀ ਕਿਸ਼ੋਰ ਅਵਸਥਾ ਵਿਚ ਬੱਚਿਆਂ 'ਚ ਨਿਰਦੇਸ਼ਨਾਂ ਦੀ ਯੋਗਤਾ ਬੜੀ ਤੇਜ਼ ਹੁੰਦੀ ਹੈ। ਇਸ ਅਵਸਥਾ ਵਿਚ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਬੱਚਿਆਂ ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ ਕਿ ਬੱਚੇ ਕਿਸ ਤਰ੍ਹਾਂ ਦੀਆਂ ਫਿਲਮਾਂ ਜਾਂ ਸੀਰੀਅਲ ਦੇਖਦੇ ਹਨ। ਇੰਟਰਨੈਟ ਤੇ ਕਈ ਵੈਬਸਾਈਟਾਂ ਬੱਚਿਆਂ ਨੂੰ ਅਸ਼ਲੀਲਤਾ ਪਰੋਸ ਰਹੀਆਂ ਹਨ ਜੋ ਬੱਚਿਆਂ ਲਈ ਇਕ ਕਿਸਮ ਦੀ ਜ਼ਹਿਰ ਹੀ ਹੈ। ਨੈਤਿਕਤਾ ਲਈ ਕੇਵਲ ਬੁੱਧੀ ਦੀ ਹੀ ਜ਼ਰੂਰਤ ਨਹੀਂ ਹੁੰਦੀ। ਬੱਚਿਆਂ ਨੂੰ ਨੈਤਿਕਤਾ ਸਿਖਾਉਣ ਲਈ ਬੁੱਧੀ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਕਿਸੇ ਚੰਗਿਆਈ ਜਾਂ ਬੁਰਿਆਈ ਦੀ ਪਰਸਥਿਤੀ ਸਮਝਾਉਣ ਲਈ ਹੀ ਬੁੱਧੀ ਦੀ ਜ਼ਰੂਰਤ ਹੁੰਦੀ ਹੈ। ਪ੍ਰੰਤੂ ਨੈਤਿਕਤਾ ਨੂੰ ਸਿਖਾਉਣ ਲਈ ਬਹੁਤ ਉੱਚ ਕੋਟੀ ਦੀ ਬੁੱਧੀ ਦੀ ਜ਼ਰੂਰਤ ਨਹੀਂ ਹੁੰਦੀ। ਇਕ ਸਧਾਰਨ ਬੁੱਧੀ ਵਾਲਾ ਵਿਅਕਤੀ ਵੀ ਬੜੀ ਸਰਲਤਾ ਨਾਲ ਇਸ ਨੂੰ ਬੱਚੇ ਦੇ ਖਾਨੇ ਵਿਚ ਪਾ ਸਕਦਾ ਹੈ। 'ਟਰਮਨ' ਨੂੰ ਕੋਈ ਇਕ ਹਜ਼ਾਰ ਬੱਚਿਆਂ ਦੇ ਅਧਿਐਨ ਕਰਨ ਨਾਲ ਇਹ ਗਿਆਨ ਹੋਇਆ ਕਿ ਇਹਨਾਂ ਵਿਚੋਂ 130 ਬੱਚੇ ਬੁੱਧੀਲੱਬਧਾ ਵਾਲੇ ਇਮਾਨਦਾਰੀ, ਸਚਾਈ ਤੇ ਹੋਰ ਇਸ ਦੇ ਬਰਾਬਰ ਨੈਤਿਕ ਗੁਣਾਂ ਵਾਲੇ, ਸਧਾਰਨ ਬੁੱਧੀ ਵਾਲੇ ਬੱਚਿਆਂ ਨਾਲੋਂ ਕਿਤੇ ਵੱਧ ਨੈਤਿਕਤਾ ਵਿਚ ਵਿਕਾਸ ਕਰ ਗਏ, ਹੋਏ ਸਨ।

'ਵਿਮਨ' ਦਾ ਕਥਨ ਹੈ ਕਿ ਬੁੱਧੀ ਨੈਤਿਕ ਵਿਕਾਸ ਦੇ ਨਾਲ-ਨਾਲ ਇਸ ਕਰਕੇ ਚੱਲਦੀ ਹੈ ਕਿਉਂਕਿ ਬੁੱਧੀਮਾਨ ਬੱਚੇ ਸਮਝਦੇ ਹਨ ਕਿ ਉਚਿਤ ਵਿਵਹਾਰ ਹੀ ਬੁੱਧੀਯੁਕਤ ਆਚਰਣ ਹੈ। ਬੁੱਧੀਮਾਨ ਬੱਚੇ ਇਸ ਲਈ ਵਧੀਆ ਨੈਤਿਕ ਵਿਵਹਾਰ ਦਿਖਾਉਂਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਇਸ ਤਰ੍ਹਾਂ ਦਾ ਚੰਗਾ ਵਿਵਹਾਰ ਹੀ ਅੱਗੇ ਜਾ ਕੇ ਉਹਨਾਂ ਨੂੰ ਚੰਗੀ ਸਫਲਤਾ ਜਾਂ ਕੋਈ ਚੰਗਾ ਨਤੀਜਾ ਦੇਵੇਗਾ। ਇਕ ਬੁੱਧੀਮਾਨ ਬੱਚਾ ਅਤੇ ਵਿਅਕਤੀ ਇਹ ਜਲਦੀ ਸਮਝ ਲੈਂਦਾ ਹੈ ਕਿ ਜੀਵਨ ਵਿਚ ਉਹ ਜੋ ਕੁਝ ਵੀ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਬੇਈਮਾਨੀ ਤੇ ਧੋਖੇ ਨਾਲ ਨਹੀਂ ਸਗੋਂ ਇਮਾਨਦਾਰੀ ਤੇ ਸਚਾਈ ਦੇ ਸਹਾਰੇ ਬੜੀ ਆਸਾਨੀ ਨਾਲ ਪ੍ਰਾਪਤ ਕਰ ਸਕਦਾ ਹੈ।

6. ਸ਼ਰਾਰਤਾਂ– ਕਈ ਬੱਚੇ ਆਪਣੇ ਮਨ ਵਿਚ ਇਹ ਧਾਰਨਾ ਬਣਾ ਲੈਂਦੇ ਹਨ ਕਿ ਸ਼ਰਾਰਤਾਂ ਕਰਨ ਨਾਲ ਉਹ ਦੂਸਰਿਆਂ ਦਾ ਧਿਆਨ ਆਪਣੇ ਵੱਲ ਜਲਦੀ ਆਕਰਸ਼ਿਤ ਕਰ ਸਕਦੇ ਹਨ। ਇਹਨਾਂ ਸ਼ਰਾਰਤਾਂ ਬਦਲੇ ਉਹ ਸਜਾ ਪਾਉਣ ਦੇ ਉਪਰੰਤ ਵੀ ਆਪਣੀਆਂ ਸ਼ਰਾਰਤਾਂ ਜਲਦੀ ਨਹੀਂ ਛੱਡਦੇ, ਕਿਉਂਕਿ ਦੂਸਰਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਉਹਨਾਂ ਨੂੰ ਕਿਸੇ ਵਿਸ਼ੇਸ਼ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਕੁਝ ਵੱਡੇ ਬੱਚਿਆਂ ਦਾ ਸਮੂਹ ਸ਼ਰਾਰਤਾਂ ਕਰਨ ਨਾਲ ਕਿਸੇ ਵਿਸ਼ੇਸ਼ ਆਨੰਦ ਨੂੰ ਅਨੁਭਵ ਕਰਦਾ ਹੈ। ਦੂਸਰਿਆਂ ਨੂੰ ਚਿੜਾਉਣਾ, ਕਿਸੇ ਦੇ ਦਰਵਾਜ਼ੇ ਦੀ ਘੰਟੀ ਵਜਾਉਣੀ, ਚੁੱਪ ਕਰਕੇ ਕਿਸੇ ਦੇ ਸਾਈਕਲ ਜਾਂ ਮੋਟਰ ਸਾਈਕਲ ਦੇ ਟਾਇਰਾਂ ਦੀ ਹਵਾ ਕੱਢ ਦੇਣੀ, ਸੜਕਾਂ, ਦੀਵਾਰਾਂ ਤੇ ਰਸਤਿਆਂ ਤੇ ਮਨਮਾਨੀਆਂ ਤਸਵੀਰਾਂ ਬਣਾਉਣਾ ਜਾਂ ਕੁਝ ਉਲ-ਜਲੂਲ ਲਿਖ ਦੇਣ ਦਾ ਸਮੁੱਚੇ ਸਮੂਹ ਦਾ ਹਰ ਵਿਅਕਤੀ ਆਨੰਦ ਲੈਂਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਉਹ ਇਹਨਾਂ ਪ੍ਰਸਥਿਤੀਆਂ ਦਾ ਸਵਾਮੀ ਹੈ।

ਸਕੂਲ ਵਿਚ ਦੂਸਰੇ ਸਾਥੀਆਂ ਨਾਲ ਕਾਨਾਫੂਸੀ ਕਰਨਾ, ਇੱਧਰ-ਉਧਰ ਕਾਗਜ਼ ਦੇ ਟੁਕੜੇ ਭੇਜਣਾ ਤੇ ਦੂਸਰੇ ਬੱਚਿਆਂ ਨੂੰ ਤੰਗ ਕਰਨ ਤੋਂ ਬਾਅਦ ਸਜਾ ਪਾਉਣ ਤੋਂ ਬਾਅਦ ਵੀ ਕੁਝ ਬੱਚਿਆਂ ਨੂੰ ਇਸ 'ਚੋਂ ਆਨੰਦ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹ ਸਮਝਦੇ ਹਨ ਕਿ ਉਹ ਦੂਸਰਿਆਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਸਫਲ ਹਨ।

ਕੁਝ ਵਿਅਕਤੀਆਂ ਦੇ ਵਿਵਹਾਰ 'ਚ ਸਾਰੇ ਬਚਪਨ 'ਚ ਹੀ ਸ਼ਰਾਰਤਾਂ ਦੇਖਣ ਨੂੰ ਮਿਲਦੀਆਂ ਹਨ। ਬਚਪਨ ਵਿਚ ਬਾਲਕ ਮਾਤਾ-ਪਿਤਾ ਦੇ ਕੰਟਰੋਲ 'ਚੋਂ ਥੋੜ੍ਹਾ ਨਿਕਲ ਕੇ, ਬਾਹਰਲੇ ਆਪਣੇ ਸਾਥੀਆਂ ਦੇ ਸਮੂਹ ਦੇ ਵੱਸ ਵਿਚ ਆ ਜਾਂਦਾ ਹੈ। ਇਹ ਕੁਦਰਤੀ ਹੈ ਕਿ ਆਪਣੇ ਸਾਥੀਆਂ ਦੀ ਢਾਣੀ 'ਚ ਆ ਕੇ ਉਸ ਵਿਚ ਸ਼ਰਾਰਤਾਂ ਪੈਦਾ ਹੋ ਜਾਂਦੀਆਂ ਹਨ। ਇਹਨਾਂ ਪ੍ਰਸਥਿਤੀਆਂ ਵਿਚ ਆ ਕੇ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਘਬਰਾਹਟ ਵਿਚ ਆਉਣਾ ਠੀਕ ਨਹੀਂ ਹੈ। ਘਰ 'ਚ ਕਰਨ ਵਾਲੀਆਂ ਸ਼ਰਾਰਤਾਂ 'ਚ ਬਿਸਤਰੇ 'ਤੇ ਪਿਸ਼ਾਬ ਕਰ ਦੇਣਾ, ਉਚੀ-ਉਚੀ ਰੌਲਾ ਪਾਉਣਾ, ਦੂਸਰਿਆਂ ਬੱਚਿਆਂ ਨੂੰ ਕੁੱਟ ਦੇਣਾ, ਮਟਰਗਸ਼ਤੀ ਕਰਨਾ, ਕਹਿਣਾ ਨਾ ਮੰਨਣਾ, ਕਿਸੇ ਵੀ ਨਿਯਮ ਨੂੰ ਨਾ ਮੰਨਣਾ, ਝੂਠ ਬੋਲਣਾ ਤੇ ਚੋਰੀ ਕਰਨਾ ਆਦਿ ਹਨ। ਇਹ ਸਾਰੀਆਂ ਸ਼ਰਾਰਤਾਂ ਬੱਚਿਆਂ ਵਿਚ ਉਹਨਾਂ ਦੀ ਕੱਚੀ ਤੇ ਨਾਸਮਝਦਾਰੀ ਵਾਲੀ ਸੋਚ ਦੀਆਂ ਸੂਚਕ ਹਨ। ਇਹ ਸ਼ਰਾਰਤਾਂ ਮਨੋਵਿਗਿਆਨਕ ਤਰੀਕੇ ਨਾਲ ਤੇ ਮਾਤਾ-ਪਿਤਾ ਦੇ ਚੰਗੇ ਵਿਵਹਾਰ ਨਾਲ ਕਿਸੇ ਖਾਸ ਹੱਦ ਤੱਕ ਠੀਕ ਹੋ ਜਾਂਦੀਆਂ ਹਨ।

ਅਕਸਰ ਗਿਆਰਾਂ ਤੋਂ ਚੌਦਾਂ ਸਾਲ ਦੀ ਉਮਰ ਤੱਕ ਦੇ ਬੱਚਿਆਂ 'ਚ ਸਵਾਰਥਤਾ ਤੇ ਉਤਰਦਾਇਕਤਾ ਤੋਂ ਭੱਜਣਾ ਦੇਖਿਆ ਜਾ ਸਕਦਾ ਹੈ। ਇਸ ਅਵਸਥਾ ਵਿਚ ਉਹਨਾਂ ਨੂੰ ਆਪਣੇ ਵਿਅਕਤਿਤਵ ਦੀ ਸਥਾਪਨਾ ਕਰਨ ਦੀ ਕੁਝ ਚਿੰਤਾ ਹੋ ਜਾਂਦੀ ਹੈ ਤੇ ਕਈ ਵਾਰ ਉਹ ਇਸ ਵਿਚ ਕਿਸੇ ਦੂਸਰੇ ਦੀ ਦਖ਼ਲ-ਅੰਦਾਜ਼ੀ ਦਾ ਵਿਰੋਧ ਵੀ ਕਰਦੇ ਹਨ।

**7. ਬੱਚਿਆਂ ਦੇ ਝੂਠ–** ਬੱਚਿਆਂ ਦੇ ਸ਼ਰਾਰਤਾਂ ਬਦਲੇ 'ਝੂਠ ਬੋਲਣ' ਦਾ ਮਨੋਵਿਗਿਆਨਕਾਂ ਨੇ ਵਿਸ਼ੇਸ਼ ਅਧਿਐਨ ਕੀਤਾ ਹੈ। 'ਲੇਨਾਰਡ' ਨੇ ਬੱਚਿਆਂ ਦੇ 700 ਝੂਠ ਬੋਲਣ ਦਾ ਅਧਿਐਨ ਕੀਤਾ ਹੈ। ਉਸ ਨੇ ਇਸ ਵਿਚ ਇਹ ਦੇਖਿਆ ਹੈ ਕਿ ਉਹਨਾਂ 'ਚ 68 ਪ੍ਰਤੀਸ਼ਤ ਬੱਚਿਆਂ ਨੇ ਝੂਠ ਬੋਲਣ ਬਦਲੇ ਮਿਲਣ ਵਾਲੀ ਸਜਾ ਤੋਂ ਡਰਦਿਆਂ ਝੂਠ ਬੋਲਿਆ ਹੈ। ਉਹਨਾਂ 'ਚ 12 ਪ੍ਰਤੀਸ਼ਤ ਬੱਚਿਆਂ ਦੀ ਕਲਪਨਾ 'ਤੇ ਆਧਾਰਿਤ ਕਾਰਨ ਤੇ 20 ਪ੍ਰਤੀਸ਼ਤ ਬੱਚਿਆਂ ਨੇ ਜਾਣ ਬੁੱਝ ਕੇ ਤੇ ਧੋਖਾ ਦੇਣ ਦੀ ਨੀਅਤ ਨਾਲ ਝੂਠ ਬੋਲਿਆ ਹੈ।

ਕੁਝ ਲੜਕੇ ਅਤੇ ਲੜਕੀਆਂ ਦੂਸਰਿਆਂ ਨੂੰ ਸਜਾ ਦੇਣ ਦੀ ਨੀਅਤ ਨਾਲ ਦੋਸ਼ੀ ਠਹਿਰਾਉਂਦੇ ਹਨ। ਲੜਕੇ ਝੂਠ ਬੋਲ ਕੇ ਸਜਾ 'ਚੋਂ ਬਚ ਜਾਣ 'ਚ ਬਹਾਦਰੀ ਸਮਝਦੇ ਹਨ ਤੇ ਜਦੋਂ ਕਿ ਕੁਝ ਬਾਲਗ ਲੋਕ ਸ਼ੇਖੀ ਮਾਰਨ ਲਈ ਝੂਠ ਮਾਰਦੇ ਹਨ। ਮਨੋਵਿਗਿਆਨੀਆਂ ਨੇ ਆਪਣੇ ਅਧਿਐਨ 'ਚ ਦੇਖਿਆ ਹੈ ਕਿ ਕੁਝ ਝੂਠ ਬੋਲਣ ਵਾਲੇ ਬੱਚੇ ਅਜਿਹੀ ਪ੍ਰਸਥਿਤੀਆਂ ਵਾਲੇ ਘਰਾਂ 'ਚੋਂ ਆਉਂਦੇ ਹਨ, ਜਿੱਥੇ ਉਨ੍ਹਾਂ ਨੂੰ ਕੋਈ ਪਿਆਰ ਨਹੀਂ ਕਰਦਾ ਤੇ ਸਕੂਲਾਂ 'ਚ ਉਹਨਾਂ ਨੂੰ ਸਥਾਪਤ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਬੱਚਿਆਂ ਦੀਆਂ ਮਾਵਾਂ ਦੇ ਅਧਿਐਨ ਤੋਂ ਇਹ ਜਾਣਕਾਰੀ ਮਿਲੀ ਕਿ ਉਹਨਾਂ 'ਚ 67 ਪ੍ਰਤੀਸ਼ਤ ਮਾਵਾਂ ਆਪਣੇ ਬਚਪਨ ਵਿਚ ਬਹੁਤ ਝੂਠ ਬੋਲਦੀਆਂ ਸਨ।

**8. ਬੇਈਮਾਨੀ:–** ਬੱਚਿਆਂ ਦੀ ਬੇਈਮਾਨੀ ਦੇ ਸਬੰਧ 'ਚ 'ਹਰਟਸ਼ੋਨ' ਤੇ 'ਮੇ' ਨੇ ਕੋਈ ਗਿਆਰਾਂ ਹਜ਼ਾਰ ਬੱਚਿਆਂ ਦਾ ਪ੍ਰੀਖਿਅਕ ਵਿਧੀ ਨਾਲ ਅਧਿਐਨ ਕੀਤਾ। ਆਪਣੇ ਇਸ ਅਧਿਐਨ ਦਾ ਉਹਨਾਂ ਨੇ ਇਹ ਨਤੀਜਾ ਕੱਢਿਆ ਕਿ ਧੋਖਾ ਦੇਣ 'ਚ ਲਿੰਗ ਭੇਦ ਦਾ ਵਿਸ਼ੇਸ਼ ਉਲੇਖ ਨਹੀਂ ਹੈ। ਉਹਨਾਂ ਦਾ ਕਹਿਣਾ ਹੇ ਕਿ ਵੱਡੇ ਬੱਚੇ, ਛੋਟੇ ਬੱਚਿਆਂ ਦੀ ਤੁਲਨਾ ਵਿਚ ਜ਼ਿਆਦਾ ਧੋਖਾ ਦਿੰਦੇ ਹਨ।

ਉੱਚੀ ਸਮਾਜਿਕ ਤੇ ਆਰਥਿਕ ਸਥਿਤੀ ਵਾਲੇ ਬੱਚੇ, ਨਿਮਨ ਸਮਾਜਿਕ ਤੇ ਆਰਥਿਕ ਸਥਿਤੀ ਵਾਲੇ ਬੱਚੇ, ਨਿਮਨ ਸਮਾਜਿਕ ਅਤੇ ਆਰਥਿਕ ਸਥਿਤੀ ਵਾਲੇ ਬੱਚਿਆਂ ਦੀ ਤੁਲਨਾ 'ਚ ਘੱਟ ਧੋਖਾ ਦਿੰਦੇ ਹਨ।

ਇਮਾਨਦਾਰੀ ਤੇ ਬੇਈਮਾਨੀ ਬਹੁਤ ਹੱਦ ਤੱਕ ਪ੍ਰਸਥਿਤੀ ਵਿਸ਼ੇਸ਼ ਤੇ ਬੱਚਿਆਂ ਦੇ ਖਾਸ ਉਦੇਸ਼ ਤੇ ਨਿਰਭਰ ਕਰਦੀ ਹੈ, ਨਾ ਕਿ ਕਿਸੇ ਸਮਾਨ ਨੈਤਿਕ ਗੁਣ ਤੇ ਨਿਰਭਰ ਕਰਦੀ ਹੈ, ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਇਕ ਪ੍ਰਸਥਿਤੀ 'ਚ ਬਾਲਕ ਇਮਾਨਦਾਰ ਹੋ ਸਕਦਾ ਹੈ ਤੇ ਦੂਸਰੀ ਪ੍ਰਸਥਿਤੀ 'ਚ ਬੇਈਮਾਨ ਹੋ ਸਕਦਾ ਹੈ ਤੇ ਕਿਸੇ ਖਾਸ ਪ੍ਰਸਥਿਤੀ 'ਚ ਉਸਦੀ ਬੇਈਮਾਨੀ ਦਾ ਲਕਸ਼ ਦੇਖਦੇ ਹੋਏ ਵੀ ਉਸ ਨੂੰ ਇਮਾਨਦਾਰ ਕਿਹਾ ਜਾ ਸਕਦਾ ਹੈ ਅਤੇ ਦੂਸਰੀ ਪ੍ਰਸਥਿਤੀ 'ਚ ਉਸ ਦੀ ਰੁਚੀ ਅਨੁਸਾਰ ਉਸ ਨੂੰ ਬੇਈਮਾਨ ਕਿਹਾ ਜਾ ਸਕਦਾ ਹੈ।

**(ਚਲਦਾ)**

# ਸਾਹਿਤਕ ਪੈੜਾਂ

(ਮਿੰਨੀ ਕਹਾਣੀ)

## ਭਰੋਸਾ

**ਹਰਕੀਰਤ ਕੌਰ 'ਕਲਮ'**



ਜੈਲਦਾਰਾਂ ਦੇ ਘਰ ਹੋਈ ਚੋਰੀ ਦਾ ਡਰ ਮਨ ਵਿਚ ਹੀ ਸੀ, ਬਾਪੂ ਦੇ ਬੋਲ ਕੰਨੀ ਸਨ ਕਿ ਕਾਲਜ ਜਾਣ ਵੇਲੇ ਸਕੂਟਰ ਵਿਚ ਚਾਕੂ ਲੈ ਕੇ ਜਾਇਆ ਕਰ। ਕੀ ਪਤਾ ਚੋਰੀ ਕਿਹੜੇ ਵੇਲੇ ਸੁੰਨ-ਸਾਨ ਰਾਹ ਵਿਚੋਂ ਨਿਕਲ ਆਉਣ। ਇਨ੍ਹਾਂ ਸੋਚਾਂ ਵਿੱਚ ਖੋਈ ਰਾਜੀ ਹਰ ਰੋਜ ਵਾਂਗ ਸਕੂਟਰ ਤੇ ਬੱਸ ਸਟੈਂਡ ਵੱਲ ਜਾ ਰਹੀ ਸੀ ਜੋ ਕਿ ਪਿੰਡ ਤੋਂ 5 ਕਿਲੋਮੀਟਰ ਦੀ ਦੂਰੀ ਤੇ ਸੀ। ਅਚਾਨਕ ਸਾਹਮਣੇ ਤਿੰਨ ਆਦਮੀ ਪੁਲਿਸ ਦੀ ਵਰਦੀ ਪਾਈ ਹੱਥ ਵਿੱਚ ਡੰਡਾ ਲੈ ਖੜੇ ਦਿਖੇ ਤੇ ਰਾਜੀ ਨੂੰ ਸਕੂਟਰ ਰੋਕਣ ਦਾ ਇਸ਼ਾਰਾ ਕੀਤਾ। ਘਬਰਾਈ ਹੋਈ ਰਾਜੀ ਨੇ ਪੁੱਛਿਆ, ਉਤੁਸੀਂ ਮੈਨੂੰ ਕਿਉਂ ਰੋਕਿਆ ਹੈ?" ਧੁੰਦ ਤੇ ਕੋਈ ਰਾਹਗੀਰ ਨਾ ਦਿਸਣ ਕਰਕੇ ਉਸਨੇ ਸਕੂਟਰ ਨਾ ਰੋਕਿਆ ਪਰ ਹੌਲੀ ਕਰ ਲਿਆ। ਉਨ੍ਹਾਂ ਵਿੱਚੋਂ ਨੌਜਵਾਨ ਬੋਲਿਆ, ਉਅਸੀਂ ਪੁਲਿਸ ਵਾਲੇ ਹਾਂ, ਤੇਰੇ ਸਕੂਟਰ ਦੀ ਤਲਾਸ਼ੀ ਲੈਣੀ ਹੈ"।

"ਐਵੇਂ ਕਿਵੇਂ ਤਲਾਸ਼ੀ ਲਵੋਗੇ ਤੁਸੀਂ, ਮੈਨੂੰ ਰੋਕ ਨਹੀਂ ਸਕਦੇ ਤੇ ਮੈਂ ਭਰੋਸਾ ਵੀ ਕਿਵੇਂ ਕਰਾਂ ਤੁਸੀਂ ਪੁਲਿਸ ਵਾਲੇ ਹੋ?" ਰਾਜੀ ਨੇ ਡਰਦੇ ਹੋਏ ਕਿਹਾ। ਸਕੂਟਰ ਦੇ ਪਿੱਛੇ ਭੱਜੇ ਆਉਂਦੇ ਇੱਕ ਅੱਧਖੜ ਉਮਰ ਦਾ ਪੁਲਸੀਆ ਬੋਲਿਆ, "ਅਸੀਂ ਪੁਲਿਸ ਵਰਦੀ ਪਾਈ ਹੋਈ ਹੈ। ਤੂੰ ਸਕੂਟਰ ਰੋਕ"।

"ਪੁਲਿਸ ਵਾਲੀ ਵਰਦੀ ਤਾਂ ਹਰ ਕੋਈ ਪਾਈ ਫਿਰਦਾ ਹੈ, ਮੈਂ ਕਿਵੇਂ ਭਰੋਸਾ ਕਰਾਂ", ਇੰਨਾ ਕਹਿੰਦੀ ਹੋਈ ਰਾਜੀ ਨੇ ਸਕੂਟਰ ਤੇਜ ਕਰ ਲਿਆ। ਪੁਲਿਸ ਵਰਦੀ ਤੇ ਲਾਲ ਬੱਤੀ ਵਾਲੀ ਗੱਡੀ ਨੂੰ ਨਕਾਰਦੀ ਹੋਈ ਰਾਜੀ ਆਪਣੇ ਬਾਪੂ ਦੀਆਂ ਗੱਲਾਂ ਤੇ ਭਰੋਸਾ ਕਰ ਅੱਗੇ ਵੱਧ ਗਈ।

\# ਪਿੰਡ- ਕਾਲੀਆ, ਸੰਗਰੂਰ



ਪ੍ਰਸਿੱਧ ਲੇਖਕ ਅਤੇ ਸ਼੍ਰੋਮਣੀ ਕਵੀ ਜਨਾਬ ਆਜ਼ਾਦ ਜਲੰਧਰੀ ਦੀ ਪਤਨੀ ਸਵਰਗੀ ਸਵਰਗੀ ਗੁਰਮੀਤ ਕੌਰ ਸੁੰਮਨ ਨੂੰ, ਦੀ 7ਵੀਂ ਬਰਸੀ ਮੌਕੇ ਅਦਾਰਾ "ਦੇਸ਼ ਦੁਆਬਾ" ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

## ਗੀਤ

**-ਏ. ਐਸ. ਰਾਜੂ ਚੁੰਬਰ (99885 37710)**

ਬਾਬਾ ਸਾਹਿਬ ਦੀਆਂ ਸਾਡੇ ਘਰ ਫੋਟੋਆਂ,
ਅਸੀਂ ਬੁੱਤ ਵੀ ਬਣਾ ਲਏ ਹਰ ਥਾਂ ਤੇ,
ਉਹਦਾ ਸੰਵਿਧਾਨ ਸਾਡੇ ਕੋਲ਼ ਨਿਸ਼ਾਨੀ ਆ,
ਭੀਮ ਰਾਓ ਵੀ ਲਿਖਾਇਆ ਹੋਇਆ ਬਾਂਹ ਤੇ,
ਇਹਦੇ ਨਾਲ਼ ਦੱਸੋ ਹੋਣਾ ਕੀ ਭਲਾ।
ਜ਼ਰਾ ਸੋਚੋ ਤੇ ਵਿਚਾਰੋ ਮੇਰੇ ਵੀਰਨੋ,
ਕਿਸ ਗੱਲ ਦੀ ਉਹ ਦਿੰਦੇ ਸੀ ਸਲਾਹ।
ਉਹਦੇ ਬਚਨਾਂ ਨੂੰ ਉਸੇ ਤਰ੍ਹਾਂ ਮੰਨਣਾ ਸੀ,
ਉਹ ਤਾਂ ਰੱਖੇ ਕੋਲ਼ ਹੀ ਨੇ ਅਸੀਂ ਰੋਕ ਕੇ,

ਕਹਿੰਦੇ ਬਾਬਾ ਸਾਹਿਬ ਅਸੀਂ ਤੇਰੀ ਸੋਚ ਤੇ,
ਅੱਜ ਪਹਿਰਾ ਵੀ ਦਿਆਂਗੇ ਅਸੀਂ ਠੋਕ ਕੇ,
ਦੱਸੋ ਸੋਚ ਉੱਤੇ ਪਹਿਰਾ ਦੇਣ ਵਾਲਿਓ,
ਕਿੱਥੋਂ ਅਮਲਾਂ ਦਾ ਲੱਭਾਂ ਮੈਂ ਗਵਾਹ।

ਸਭ ਆਪਣੇ ਹੀ ਢਿੱਡ ਬਾਰੇ ਸੋਚਦੇ,
ਇੱਥੇ ਪੁੱਛਦਾ ਨਾ ਕੋਈ ਵੀ ਗਰੀਬਾਂ ਨੂੰ,
ਹੱਕ ਦੂਸਰੇ ਦਾ ਮਾਰ ਮਾਰ ਖਾ ਗਏ,
ਸਭ ਕੋਸਦੇ ਨੇ ਆਪਣੇ ਨਸੀਬਾਂ ਨੂੰ,

ਵਾੜ ਹੌਲ਼ੀ-ਹੌਲ਼ੀ ਖੇਤ ਨੂੰ ਹੀ ਖਾ ਗਈ,
ਕਾਹਤੋਂ ਦੂਜਿਆਂ ਤੇ ਕਰਨਾ ਗਿਲਾ।

ਤੈਨੂੰ ਆਪਣਿਆਂ ਬੈਠਿਆਂ ਹੀ ਵੇਚਤਾ,
ਕਿਸ ਪੱਖ ਵਲੋਂ ਦੱਸ ਤੂੰ ਆਜ਼ਾਦ ਏ,
ਮਨੂੰਵਾਦ ਨੇ ਹੈ ਅੱਜ ਵੀ ਉਜਾੜਿਆ,
ਮੈਨੂੰ ਦੱਸ ਜ਼ਰਾ ਕਿਦਾਂ ਤੂੰ ਆਬਾਦ ਏਂ,
ਬੇੜੀ ਲਗਦੀ ਨਾ "ਰਾਜੂ" ਕਦੇ ਕੰਢੇ ਤੇ
ਜਿਹਦਾ ਬੇਈਮਾਨ ਹੋ ਜਾਏ ਮਲਾਹ।

## ਫਿਲਹਾਲ ਪੰਜਾਬ !



ਪਾਟੋ ਧਾੜ ਦਾ ਕੋਈ ਸ਼ਿਕਾਰ ਬਣਿਆ
ਕੋਈ ਫਿਰੇ ਹਾਲਾਤ ਦਾ ਮਾਰਿਆ ਜੀ।
ਹਾਲੇ ਤੱਕ ਨਮੋਸ਼ੀ 'ਚੋਂ ਨਿਕਲਿਆ ਨਾ
ਦਲ ਜਿਹੜਾ ਵੀ ਦਿੱਲੀ 'ਚੋਂ ਹਾਰਿਆ ਜੀ।
ਕਹਿੰਦੇ 'ਯੁੱਧ ਸਤਾਰਾਂ' ਦਾ ਜਿੱਤਣਾ ਏਂ
ਦੇ ਦੇ ਬਿਆਨ ਅਖਬਾਰਾਂ 'ਚ ਸਾਰਿਆ ਜੀ।
'ਦੁਸ਼ਮਣ' ਢਾਹੁਣ ਲਈ ਜੋਸ਼ ਨਾ ਦਿਸੇ ਕੋਈ
ਉਹਨੂੰ ਹਾਲੇ ਨਾ ਕਿਸੇ ਲਲਕਾਰਿਆ ਜੀ।
ਨਹੀਉਂ ਰੜਕਦਾ ਕੋਈ ਮੈਦਾਨ ਅੰਦਰ
ਕਾਟੋ ਫੁੱਲਾਂ 'ਤੇ ਨੱਚਦੀ ਫੜੇ ਜਿਹੜਾ।
ਛਾਤੀ ਤਾਣ ਕੇ ਮੁੱਛਾਂ ਨੂੰ ਵੱਟ ਦੇ ਕੇ
ਆ ਕੇ 'ਲੋਟੂਆਂ' ਸਾਹਮਣੇ ਖੜ੍ਹੇ ਜਿਹੜਾ!

**- ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਇੱਥੇ ਝੂਠ ਨੂੰ ਜਿਆਦਾ ਸੱਚ ਮੰਨਦੇ

ਇੱਥੇ ਝੂਠ ਨੂੰ ਜਿਆਦਾ ਸੱਚ ਮੰਨਦੇ, ਸੱਚ ਨੂੰ ਮੰਨਦੇ ਘੱਟ ਸੱਜਣਾਂ!'
ਸਾਡੇ ਲਾਈਲੱਗ ਗੀਤਕਾਰਾਂ, ਕਲਾਕਾਰਾਂ, ਸੁਣੀ-ਸੁਣਾਈ ਮਾਰੀ ਗੱਪ ਸੱਜਣਾਂ!
ਕਹਿੰਦੇ ਉ 365 ਚਲਿੱਤਰ ਨਾਰ ਦੇ, ਇਹਦੇ ਗਿੱਚੀ ਪਿੱਛੇ ਮੱਤ" ਸੱਜਣਾਂ!
ਜਿਹਦੀ 'ਮੱਤ' ਹੈ ਪਿੱਛੇ 'ਗਿੱਚੀ' ਦੇ, ਉਹਦੇ ਵਿਚ ਚਲਿੱਤਰ ਨਹੀਂ ਹੋ ਸਕਦੇ,
ਜੀਹਦੇ ਵਿਚ ਚਲਿੱਤਰ ਨੇ, ਉਹਦੀ ਕਿਵੇਂ ਗਿੱਚੀ ਪਿੱਛੇ ਮੱਤ ਸੱਜਣਾਂ!
ਇਥੇ ਗੋਲ ਗੱਪ ਤਾਂ ਰੁੜਦੇ ਚੌਰਸ ਵੀ ਰੁੜ ਪੈਂਦੇ ਨੇ,
ਬਹੁਗਿਣਤੀ ਲਾਈਲੱਗਾਂ ਦੀ, ਪਤਾ ਨੀ ਕੀ ਮੰਨ ਲਵੇ ਸੱਚ ਸੱਜਣਾਂ!
ਇਥੇ 'ਰਿਸ਼ੀ' ਹਜ਼ਾਰਾਂ ਸਾਲ 'ਤੱਪ' ਕਰਦੇ, ਹਾਥੀ ਫਿਰਦੇ ਵਿਚ ਅਸਮਾਨਾਂ ਦੇ,
ਇਹ ਓਨਾਂ ਹੀ ਸੱਚ ਮੰਨ ਲੈਂਦੇ, ਜਿਨਾਂ ਵੱਡਾ ਹੋਵੇ ਗੱਪ ਸੱਜਣਾਂ!
ਅਚੰਭੇ ਭਰਿਆ ਸ਼ੋਸ਼ਾ ਛੱਡ ਦਿਓ, ਲੋਕਾਂ ਦੇ ਝੱਟ ਜੱਚ ਜਾਂਦਾ,
ਮੂਰਤੀਆਂ ਨੂੰ ਦੁੱਧ ਪਿਲਾਵਣ ਲਈ ਆ ਜਾਣ ਵਹੀਰਾਂ ਘੱਤ ਸੱਜਣਾਂ!
ਹਰ ਗੱਲ ਨੂੰ ਸੋਚ-ਵਿਚਾਰਦੇ ਨਾ ਹੱਥ ਅਕਲ ਨੂੰ ਮਾਰਦੇ ਨਾ,
ਮੇਜਰ ਇਥੇ ਝੂਠ ਨੂੰ ਜਿਆਦਾ ਮੰਨਦੇ, ਸੱਚ ਨੂੰ ਮੰਨਦੇ ਘੱਟ ਸੱਜਣਾਂ!



**ਮੇਜਰ ਸਿੰਘ 'ਬੁਢਲਾਡਾ'**
94176 42327,
90414 06713

### ਮਰਹੂਮ ਗਾਇਕ ਜੋੜੀ ਅਮਰਜੋਤ ਅਤੇ ਅਮਰ ਸਿੰਘ ਚਮਕੀਲਾ ਦੀ ਬਰਸੀ 'ਤੇ ਵਿਸ਼ੇਸ਼

## ਤੁਰ ਚੱਲੀ ਜਿੰਦੜੀਏ ਨੀ ਖਾਲੀ ਹੱਥ ਕਰਕੇ

**- ਕੁਲਦੀਪ ਸਿੰਘ ਧਨੌਲਾ**
9464291023

ਪੰਜਾਬ ਵਿੱਚ ਅਤਿਵਾਦ ਦੇ ਦਿਨਾਂ ਦੌਰਾਨ ਪ੍ਰਸਿੱਧ ਗਾਇਕ ਜੋੜੀ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਨੂੰ 7 ਮਾਰਚ11988 ਪਿੰਡ ਮਹਿਸਮਪੁਰ (ਜਲੰਧਰ) ਵਿੱਚ ਇੱਕ ਵਿਆਹ ਮੌਕੇ ਸਾਥੀਆਂ ਸਮੇਤ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ ਕਿਉਂਕਿ ਇਸ ਜੋੜੀ 'ਤੇ ਅਕਸਰ ਇਲਜ਼ਾਮ ਲਾਇਆ ਜਾਂਦਾ ਸੀ ਕਿ ਉਹ ਲੱਚਰ ਗੀਤ ਗਾਉਂਦੇ ਸਨ। ਉਨ੍ਹਾਂ ਦਿਨਾਂ ਵਿੱਚ ਇਸ ਗਾਇਕ ਜੋੜੀ ਦੀ ਅਜਿਹੀ ਗੁੱਡੀ ਚੜ੍ਹੀ ਸੀ ਕਿ ਚੰਗੇ-ਚੰਗੇ ਗਾਇਕ ਘਰੀਂ ਬੈਠ ਗਏ ਸਨ। ਇਨ੍ਹਾਂ ਦਾ ਅਖਾੜਾ ਲਵਾਉਣ ਵਾਲੇ ਵਿਆਹ ਦਾ ਦਿਨ ਕਢਾਉਣ ਤੋਂ ਪਹਿਲਾਂ ਚਮਕੀਲੇ ਤੋਂ ਤਾਰੀਖ਼ ਬੁੱਕ ਕਰਵਾਉਂਦੇ ਸਨ। ਅੱਜ-ਕੱਲ੍ਹ ਵੀ ਇਸ ਗਾਇਕ ਜੋੜੀ ਦੇ ਜਿੰਨੇ ਗੀਤ ਟਰੱਕਾਂ, ਬੱਸਾਂ ਅਤੇ ਟੈਕਸੀ ਸਟੈਂਡਾਂ ਵਿੱਚ ਚਲਦੇ ਹਨ, ਉਨੇ ਹੀ ਧਾਰਮਿਕ ਅਸਥਾਨਾਂ ਉੱਤੇ ਵੀ ਚਲਦੇ ਹਨ। ਇਨ੍ਹਾਂ ਤੋਂ ਬਾਅਦ ਭਾਵੇਂ ਕਈਆਂ ਨੇ ਆਪਣੇ ਨਾਂ ਨਾਲ ਚਮਕੀਲਾ ਲਾਇਆ ਪਰ ਦੁਗਰੀ ਵਾਲਾ ਚਮਕੀਲਾ ਕੋਈ ਨਾ ਬਣ ਸਕਿਆ।



ਜਦੋਂ ਉਸ ਵੇਲੇ ਦੀਆਂ ਖਾੜਕੂ ਜਥੇਬੰਦੀਆਂ ਨੇ ਇਸ ਗਾਇਕ ਜੋੜੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਤਾਂ ਉਨ੍ਹਾਂ ਆਪਣੀ ਭੁੱਲ ਬਖਸ਼ਾਉਂਦਿਆਂ ਜਦੋਂ 'ਨਾਮ ਜਪ ਲੈ' ਜਿਹੇ ਗੀਤ ਰਿਕ-ਾਰਡ ਕਰਵਾਏ ਤਾਂ ਇਹ ਗੀਤ ਵੀ ਬਲੈਕ ਵਿੱਚ ਵਿਕੇ। ਬਾਅਦ ਵਿੱਚ ਐਚ ਐਮ ਵੀ ਕੰਪਨੀ ਨੇ 'ਸਾਥੋਂ ਬਾਬਾ ਖੋ ਲਿਆ ਤੇਰਾ ਨਨਕਾਣਾ', 'ਤਲਵਾਰ ਮੈਂ ਕਲਗੀਧਰ ਦੀ ਹਾਂ, ਮੈਂ ਤੀਰ ਸੱਚੀ ਸਰਕਾਰ ਦਾ ਹਾਂ' ਕੈਸਿਟ ਰਿਲੀਜ਼ ਕੀਤੀ। ਪੰਜਾਬੀ ਫ਼ਿਲਮ 'ਪਟੋਲਾ' ਅਮਰ ਸਿੰਘ ਚਮਕੀਲੇ ਅਤੇ ਅਮ-ਰਜੋਤ ਦੇ ਇੱਕੋ-ਇੱਕ ਗੀਤ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ' ਕਾਰਨ ਹਿੱਟ ਹੋਈ ਸੀ। ਲੁਧਿਆਣੇ ਦੀ ਵੱਖੀ 'ਚ ਪੈਂਦੇ ਪਿੰਡ ਦੁਗਰੀ ਵਿੱਚ ਅਮਰ ਨੇ 21 ਜੁਲਾਈ 1960 ਨੂੰ ਬੀਬੀ ਕਰਤਾਰ ਅਤੇ ਹਰੀ ਸਿੰਘ ਦੇ ਘਰ ਇੱਕ ਅਤਿ-ਗ਼ਰੀਬ ਪਰਿਵਾਰ ਵਿੱਚ ਜਨਮ ਲਿਆ।

ਉਹ ਮਾਪਿਆਂ ਦਾ ਲਾਡਲਾ ਜੇਠਾ ਪੁੱਤ, ਦੋ ਭੈਣਾਂ ਸਵਰਨ ਕੌਰ ਅਤੇ ਚਰਨ ਕੌਰ, ਭਰਾ ਅਵਤਾਰ ਤਾਰੀ ਤੇ ਲਸ਼ਕਰ ਦਾ ਲਾਡਲਾ ਵੀਰ ਸੀ।

ਛੋਟੀ ਉਮਰੇ ਮਾਂ ਦਾ ਸਾਇਆ ਸਿਰ ਤੋਂ ਉੱਠ ਜਾਣ ਕਰਕੇ ਬਚਪਨ ਵਿੱਚ ਹੀ ਉਸ ਦਾ ਵਿਆਹ ਨੰਗਲ ਖੁਰਦ (ਨੇੜੇ ਪੱਖੋਵਾਲ) ਦੀ ਗੁਰਮੇਲ ਕੌਰ ਨਾਲ ਹੋਇਆ। ਚਮਕੀਲਾ ਸਿਰਫ਼ ਛੇ ਜਮਾਤਾਂ ਪਾਸ ਕਰਕੇ ਦਿਹਾੜੀ-ਦੱਪਾ ਕਰਨ ਲੱਗ ਪਿਆ। ਇਸ ਸੰਘਰਸ਼ ਦੌਰਾਨ ਉਸ ਦਾ ਮੇਲ ਗਾਇਕ ਸੁਰਿੰਦਰ ਛਿੰਦਾ ਨਾਲ ਹੋਇਆ। ਜਦੋਂ ਛਿੰਦੇ ਦੀ ਆਵਾਜ਼ 'ਚ ਅਮਰ ਸਿੰਘ ਚਮਕੀਲੇ ਦੇ ਲਿਖੇ 'ਨੀਂ ਮੈਂ ਡਿੱਗੀ ਤਿਲਕ ਕੇ', 'ਦੇ ਗਿਆ ਨੀਂ ਡੁੱਬ ਜਾਣੀਦਾ ਜੇਠ ਗੁੱਗਲ ਦੀ ਧੂਣੀ' ਆਦਿ ਰਿਕਾਰਡ ਮਾਰਕੀਟ ਵਿੱਚ ਆਏ ਇਨ੍ਹਾਂ ਨਾਲ ਗਾਇਕ ਦੀ ਤਾਂ ਜੋ ਚੜ੍ਹਤ ਹੋਣੀ ਸੀ ਹੋਈ ਪਰ ਚਮਕੀਲੇ ਦੀ ਵੱਧ ਹੋਈ।

ਇਸ ਤੋਂ ਬਾਅਦ ਜਦੋਂ ਚਮਕੀਲੇ ਵੱਲੋਂ ਖ਼ੁਦ ਦੀ ਆਵਾਜ਼ ਵਿੱਚ ਸੁਰਿੰਦਰ ਸੋਨੀਆ ਨਾਲ 'ਟਕੂਆ ਤੇ ਟਕੂਆ ਖੜਕੇ' ਗੀਤ ਮਾਰਕੀਟ ਵਿੱਚ ਆਇਆ ਤਾਂ ਚਮਕੀਲਾ ਫਰਸ਼ ਤੋਂ ਅਰਸ਼ ਉੱਤੇ ਜਾ ਪੁੱਜਿਆ। ਫੇਰ ਉਸ ਨੇ ਅਮਰਜੋਤ ਨਾਲ ਦੂਜਾ ਵਿਆਹ ਕਰਵਾ ਕੇ ਚਮਕੀਲਾ-ਅਮਰਜੋਤ ਦੀ ਦੋਗਾਣਾ ਗਾਇਕ ਜੋੜੀ ਬਣਾ ਲਈ ਅਤੇ ਅਨੇਕਾਂ ਗੀਤ ਗਾਏ ਜੋ ਸਰੋਤਿਆਂ ਨੇ ਪ੍ਰਵਾਨ ਕੀਤੇ। ਇਸ ਜੋੜੀ ਦੇ ਕਤਲ ਤੋਂ ਬਾਅਦ ਜਦੋਂ ਉਸ ਸਮੇਂ ਐਚ ਐਮ ਵੀ ਕੰਪਨੀ ਨੇ ਇਨ੍ਹਾਂ ਦੀ ਆਖਰੀ ਕੈਸਟ 'ਯਾਦ ਆਵੇ ਵਾਰ-ਵਾਰ' ਕੱਢੀ ਤਾਂ ਇੱਕ ਮਹੀਨੇ 'ਚ 10 ਲੱਖ ਕੈਸਿਟ ਵਿਕਣ ਦਾ ਰਿਕਾਰਡ ਕਾਇਮ ਹੋਇਆ ਸੀ।

ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਬਰਸੀ ਹਰ ਸਾਲ 9 ਮਾਰਚ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਦੁਗਰੀ ਵਿਖੇ ਮਨਾਈ ਜਾਂਦੀ ਹੈ, ਜਿੱਥੇ ਪੰਜਾਬ ਦੇ ਗਾਇਕ ਇਸ ਜੋੜੀ ਨੂੰ ਆਪਣੇ ਗੀਤਾਂ ਰਾਹੀਂ ਸ਼ਰਧਾਂਜਲੀ ਭੇਟ ਕਰਦੇ ਹਨ।

## ਪੀ ਸੀ ਐੱਸ ਸੈਕਰਾਮੈਂਟੋਂ ਵਲੋਂ 26ਵਾਂ ਵਿਸਾਖੀ ਮੇਲਾ 18 ਅਪ੍ਰੈਲ ਨੂੰ ਕਰਨ ਦਾ ਫੈਸਲਾ

ਸ਼ਾਮੀਂ ਤਿੰਨ ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਇਸ ਦਾ ਫੈਸਲਾ ਸ੍ਰੀ ਅਮਰੀਕ ਸਿੰਘ ਦੀ ਪਰਧਾਨਗੀ ਹੇਠ ਸੰਸਥਾ ਦੇ ਮੈਂਬਰਾਂ ਦੀ ਐਲਕਗਰੂਵ ਵਿਚ, ਮੈਕ ਰੋਡ ਤੇ ਸਥਿਤ 'ਮਾਊਂਟੇਨ ਮਾਈਕ ਪੀਜ਼ਾ' ਤੇ ਹੋਈ ਅਹਿਮ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਦਾ ਆਰੰਭ ਕਰਦਿਆਂ ਸ: ਰਛਪਾਲ ਸਿੰਘ ਫਰਵਾਲਾ ਜੋ ਇਸ ਸੰਸਥਾ ਦੇ ਰੂਹੇ- ਰਵਾਂ ਹਨ ਨੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਸੰਸਥਾ ਦੇ ਹੁਣ ਤੱਕ ਦੇ ਸਫਰ ਅਤੇ ਪ੍ਰਾਪਤੀਆਂ ਉਤੇ ਰੋਸ਼ਨੀ ਪਾਈ ।ਉਹਨਾਂ ਕਿਹਾ ਕਿ ਆਪਣੇ ਅਮੋਲਕ ਵਿਰਸੇ ਨੂੰ ਸੰਭਾਲਣ ਹਿਤ ਇਸ ਸੰਸਥਾ ਦੀਆਂ ਹੁਣ ਤੱਕ ਦੀਆਂ ਗੌਰਵ ਮਈ ਪ੍ਰਾਪਤੀਆਂ ਪਿਛੇ ਸਮੂਹ ਮੈਂਬਰਾਂ ਦਾ ਇਕ ਟੀਮ ਦੇ ਤੌਰ ਤੇ ਲਗਨ ਸਿਦਕ ਅਤੇ ਦ੍ਰਿੜਤਾ ਨਾਲ ਕੰਮ ਕਰਨਾ ਹੀ ਹੈ। ਆਉਣ ਵਾਲੇ ਸਮੇਂ ਵਿਚ ਵੀ ਸਾਨੂੰ ਇਹਨਾਂ ਅਕੀਦਿਆਂ ਨੂੰ ਕਾਇਮ ਰਖਣਾ ਚਾਹੀਦਾ ਹੈ । ਮੇਲੇ ਨੂੰ ਕਾਮਯਾਬ ਕਰਨ ਲਈ ਹਾਜ਼ਰ ਮੈਂਬਰਾਂ ਨੇ ਇਸ ਪ੍ਰਤੀ ਆਪਣੀ ਵਚਨਵੱਧਤਾ ਨੂੰ ਦੁਹਰਾਉਂਦਿਆਂ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ । ਇਸ ਤੋਂ ਬਾਅਦ ਪਿਛਲੇ ਸਾਲ ਦੇ ਆਮਦਨ ਖਰਚ ਦਾ ਲੇਖਾ-ਜੋਖਾ ਮੈਂਬਰਾਂ ਅਗੇ ਰਖਿਆ ਗਿਆ ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ ਵੀ ਮੇਲੇ ਵਿਚ ਪਹਿਲਾਂ ਵਾਂਗ ਹੀ ਪੰਜਾਬ ਦੇ ਲੋਕ ਨਾਚ ਗਿੱਧਾ, ਭੰਗੜਾ ਤੋਂ ਇਲਾਵਾ ਹੋਰ ਡਾਂਸ ਆਈਟਮਾਂ ਅਤੇ ਸਕਿਟਾਂ ਪੇਸ਼ ਕੀਤੀਆਂ ਜਾਣਗੀਆਂ । ਗੀਤ -ਸੰਗੀਤ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ ।ਇਸ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀ ਤਰੱਕੀ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ। ਇਕ ਪਰਿਵਾਰਕ ਮੇਲੇ ਵਜੋਂ ਸਥਾਪਤ ਹੋ ਚੁੱਕੇ ਇਸ ਮੇਲੇ ਲਈ ਕੋਈ ਦਾਖਲਾ ਫ਼ੀਸ ਨਹੀਂ ਹੈ । ਮੇਲੇ ਤੇ ਆਉਣ ਵਾਲਿਆਂ ਦੀ ਸਹੂਲਤ ਲਈ ਖਰੀਦੋ ਫ਼ਰੋਖ਼ਤ ਦੇ ਸਟਾਲ ਲਾਏ ਜਾਣਗੇ ਅਤੇ ਸਕਿਉਰਟੀ ਦਾ ਪੂਰਾ ਇੰਤਜਾਮ ਹੋਵੇਗਾ। ਦਿਤੇ ਬਿਆਨ ਅਨੁਸਾਰ ਇਸ ਸੰਸਥਾ ਨੂੰ ਸਥਾਨਕ ਸੰਸਥਾਵਾਂ ਇੰਡੋ ਅਮੈਰਿਕਨ ਕਲਚਰਲ ਆਰਗੇਨ-ਾਈਜ਼ੇਸ਼ਨ, ਗਦਰ ਮੈਮੋਰੀਅਲ ਫਾਊਡੇਸ਼ਨ ,ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਇੰਡਸ ਵੈਲੀ ਚੈਂਬਰ ਆਫ ਕਾਮਰਸ ਅਤੇ ਹੋਰ ਸਭਿਾਚਾਰਕ ਜਥੇਬੰਦੀਆਂ ਨੇ ਪੂਰਾ ਸਹਿਯੋਗ ਦੇਣ ਦਾ ਫੈਸਲਾ ਕੀਤਾ ਹੈ।

ਇਸ ਮੀਟਿੰਗ ਵਿਚ ਸ਼ਿੱਰਕਤ ਕਰਨ ਵਾਲਿਆਂ ਵਿਚ ਰਛਪਾਲ ਸਿੰਘ ਫਰਵਾਲਾ , ਅਮਰੀਕ ਸਿੰਘ, ਹਰਜਿੰਦਰ ਪੰਧੇਰ, ਸੁਖਰਾਜ ਸਿੰਘ , ਅਵਤਾਰ ਸਿੰਘ ਡੌਡ, ਸਤਨਾਮ ਸਿੰਘ ਤਾਤਲਾ, ਸੁਖਦੇਵ ਸਿੰਘ ਦੇਬੀ, ਜਰਨੈਲ ਸਿੰਘ ਮੰਡੇਰ, ਬਲਵੰਤ ਸਿੰਘ ਗਿਲ, ਜਸਵੰਤ ਸ਼ਾਦ, ਕਰਮਜੀਤ ਸਿੰਘ ਮਿਨਹਾਸ, ਕੰਮਲ ਬੰਗਾ ,ਹਰਜਿੰਦਰ ਸਿੰਘ ਬਸਰਾ , ਤੀਰਥ ਸਿੰਘ ਸਹੋਤਾ, ਸੁਰਿੰਦਰ ਬਿੰਦਰਾ, 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਚੁੰਬਰ ਅਤੇ ਅਜਾਇਬ ਸਿੰਘ ਸ਼ਾਮਲ ਸਨ। ਮੇਲੇ ਦੀ ਕਿਸੇ ਆਈਟਮ ਵਿਚ ਭਾਗ ਲੈਣ ਅਤੇ ਹੋਰ ਜਾਣਕਾਰੀ ਲਈ ਸ੍ਰੀ ਫਰਵਾਲਾ ਨਾਲ ਫੋਨ (916-880-0531) ਉਤੇ ਸੰਪਰਕ ਕੀਤਾ ਜਾ ਸਕਦਾ ਹੈ । ਸਮੂਹ ਇਲਾਕਾ ਨਿਵਾਸੀਆਂ ਨੂੰ ਮੇਲੇ ਦੀਆਂ ਖੁਸ਼ੀਆਂ ਮਾਨਣ ਅਤੇ ਰੌਣਕ ਵਧਾਉਣ ਲਈ ਖੁਲਾ ਸਦਾ ਪੱਤਰ ਦਿਤਾ ਜਾਂਦਾ ਹੈ ।

**ਵਲੋ :- ਸਮੂਹ ਪ੍ਰਬੰਧਕ ਕਮੇਟੀ**
**ਪੰਜਾਬੀ ਕਲਚਰਲ ਸੁਸਾਇਟੀ ਸੈਕਰਮੈਂਟੋ**



# ਲੋਕ ਵਿਰਸਾ



ਡਾ.ਕਰਮਜੀਤ ਸਿੰਘ
91-98763-23862

## ਲੋਕ ਗੀਤਾਂ ਦੇ ਨਾਲ ਤੁਰਦਿਆਂ

# ਤੋੜ ਵਿਛੋੜੀ ਹੰਸਾਂ ਜੋੜੀ

ਕੋਈ ਵਖ਼ਤ ਗੁਜ਼ਾਰੀਏ। ਲਾਸ਼ ਨੂੰ ਛਮਕਾਂ ਪੁਆਣਾ ਤੇ ਮਾਰਨਾ ਸਰੋਤੇ ਲਈ ਅਸਹਿ ਹੈ। ਇਸ ਲਈ ਉਸ ਦੀ ਹਮਦਰਦੀ ਪੂਰੀ ਤਰ੍ਹਾਂ ਮਰੀ ਔਰਤ ਨਾਲ ਜੁੜ ਜਾਂਦੀ ਹੈ। ਸੱਸ ਪ੍ਰਤੀ ਘ੍ਰਿਣਾ ਜਾਗਦੀ ਹੈ, ਤੇ ਪਤੀ ਪ੍ਰਤੀ ਅਜੇ ਉਸ ਨੇ ਕੁਝ ਹੋਰ ਸੁਣਨਾ ਹੈ।

ਅੰਦਰੋਂ ਫੜਾ ਦੇ ਨੀ ਮਾਏ
ਮੇਰੇ ਭਗਵੇਂ ਜੋ ਕਪੜੇ ਨੀ ਮਾਏ ਮੇਰੀਏ
ਹੋ ਜਾਣਾ ਸਾਧ ਪਖੀਰ
ਕੋਈ ਵਖਤ ਗੁਜ਼ਾਰੀਏ।

ਸਰੋਤਾ ਉਸ ਨਾਲ ਹੋਈ ਬੇਇਨਸਾਫ਼ੀ ਨਾਲ ਕੁਝ ਪਸੀਜਦਾ ਹੈ, ਪਰ ਪਤਾ ਨਹੀਂ ਸੱਸ ਪੂਰੀ ਤਰ੍ਹਾਂ ਦੁਰਕਾਰੇ ਜਾਣ ਦੀ ਉਡੀਕ ਕਰ ਰਹੀ ਹੈ।

ਅੱਗ ਜੋ ਲਾਵਾਂ, ਵੇ ਪੁੱਤ ਭਗਵੇਂ
ਜੋ ਕੱਪੜੇ ਵੇ ਪੁੱਤਰ ਮੇਰਿਆ
ਹੋਰ ਵਿਆਈਏ ਚੂੜੇ ਵਾਲੀ
ਕੋਈ ਵਖ਼ਤ ਗੁਜ਼ਾਰੀਏ
ਅੱਗ ਜੁ ਲਾਵਾਂ ਨੀ ਮਾਏ
ਤੇਰੇ ਚੂੜੇ ਜੋ ਵਾਲੀ ਨੀ ਮਾਏ ਮੇਰੀਏ
ਤੋੜ ਵਿਛੋੜੀ ਹੰਸਾਂ ਜੋੜੀ
ਕੋਈ ਵਖ਼ਤ ਗੁਜ਼ਾਰੀਏ।

ਇਉਂ ਮਰੀ ਨਾਇਕਾ ਨਾਲ ਸਰੋਤੇ ਨੂੰ ਇਕ-ਮਿਕ ਕਰਕੇ, ਪਤੀ ਨਾਲ ਹਮਦਰਦੀ ਜਗਾ ਕੇ ਸੱਸ ਨਾਲ ਪੂਰਾ ਤ੍ਰਿਸਕਾਰ ਪੈਦਾ ਕਰਕੇ ਇਹ ਗੀਤ ਸਮਾਪਤ ਹੋ ਜਾਂਦਾ ਹੈ। ਬਹੁਤ ਕੁਝ ਛੱਡ ਜਾਂਦਾ ਹੈ, ਸੋਚਣ ਸਮਝਣ ਲਈ। ਹਲੂਣ ਜਾਂਦਾ ਹੈ ਧੁਰ ਅੰਦਰ ਦੇ ਭਾਵਾਂ ਨੂੰ। ਕਈ ਲੋਕ ਮੈਨੂੰ ਪੁੱਛਦੇ ਹਨ ਕਿ ਔਰਤਾਂ ਏਨੇ ਲੰਮੇ-ਲੰਮੇ ਗੀਤ ਕਿਵੇਂ ਯਾਦ ਰੱਖ ਲੈਂਦੀਆਂ ਹਨ? ਇਸ ਦੀ ਲੰਮੀ ਪ੍ਰਕਿਰਿਆ ਹੈ, ਸਦੀਆਂ ਬਾਅਦ ਇਨ੍ਹਾਂ ਦਾ ਅਜੋਕਾ ਰੂਪ ਵਿਕਸਿਤ ਹੁੰਦਾ ਹੈ। ॥

ਜਦੋਂ ਲਿਖਤ ਨਾ ਆਉਂਦੀ ਹੋਵੇ ਤਾਂ ਯਾਦਾਸ਼ਤ ਉੱਪਰ ਹੀ ਸਾਰਾ ਨਿਰਵਾਹ ਕਰਨਾ ਪੈਂਦਾ ਹੈ। ਇਹ ਇਨ੍ਹਾਂ ਗਾਇਕਾਵਾਂ ਦਾ ਉਚੇਚਾ ਪੱਖ ਹੈ ਕਿ ਇਨ੍ਹਾਂ ਨੇ ਲੰਮੇ ਗੀਤ, ਲੈਅ ਸਮੇਤ ਸਾਂਭੀ ਰੱਖੇ ਹਨ।

ਪਰ ਇਸ ਦਾ ਇਕ ਹੋਰ ਪੱਖ ਹੋਰ ਵੀ ਹੈ। ਜਦੋਂ 'ਦੇਸ ਦੁਆਬਾ' ਕਿਤਾਬ ਛਪੀ ਤਾਂ ਇਹ ਨਾਨੀ ਤੇ ਮਾਤਾ ਜੀ ਨੂੰ ਸਮਰਪਿਤ ਸੀ। ਜਦੋਂ ਕਿਤਾਬ ਨਾਨੀ ਨੂੰ ਭੇਂਟ ਕੀਤੀ ਤਾਂ ਉਸ ਕਿਹਾ, "ਕਰਮ ਸਿਆਂ ਸਾਡੇ ਕਿਸ ਕੰਮ! ਕੁੜੀਆਂ ਨੂੰ ਦੇ ਦੇ। ਇਹ ਪੜ੍ਹ ਕੇ ਸੁਣਾ ਦਿਆ ਕਰਨਗੀਆਂ" ਅਜਿਹੀਆਂ ਹਨ ਸਾਡੇ ਗੀਤਾਂ ਦੀਆਂ ਸਿਰਜਕਾਂ ਤੇ ਗਾਇਕਾਵਾਂ।




# ਕਿੱਸਾ ਸਰਵਣ ਦਾ

ਸਵਰਣ ਦੀ ਕਥਾ ਬਾਲਮੀਕੀ ਰਮਾਇਣ ਜਿੰਨੀ ਹੀ ਪੁਰਾਣੀ ਹੈ। ਸੰਭਾਵਨਾ ਇਹ ਹੈ ਕਿ ਇਸ ਤੋਂ ਪਹਿਲਾਂ ਇਹ ਲੋਕ-ਮਨ ਵਿਚ ਵਸੀ ਹੋਵੇਗੀ ਕਿਉਂਕਿ ਰਾਮਾਇਣ ਵਿਚ 'ਸਰਵਣ' ਨਾਮ ਨਹੀਂ ਹੈ। ਉਥੇ ਰਿਸ਼ੀ ਦਾ ਉਲੇਖ ਹੈ। ਕਈ ਥਾਈਂ ਸਰਵਣ ਨੂੰ ਅੰਧਕ ਰਿਸ਼ੀ ਦਾ ਪੁੱਤਰ ਕਿਹਾ ਗਿਆ ਹੈ। ਐਨਾ ਸੰਭਵ ਹੈ ਕਿ ਇਸੇ ਨਾਉਂ ਤੋਂ ਅੰਨ੍ਹੇ ਮਾਂ-ਪਿਉ ਦੀ ਕਲਪਨਾ ਕੀਤੀ ਗਈ ਹੋਵੇ। ਰਾਮਾਇਣ ਅਨੁਸਾਰ ਰਿਸ਼ੀ (ਸਰਵਣ) ਵੈਸ਼ ਪਿਤਾ ਤੇ ਸ਼ੂਦਰ ਮਾਤਾ ਦੀ ਸੰਤਾਨ ਹੈ। ਇਹ ਵੇਰਵਾ ਰਾਮਾਇਣ ਸਮੇਂ ਜਾਤੀ-ਪਾਤੀ ਪ੍ਰਬੰਧ ਦੀ ਸੂਚਨਾ ਤਾਂ ਦਿੰਦਾ ਹੀ ਹੈ, ਨਾਲ ਹੀ ਉਪਰਲੀ ਜਾਤੀ ਦੇ ਮਰਦਾਂ ਵੱਲੋਂ ਨੀਵੀਂ ਜਾਤੀ ਦੀ ਔਰਤ ਨਾਲ ਵਿਆਹ ਸਬੰਧਾਂ ਦਾ ਵੀ ਜ਼ਿਕਰ ਕਰਦਾ ਹੈ। ਪਰ ਇਨ੍ਹਾਂ ਤੋਂ ਪੈਦਾ ਹੋਇਆ ਪੁੱਤਰ ਰਿਸ਼ੀ ਵੀ ਹੋ ਸਕਦਾ ਹੈ, ਇਸ ਦੀ ਦੱਸ ਵੀ ਪੈਂਦੀ ਹੈ। ਸ਼ਾਇਦ ਇਸੇ ਕਰਕੇ ਹੇਠਲੇ ਵਰਣਾਂ ਵਿਚ ਇਹ ਕਥਾ ਆਮ ਪ੍ਰਚੱਲਿਤ ਰਹੀ ਹੈ।

ਸਰਯੂ ਨਦੀ ਕਿਨਾਰੇ ਜਦੋਂ ਸਰਵਣ (ਰਿਸ਼ੀ) ਆਪਣੇ ਪਿਆਸੇ ਮਾਂ-ਬਾਪ ਲਈ ਪਾਣੀ ਲੈਣ ਲਈ ਘੜਾ ਡੁਬਾਉਂਦਾ ਹੈ ਤਾਂ ਸ਼ਿਕਾਰ ਦੀ ਤਾਕ ਵਿਚ ਬੈਠੇ ਦਸ਼ਰਥ ਨੇ ਪਾਣੀ ਦੀ ਗੜ-ਗੜ ਦੀ ਆਵਾਜ਼ ਨੂੰ ਕਿਸੇ ਜਾਨਵਰ ਦੀ ਆਵਾਜ਼ ਸਮਝ ਕੇ ਤੀਰ ਚਲਾ ਦਿੱਤਾ। ਜੋ ਸਿੱਧਾ ਸਰਵਣ ਦੇ ਲੱਗਦਾ ਹੈ। ਦਸ਼ਰਥ ਸਰਵਣ ਦੇ ਕਹਿਣ 'ਤੇ ਪਾਣੀ ਲੈ ਕੇ ਉਸ ਦੇ ਮਾਂ-ਪਿਉ ਸਾਹਮਣੇ ਆਪਣੇ ਆਪ ਨੂੰ ਕਬੂਲ ਕਰਦਾ ਹੈ। ਪਰ ਦੁਖਿਆਰੇ ਮਾਂ-ਬਾਪ ਦਾ ਸਰਾਪ ਸੀ ਕਿ ਦਸ਼ਰਥ ਵੀ ਉਨ੍ਹਾਂ ਵਾਂਗ ਪੁੱਤਰ ਦੇ ਵਿਯੋਗ ਵਿਚ ਤੜਪ-ਤੜਪ ਕੇ ਮਰੇਗਾ। ਰਾਮਾਇਣ ਦੀ ਕਥਾ ਅਨੁਸਾਰ ਦਸ਼ਰਥ ਰਾਮ ਦੇ ਬਨਵਾਸ ਜਾਣ 'ਤੇ ਉਸ ਦੇ ਵਿਯੋਗ ਵਿਚ ਤੜਪ-ਤੜਪ ਕੇ ਮਰਿਆ। ਰਾਮਾਇਣ ਦੀ ਇਹ ਕਥਾ ਇਸੇ ਤਰ੍ਹਾਂ ਹੀ ਰੂੜ੍ਹ ਰੂਪ ਵਿਚ ਸਦੀਆਂ ਤੋਂ ਚਲਦੀ ਆਈ ਹੈ। ਲੋਕ ਮਨ ਵਿਚ ਇਸ ਦੇ ਅਨੇਕਾਂ ਹੋਰ ਵੇਰਵੇ ਆ ਰਲੇ ਹਨ ਜੋ ਲੋਕ-ਜੀਵਨ ਦੇ ਬਹੁਤ ਨੇੜੇ ਹਨ। ਬਾਲਮੀਕ ਨੇ ਇਸ ਕਥਾ ਨੂੰ ਸਰਾਪ ਨਾਲ ਜੋੜ ਕੇ ਦਸ਼ਰਥ ਦੇ ਅੰਤ ਨਾਲ ਜੋੜਿਆ ਸੀ, ਪਰ ਲੋਕ-ਮਨ ਵਿਚ ਸਰਵਣ ਆਦਰਸ਼ ਪੁੱਤਰ ਕਰਕੇ ਜਿਉਂਦਾ ਹੈ। ਮਾਂ ਜਦੋਂ 'ਆ ਮੇਰਾ ਸਰਵਣ ਪੁੱਤ' ਕਹਿੰਦੀ ਹੈ ਤਾਂ ਉਸ ਪਿੱਛੇ ਇਹੀ ਧੁਨੀ ਸਪੱਸ਼ਟ ਹੈ।

ਇੱਥੇ ਜਿਹੜਾ ਗੀਤ ਮੈਂ ਦੇ ਰਿਹਾ ਹਾਂ, ਇਸ ਨੂੰ ਮੈਂ ਮੋਹਰੀ ਚੱਕ ਤੋਂ ਪੱਪੀ ਤੇ ਦੇਬੋ ਤੋਂ ਸੁਣਿਆ। ਇਸ ਗੀਤ ਦੀ ਲੈਅ ਸਧੀ ਹੋਈ ਨਹੀਂ ਸੀ। ਸ਼ਾਇਦ ਇਸ ਕਰਕੇ ਕਿ ਇਨ੍ਹਾਂ ਦੋਨਾਂ ਨੇ ਇਹ ਗੀਤ ਨਵਾਂ-ਨਵਾਂ ਹੀ ਕਿਤਿਉਂ ਸੁਣਿਆ ਸੀ। ਇਸ ਦੇ ਬਾਵਜੂਦ ਮੇਰੇ ਲਈ ਉਸ ਦੇ ਵੇਰਵੇ ਜੀਵਨ ਯਥਾਰਥ ਦੇ ਨੇੜੇ ਹੋਣ ਕਾਰਨ ਬੜੇ ਮਹੱਤਵਪੂਰਨ ਸਨ। ਬਾਲਮੀਕ ਦੇ ਕਥਾ ਸੰਦਰਭਾਂ ਤੋਂ ਟੁੱਟੇ ਇਸ ਗੀਤ ਵਿਚ ਸਰਵਣ ਦੇ ਇਕ ਆਦਰਸ਼ ਪੁੱਤਰ ਬਣਨ ਦੀ ਪ੍ਰਕਿਰਿਆ ਹੈ। ਰਾਮਾਇਣ ਵਿਚ ਇਹ ਵੀ ਕਿਹਾ ਗਿਆ ਹੈ ਕਿ ਰਿਸ਼ੀ (ਪਿੱਛੋਂ ਸਰਵਣ) ਨੇ ਸੰਸਾਰਿਕਤਾ ਦਾ ਤਿਆਗ ਕੀਤਾ। ਪਰ ਉਹ ਕਿਹੜੀ ਸੰਸਾਰਿਕਤਾ ਸੀ ਜਿਸ ਨੂੰ ਰਿਸ਼ੀ ਨੇ ਤਿਆਗਿਆ, ਇਸ ਦਾ ਤਾਂ ਪਤਾ ਨਹੀਂ ਪਰ ਲੋਕ-ਬਿਰਤਾਂਤਕਾਰ ਨੇ ਇਸ ਦੇ ਯਥਾਰਥਕ ਕਾਰਨ ਨਾਲ ਜੋੜ ਕੇ ਸਰਵਣ ਨੂੰ ਰਿਸ਼ੀ ਨਾ ਰਹਿਣ ਦੇ ਕੇ ਆਮ ਆਦਮੀ ਵਾਂਗ ਪੇਸ਼ ਕੀਤਾ ਹੈ। ਗੀਤ ਦੀ ਸ਼ੁਰੂਆਤ ਸਰਵਣ ਦੇ ਜਨਮ ਤੋਂ ਹੁੰਦੀ ਹੈ।

ਅੰਧਲੀ, ਅੰਧਲੇ ਨੇ ਲਟਕਾ ਜੋ ਜਾਇਆ
ਉਹਦਾ ਜੰਮਦੇ ਦਾ ਨਾਂ ਸਰਵਣ ਪਾਇਆ।
ਜਦ ਸਰਵਣ ਪੰਜਾਂ ਬਰਸਾਂ ਦਾ ਹੋਇਆ,
ਅੰਧੀ ਅੰਧਲੇ ਨੇ ਪੜ੍ਹਨੇ ਜੋ ਪਾਇਆ।

ਬਿਰਤਾਂਤ ਬੜਾ ਸੰਖੇਪ ਹੈ, ਅੱਧੀ ਪੰਗਤੀ ਵਿਚ ਸਰਵਣ ਦੇ ਜਨਮ ਲੈਣ ਤੇ ਉਸਦੇ ਮਾਂ ਪਿਉ ਦੇ ਅੰਨ੍ਹੇ ਹੋਣ ਦੀ ਚਰਚਾ ਹੈ। ਦੂਸਰੇ ਅੱਧ ਵਿਚ ਉਸ ਦਾ ਨਾਮਕਰਣ ਹੋ ਗਿਆ ਹੈ। ਇਉਂ ਲੱਗਦਾ ਹੈ ਕਿ ਗੀਤ ਬਹੁਤ ਪੁਰਾਣਾ ਨਹੀਂ ਕਿਉਂਕਿ ਪੰਜਾਂ ਸਾਲਾਂ ਦੇ ਬੱਚੇ ਨੂੰ ਪੜ੍ਹਨ ਪਾਉਣ ਦੀ ਗੱਲ ਅਜੋਕੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਹੈ। ਹੋ ਸਕਦਾ ਹੈ ਗੁਰੂ ਕੁਲ ਆਦਿ ਦਾ ਰੂਪਾਂਤਰਣ ਹੋਇਆ ਹੋਵੇ। ਸਾਰਾ ਬਿਰਤਾਂਤ ਇਸੇ ਗਤੀ ਨਾਲ ਅਗਾਂਹ ਵਧਦਾ ਹੈ।

ਜਦ ਸਰਵਣ ਪੜ੍ਹਿਆ ਗੁਣਿਆ,
ਅੰਧਲੀ ਅੰਧਲੇ ਨੇ ਕਾਜ ਰਚਾਇਆ।
ਜਦ ਸਰਵਣ ਵਿਆਹਿਆ ਵਰ੍ਹਿਆ,
ਅੰਧਲੀ ਅੰਧਲੇ ਨੇ ਸੁਖ ਨਾ ਪਾਇਆ।

ਬਿਰਤਾਂਤ ਰੋਜ਼ਾ ਜੀਵਨ ਵਿਚੋਂ ਆਇਆ ਹੈ। ਵਿਆਹ ਹੋਣ ਪਿੱਛੋਂ ਮਾਂ-ਬਾਪ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਕਾਰਨ ਉਨ੍ਹਾਂ ਦੇ ਆਉਣ ਵਾਲੀ ਨੂੰਹ ਦਾ ਉਨ੍ਹਾਂ ਪ੍ਰਤੀ ਵਤੀਰਾ। ਪਤਨੀ-ਪਤੀ ਦੀ ਕਲਾਹ ਦਾ ਚਿੱਤਰ ਵੀ ਬੜਾ ਯਥਾਰਥਕ ਹੈ।

ਆ ਨਾਰੀ ਇੱਕ ਗੱਲ ਸੁਣਾਵਾਂ,
ਮਾਤਾ ਪਿਤਾ ਦੀ ਕਰ ਲਈਏ ਸੇਵਾ।
ਸਾਤੋਂ ਨਹੀਂ ਹੁੰਦੀ ਤੇਰੇ ਮਾਪਿਆਂ ਦੀ ਸੇਵਾ,
ਸਾਨੂੰ ਮਾਪਿਆਂ ਦੇ ਰਾਹ ਪਾ ਦੇ।

ਇਹ ਯਥਾਰਥ ਹੈ ਕਿ ਅੰਨ੍ਹੇ ਸੱਸ-ਸਹੁਰੇ ਦੀ ਸੇਵਾ ਕਰਨ ਲਈ ਸ਼ਾਇਦ ਕੋਈ ਔਰਤ ਤਿਆਰ ਹੋਵੇ। ਆਦਰਸ਼ਕ ਰੂਪ ਦੀ ਗੱਲ ਦੂਸਰੀ ਹੈ। ਲੜਾਈ ਔਰਤ ਵੱਲੋਂ ਮਾਪਿਆਂ ਦੇ ਘਰ ਜਾਣ ਤੱਕ ਜਾ ਪਹੁੰਚੀ ਹੈ। ਕਾਵਿ ਬਿਰਤਾਂਤਕਾਰ ਕਥਾ ਦੀ ਤੰਦ ਨੂੰ ਇੱਥੇ ਹੀ ਛੱਡ ਕੇ ਸਰਵਣ ਦੀ ਮਾਂ-ਪਿਉ-ਭਗਤੀ ਵੱਲ ਰੁਚਿਤ ਹੋ ਗਿਆ ਹੈ।

ਸਰਵਣ ਮਾਤਾ-ਪਿਤਾ ਨੂੰ ਤੀਰਥੀਂ (ਗੰਗਾ) ਲਿਜਾਣ ਲਈ ਤਿਆਰ ਹੁੰਦਾ ਹੈ। ਤਰਖਾਣ ਨੂੰ ਸੰਬੋਧਿਤ ਇਕੋ ਪੰਗਤੀ ਇਸ ਦੀ ਸੂਚਨਾ ਦੇ ਕੇ ਬਿਰਤਾਂਤ ਨੂੰ ਜੰਗਲ ਵਿਚ ਲੈ ਜਾਂਦੀ ਹੈ। ਇਸ ਸਭ ਕੁਝ ਤੋਂ ਲੋਕ-ਕਾਵਿ ਦੇ ਬਿਰਤਾਂਤ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਬਹਿੰਗੀ ਘੜ ਦੇ, ਮਿੱਤਰ ਤਰਖਾਣਾ,
ਮਾਤਾ ਪਿਤਾ ਨੂੰ ਗੰਗਾ ਲਿਜਾਣਾ।

ਇਹ ਵੀ ਸਾਡੇ ਸਭਿਆਚਾਰ ਦਾ ਇਕ ਪੱਖ ਹੈ ਕਿ ਇਹ ਮਾਂ-ਬਾਪ ਵੱਲ ਪੁੱਤਰ ਦੇ ਫ਼ਰਜ਼ਾਂ ਉੱਪਰ ਜ਼ੋਰ ਦਿੰਦਾ ਹੈ। ਸਾਂਝੇ ਪਰਿਵਾਰਾਂ ਦਾ ਇਹ ਅਣਲਿਖਤ ਨਿਯਮ ਹੈ। ਇਹ ਕੋਈ ਮਾੜੀ ਗੱਲ ਨਹੀਂ, ਪਰ ਪਤਨੀ ਪ੍ਰਤੀ ਉਪੇਖਿਆ ਦਾ ਭਾਵ ਵੀ ਇੱਥੋਂ ਹੀ ਪੈਦਾ ਹੁੰਦਾ ਹੈ। ਸਦਾਚਾਰਕ ਨਿਯਮ ਪਤੀ ਨੂੰ ਇਕ ਪਾਸੜ ਬਣਾ ਦਿੰਦੇ ਹਨ। ਰਾਮਾਇਣ ਵਿਚ ਮਰਯਾਦਾ ਪੁਰਸ਼ੋਤਮ ਰਾਮ ਪਿਉ ਦੀ ਆਗਿਆ ਨੂੰ ਪਹਿਲ ਦਿੰਦਾ ਹੈ। ਲਛਮਣ ਨੇ ਤਾਂ ਵੱਡੇ ਭਰਾ-ਭਰਜਾਈ ਖ਼ਾਤਰ ਆਪਣੀ ਪਤਨੀ ਉਰਮਿਲਾ ਨੂੰ ਚੌਦਾਂ ਸਾਲਾਂ ਬਨਵਾਸ ਦੇ ਦਿੱਤਾ, ਘਰ ਵਿਚ ਹੀ। ਸਰਵਣ ਵੀ ਇਨ੍ਹਾਂ ਅਣਲਿਖਤ ਸਦਾਚਾਰਕ ਨਿਯਮਾਂ ਤੋਂ ਪਰ੍ਹੇ ਨਹੀਂ ਹੈ। ਉਹ ਆ-ਦਰਸ਼ਕ ਪੁੱਤਰ ਤਾਂ ਬਣਦਾ ਹੈ, ਪਰ ਪਤੀ ਨਹੀਂ। ਪਤੀ ਤਾਂ ਰਾਮ ਵੀ ਨਹੀਂ ਬਣਿਆ। ਗਰਭਵਤੀ ਸੀਤਾ ਨੂੰ ਜੰਗਲੀ ਭੇਜ ਦਿੱਤਾ। ਸਰਵਣ ਦੀ ਘਰ ਵਾਲੀ ਨੂੰ ਤਾਂ ਲੋਕ ਬਿਰਤਾਂਤਕਾਰ ਨੇ 'ਲੜਾਕੀ' ਬਣਾ ਕੇ ਪੇਸ਼ ਕੀਤਾ ਹੈ। ਬਿਰਤਾਂਤ ਨੇ ਬਹੁਤ ਕੁਝ ਸਮੇਟਣਾ ਹੈ ਇਸ ਲਈ ਉਹ ਵਰਣਨ ਕਰਨ ਲਈ ਕਿਤੇ ਵੀ ਨਹੀਂ ਠਹਿਰਦਾ, ਨਿਰੋਲ ਬਿਰਤਾਂਤ ਇਸ ਕਾਵਿ-ਕਥਾ ਦਾ ਲੱਛਣ ਹੈ।

ਇਕ ਰਾਤ ਜੰਗਲ ਵਿਚ ਹੋਈ
ਮਾਤਾ ਅੰਧਲੀ ਤਾਂ ਹੋ ਗਈ ਤਿਹਾਹੀ।
ਨਾ ਕੋਈ ਖੂਹਾ ਤੇ ਨਾ ਕੋਈ ਬੌਲੀ।
ਹੋ ਮਾਤਾ ਪਾਣੀ ਕਿੱਥੋਂ ਲਿਆਵਾਂ।

ਬਿਰਤਾਂਤਕਾਰ ਪੁੱਤਰ ਸਾਹਮਣੇ ਚੁਣੌਤੀ ਰੱਖ ਰਿਹਾ ਹੈ। ਜੇ ਉਹ ਚੁਣੌਤੀ ਨੂੰ ਸਵੀਕਾਰ ਕਰੇਗਾ ਤਾਂ ਹੀ ਵੱਡਾ ਨਾਇਕ ਬਣੇਗਾ। ਚੁਣੌਤੀ ਇਹ ਹੈ ਕਿ ਨੇੜੇ-ਤੇੜੇ ਨਾ ਖੂਹ ਹੈ ਤੇ ਨਾ ਬੌਲੀ। (ਇਹ ਸੰਕਲਪ ਵੀ ਸ਼ਾਇਦ ਬਹੁਤਾ ਪੁਰਾਣਾ ਨਹੀਂ) ਪਰ ਨਾਇਕ ਨੂੰ ਕਾਰਜਸ਼ੀਲ ਹੋਣ ਤੋਂ ਪਹਿਲਾਂ ਹੀ ਨਵਾਂ ਸੁਝਾਅ ਦੇ ਦਿੱਤਾ ਗਿਆ ਹੈ।

ਇਹ ਸੁਝਾਅ ਦਸ਼ਰਥ ਨਾਲ ਨਵੇਂ ਰਿਸ਼ਤੇ ਜੋੜਨ ਦਾ ਹੈ। ਕੋਈ ਧਾਰਮਿਕ ਗ੍ਰੰਥ ਇਸ ਰਿਸ਼ਤੇ ਨੂੰ ਪ੍ਰਵਾਣ ਨਹੀਂ ਕਰਦਾ ਪਰ ਲੋਕ ਮਨ ਵਿਚ ਕਿਤੇ ਮਾਮੇ-ਭਾਣਜੇ ਦਾ ਵੈਰ ਪਿਆ ਹੈ। ਕ੍ਰਿਸ਼ਨ-ਕੰਸ ਦੇ ਰੂਪ ਵਿਚ ਉਸੇ ਰੂੜ੍ਹੀ ਨੂੰ ਇਹ ਗੀਤ ਅਗਾਂਹ ਤੋਰ ਰਿਹਾ ਹੈ।

ਤੇਰੇ ਮਾਮੇ ਦਸ਼ਰਥ ਤਾਲ ਲੁਆਇਆ,
ਹੋ ਸਰਵਣ ਪਾਣੀ ਉਥੋਂ ਲਿਆਵੀਂ।
ਜਦ ਸਰਵਣ ਨੇ ਗੜਬਾ ਡੁਬਾਇਆ,
ਮਾਮੇ ਦਸ਼ਰਥ ਤੀਰ ਚਲਾਇਆ।
ਇਹ ਕੀ ਰੱਬਾ ਤੂੰ ਕਹਿਰ ਕਮਾਇਆ,
ਮੇਰਾ ਭਾਣਜਾ ਮੇਰੇ ਹੱਥੋਂ ਗਵਾਇਆ।

ਕ੍ਰਿਸ਼ਨ-ਕਥਾ ਵਿਚ ਕੰਸ ਆਪਣੀ ਮੌਤ ਦੇ ਡਰੋਂ ਭਾਣਜੇ ਨੂੰ ਮਰਵਾਉਣ ਦੇ ਯਤਨ ਕਰਦਾ ਹੈ, ਪਰ ਇੱਥੇ ਅਣਜਾਣੇ ਵਿਚ ਦਸ਼ਰਥ ਅਜਿਹਾ ਕਰ ਬੈਠਦਾ ਹੈ, ਇਸੇ ਲਈ ਉਹ ਮਾਨਸਿਕ ਤੌਰ 'ਤੇ ਦੁਖੀ ਹੁੰਦਾ ਹੈ। ਇਸ ਨਾਲ ਇਕ ਪਾਸੇ ਰਿਸ਼ਤਿਆਂ ਦਾ ਮੋਹ ਗਾਹੜਾ ਹੁੰਦਾ ਹੈ ਤਾਂ ਦੂਸਰੇ ਪਾਸੇ ਬਿਰਤਾਂਤਕਾਰ ਕਰੁਣਾ ਜਗਾਉਣ ਵਿਚ ਸਫ਼ਲ ਹੁੰਦਾ ਹੈ। ਰਿਸ਼ਤੇ ਜੋੜਨ ਦਾ ਇਹ ਸਾਰਥਕ ਲਾਭ ਹੁੰਦਾ ਹੈ। ਅਗਲੀ ਇਕ-ਇਕ ਪੰਗਤੀ ਵਿਚ ਦੋ ਵੱਖਰੀਆਂ ਸਥਿਤੀਆਂ ਨੂੰ ਬਿਰਤਾਂਤਕਾਰ ਨੇ ਭੁਗਤਾ ਦਿੱਤਾ ਹੈ। ਇਕ ਵਿਚ ਮਰਦੇ ਸਰਵਣ ਦੀ ਅਰਜੋਈ ਹੈ ਕਿ ਉਸ ਦੇ ਮਾਂ-ਪਿਉ ਨੂੰ ਪਾਣੀ ਪਿਲਾ ਦਿੱਤਾ ਜਾਵੇ। ਦੂਸਰੀ ਵਿਚ ਦਸ਼ਰਥ ਅੰਨ੍ਹੇ ਮਾਂ-ਪਿਉ ਸਾਹਵੇਂ ਸਰਵਣ ਵਾਂਗ ਪੇਸ਼ ਹੁੰਦਾ ਹੈ। ਪਰ ਇਹ ਨਾਟਕ ਇਕ ਦਮ ਖ਼ਤਮ ਹੋ ਜਾਂਦਾ ਹੈ। ਰੁਮਾਂਸ ਵਿਚ ਤਾਂ ਅੱਖਾਂ ਦੇ ਸਾਹਮਣੇ ਔਰਤ-ਮਰਦ ਇਕ ਦੂਜੇ ਦੇ ਭੇਸ ਵਿਚ ਨਹੀਂ ਪਛਾਣੇ ਜਾਂਦੇ ਪਰ ਇੱਥੇ ਬਿਰਤਾਂਤ ਯਥਾਰਥਕ ਹੈ।

ਵਿਚ ਜੰਗਲ ਦੇ ਮਾਤਾ ਪਿਤਾ ਬੈਠੇ,
ਹੇ ਮਾਮਾ ਜੀ ਪਾਣੀ ਉਨ੍ਹਾਂ ਨੂੰ ਪਿਲਾ ਦਈਂ।
ਆਹ ਲਉ ਮਾਤਾ ਪਿਤਾ ਜੀ ਪਾਣੀ,
ਇਹ ਮੈਂ ਮਾਮੇ ਦੇ ਤਲਾ ਤੋਂ ਲਿਆਂਦਾ।

ਮਾਂ-ਪਿਉ ਨੇ ਸਰਵਣ ਨੂੰ ਇਹੀ ਆਦੇਸ਼ ਦਿੱਤਾ ਸੀ, ਦਸ਼ਰਥ ਨੇ ਪੁੱਤਰ ਬਣਨ ਦਾ ਨਾਟਕ ਕੀਤਾ, ਪਰ ਅੰਨ੍ਹੇ ਮਾਂ-ਪਿਉ ਅੱਖਾਂ ਤੋਂ ਹਨ, ਭਾਵਨਾਵਾਂ ਪੱਖੋਂ ਉਹ ਸੁਚੇਤ ਹਨ, ਇਸੇ ਲਈ ਉਹ ਝੱਟ ਕਹਿ ਉੱਠਦੇ ਹਨ।

ਸਰਵਣ ਤੁਰੇ ਤਾਂ ਤੋਰ ਪਛਾਣਾਂ,
ਮੇਰੇ ਸਰਵਣ ਦੀ ਤੋਰ ਨਿਰਾਲੀ।

ਬਿਰਤਾਂਤਕਾਰ ਬੜੀ ਬਾਰੀਕੀ ਨਾਲ ਅੰਨ੍ਹੇ ਮਾਂ-ਪਿਉ ਦੀ ਸੂਝ ਨੂੰ ਇਕੋ ਪੰਗਤੀ ਵਿਚ ਸਾਕਾਰ ਕਰ ਗਿਆ ਹੈ। ਦਰਦ ਪਰੁੰਨੇ ਦੋਨੋਂ ਜੀਅ ਅਚਾਨਕ ਫੁੱਟ ਪੈਂਦੇ ਹਨ।

ਇਹ ਕੀ ਪਾਪੀਆਂ ਤੂੰ ਪਾਪ ਕਮਾਇਆ।
ਮੇਰਾ ਸਰਵਣ ਮਾਰ ਗਵਾਇਆ।
ਮੈਂ ਮਰ ਜਾਵਾਂ ਸਰਵਣ ਦੇ ਹਾਵੇ
ਤੂੰ ਮਰ ਜਾਏਂ ਆਪਣੇ ਚਹੁੰ ਪੁੱਤਾਂ ਦੇ ਹਾਵੇ।

ਇੱਥੇ ਗੀਤ ਸਮਾਪਤ ਹੋ ਜਾਂਦਾ ਹੈ। ਲੈਅ ਪੱਖੋਂ ਭਾਵਨਾਵਾਂ ਦੀ ਡੂੰਘਾਈ ਪੱਖੋਂ ਭਾਵੇਂ ਇਹ ਗੀਤ ਬਹੁਤਾ ਮਹੱਤਵਪੂਰਨ ਨਹੀਂ, ਪਰੰਤੂ ਲੋਕ-ਕਾਵਿ ਬਿਰਤਾਂਤ ਦੀ ਦ੍ਰਿਸ਼ਟੀ ਤੋਂ ਇਸ ਦਾ ਬਹੁਤ ਮੁੱਲ ਹੈ।




## "ਕਥਾਵਾਂ ਬਿਸਤ ਦੁਆਬ ਦੀਆਂ" ਦੀ ਤੀਜੀ ਕਿਸ਼ਤ

# ਗੁਰੂ ਵਾਲੇ



- ਡਾ. ਜਸਵੰਤ ਰਾਏ
91-98158-25999

ਇਕ ਘਰ ਵਿਚ ਸੱਸ, ਸਹੁਰਾ, ਨੂੰਹ ਅਤੇ ਉਸਦਾ ਮਾਲਕ ਬੈਠੇ ਆ। ਇਕ ਸਾਧੂ ਭਿੱਖਿਆ ਮੰਗਣ ਆਉਂਦਾ ਦਰਾਂ 'ਤੇ। ਸਹੁਰਾ ਨੂੰਹ ਨੂੰ ਕਹਿੰਦਾ, "ਪੁੱਤ ਪਾ ਸੰਤਾਂ ਨੂੰ ਜੋ ਬਣਦਾ ਸਰਦਾ।" ਨੂੰਹ ਨੂੰ ਆਈ ਨੂੰ ਅਜੇ ਇਕ ਦੋ ਮਹੀਨੇ ਹੋਏ ਸਿਗੇ ਪਰ ਉਹ ਸਿਗੀ ਬੜੀ ਸਿਆਣੀ। ਉਸਨੇ ਸਾਰੇ ਘਰ ਦਾ ਭੇਤ ਪਾ ਲਿਆ ਸੀ। ਨੂੰਹ ਸੋਚਦੀ, "ਘਰ ਦੇ ਸਾਰੇ ਜੀਅ ਬੈਠੇ ਆ। ਜੇ ਮੈਂ ਭਾਂਡਾ ਭਰ ਕੇ ਭਿੱਖਿਆ ਪਾ ਦਿੱਤੀ ਤਾਂ ਇਨ੍ਹਾਂ ਕਹਿਣਾ ਇਹ ਤਾਂ ਘਰ ਲੁਟਾਊ ਏ। ਜੇ ਮੈਂ ਮੁੱਠ ਕੁ ਆਟੇ ਦੀ ਪਾਈ ਤਾਂ ਇਨ੍ਹਾਂ ਕਹਿਣਾ, ਇਹ ਤਾਂ ਸੂਮਾਂ ਦੀ ਧੀ ਏ। ਇੱਥੇ ਆ ਕੇ ਵੀ ਸੂਮਪੁਣਾ ਨੀ ਛੱਡਦੀ।"

ਸੋ ਸਾਰੀ ਗੱਲ ਵਿਚਾਰ ਕੇ ਨੂੰਹ ਨੇ ਸੰਤਾਂ ਨੂੰ ਜਵਾਬ ਦਿੱਤਾ ਅਖੇ ਭਿੱਖਿਆ ਹੈਨੀ। ਸੰਤ ਨੂੰਹ ਦੀ ਗੱਲ ਸੁਣ ਕੇ ਹੈਰਾਨ ਹੋਏ ਕਿ ਅੱਗੇ ਤਾਂ ਅਸੀਂ ਕਦੇ ਇਸ ਦਰ ਤੋਂ ਸੱਖਣੇ ਨਹੀਂ ਮੁੜੇ। ਇਹ ਕੇਹੀ ਗੱਲ ਹੋਈ ਅੱਜ। ਲਗਦਾ ਇਹ ਬੱਚੀ ਇਸ ਘਰ ਵਿਚ ਨਵੀਂ ਆਈ ਏ। ਨਾਦਾਨ ਏ। ਸੰਤ ਪੁੱਛਣ ਲੱਗੇ, "ਬੀਬੀ ਕੀ ਉਮਰ ਆ ਤੇਰੀ।" "ਜੀ ਮੈਂ ਇਕ ਮਹੀਨੇ ਦੀ ਹੋਈ ਆਂ।"

ਸੰਤ ਬੜੇ ਹੈਰਾਨ ਹੋਏ। ਉਹ ਦੇਖਦੇ ਆ ਕਿ ਇਹਨੇ ਵਿਆਹ ਵਾਲਾ ਚੂੜਾ ਪਾਇਆ ਏ ਤੇ ਉਮਰ ਦੱਸਦੀ ਆ ਅਜੇ ਇਕ ਮਹੀਨਾ। ਉਨ੍ਹਾਂ ਫਿਰ ਪ੍ਰਸ਼ਨ ਕੀਤਾ, "ਤੇਰੇ

(ਬਾਕੀ ਅਗਲੇ ਸਫੇ ਤੇ)

# ਅੰਮ੍ਰਿਤਾ ਪ੍ਰੀਤਮ ਨਾਲ ਸਾਢੇ ਚਾਰ ਦਿਹਾੜੇ



ਅਫ਼ਜ਼ਲ ਤੌਸੀਫ਼

ਦਿੱਲੀ ਵਿਚ ਰਹਿੰਦੀ ਪੰਜਾਬੀ ਜ਼ੁਬਾਨ ਦੀ ਸਭ ਤੋਂ ਵੱਡੀ ਸ਼ਾਇਰਾ ਤੇ ਅਦੀਬਾ ਨਾਲ ਬੜੇ ਦਿਨਾਂ ਤੋਂ ਅਕੀਦਤ ਦਾ ਰਿਸ਼ਤਾ ਚੱਲ ਰਿਹਾ ਸੀ। ਹਵਾਈ ਜਹਾਜ਼ ਰਾਹੀਂ ਖ਼ਤ ਆਉਂਦੇਲਾਂਦੇ। ਮੈਂ ਤਾਂ ਉਨ੍ਹਾਂ ਦੀਆਂ ਨਜ਼ਮਾਂ, ਕਹਾਣੀਆਂ ਪੜ੍ਹਦੀ ਰਹੀ ਹਾਂ। ਹਰਫ਼ ਹਰਫ਼ ਦੀ ਸ਼ਨਾਖ਼ਤ ਤੇ ਸ਼ਰਧਾ ਨਾਲ। ਆਪ ਉਨ੍ਹਾਂ ਵੀ ਮੇਰੀਆਂ ਕੁਝ ਪੜ੍ਹੀਆਂ ਤੇ 'ਨਾਗਮਨੀ' ਵਿਚ ਛਾਪ ਕੇ ਦਿੱਲੀ ਨਾਲ ਮੇਰਾ ਤੁਆਰਫ਼ ਕਰਾਇਆ। ਅਣਡਿੱਠਾ ਤੁਆਰਫ਼ ਹੈ ਸੀ। ਦੁੱਖ-ਸੁੱਖ ਵੀ ਕਰ ਲੈਂਦੀ ਸਾਂ। ਜ਼ਿੰਦਗੀ ਦੀ ਬਹੁਤ ਵੱਡੀ ਅਜ਼ਮਾਇਸ਼ ਆਈ ਤਾਂ ਆਪਣੇ ਦਿਲ ਦਾ ਹਾਲ ਉਨ੍ਹਾਂ ਕੋਲ ਅਮਾਨਤ ਰੱਖਵਾ ਦਿੱਤਾ, ਪਰ ਮੁਲਾਕਾਤ ਦਾ ਰਸਤਾ ਕੋਈ ਨਹੀਂ ਸੀ। ਕਿੰਝ ਹੁੰਦਾ? ਨਾ ਉਹ ਲਾਹੌਰ ਆਉਣ ਨਾ ਮੈਂ ਦਿੱਲੀ ਜਾਵਾਂ। ਪਰ ਲੋਕੀ ਰੋਜ਼ ਈ ਆ ਕੇ ਦੱਸਦੇ ਅਸੀਂ ਅੰਮ੍ਰਿਤਾ ਜੀ ਨੂੰ ਮਿਲ ਕੇ .?ਆਏ ਹਾਂ। ਮੈਨੂੰ ਚੰਗਾ ਨਹੀਂ ਸੀ ਲੱਗਦਾ। ਪਰ ਆਪਣੇ ਲਈ ਇੰਝ ਲੱਗਦਾ ਸੀ, ਪਿਛਲੇ ਕਈ ਜਨਮਾਂ ਤੋਂ ਉਨ੍ਹਾਂ ਦੇ ਨੇੜੇ ਰਹਿੰਦੀ ਆ ਰਹੀ ਹਾਂ। ਏਸ ਜਨਮ ਵਿਚ ਦੂਰ ਹਾਂ ਬੱਸ।

ਹੁਣ ਜਦੋਂ ਕਲਕੱਤਾ ਜਾਣ ਦੀ ਗੱਲ ਬਣੀ ਤਾਂ ਸੋਚਿਆ ਦਿੱਲੀ ਰਾਹ ਵਿਚ ਆਉਣੀ ਏ। ਜਾਂਦੀ ਵਾਰੀ ਜਾਂ ਮੁੜਦੀ ਵਾਰੀ ਮੁਲਾਕਾਤ ਹੋ ਸਕਦੀ ਏ। ਏਸ ਮੁਲਾਕਾਤ ਲਈ ਮੈਂ ਪੂਰੇ ਚਾਰ ਦਿਨ ਤੇ ਅੱਧਾ ਪੰਜਵਾਂ ਦਿਨ ਵੀ ਰੱਖਿਆ। ਇਲਿਆਸ ਘੁੰਮਣ ਨੇ ਤਾਕੀਦ ਕੀਤੀ ਸੀ ਪਈ 'ਸਾਹਿਤ' ਵਾਸਤੇ ਖ਼ਾਸ ਇੰਟਰਵਿਊ ਕਰਕੇ ਲਿਆਉਣਾ ਏ। ਮੈਂ ਇੰਟਰਵਿਊ ਕਰਨ ਦੀ ਮਾਹਿਰ ਤਾਂ ਬਿਲਕੁਲ ਨਹੀਂ ਆਂ। ਫਿਰ ਵੀ ਕੁਝ ਸਵਾਲ ਕਾਪੀ ਵਿਚ ਲਿਖ ਲਏ ਸੀ। ਇਕ ਘੰਟੇ ਦਾ ਕੰਮ ਹੋ ਸਕਦਾ ਸੀ, ਪਰ ਨਹੀਂ ਮੈਂ ਉਸ ਇੰਟਰਵਿਊ ਤੇ ਕਈ ਦਿਨ ਲਾਏ ਤਾਂ ਜਾ ਕੇ ਗੱਲ ਪੂਰੀ ਹੋਈ। ਪੂਰੀ ਵੀ ਕਿੱਥੇ ਬਥੇਰਾ ਕੁਝ ਰਹਿ ਵੀ ਗਿਆ ਹੋਣਾ ਏ। ਬੰਦਾ ਕਦੇ ਵੀ ਦਿਲ ਦੀ ਪੂਰੀ ਗੱਲ ਨਹੀਂ ਕਰ ਸਕਦਾ। ਕਦੇ ਵੀ ਸਾਰੀ ਗੱਲ ਪੁੱਛ ਨਹੀਂ ਸਕਦਾ। ਇਹੋ ਗੱਲ ਮੈਂ ਅੰਮ੍ਰਿਤਾ ਕੋਲੋਂ ਪੁੱਛਣੀ ਸੀ, ਪਰ ਉਨ੍ਹਾਂ ਮੈਨੂੰ ਸਵਾਲ ਕਰਨ ਦਾ ਮੌਕਾ ਨਹੀਂ ਦਿੱਤਾ। ਆਪੇ ਸਾਰਾ ਕੁਝ ਦੱਸਦੇ ਰਹੇ। ਕਈ ਅਜਿਹੇ ਸਵਾਲ ਵੀ ਹੱਲ ਹੋਏ, ਜਿਨ੍ਹਾਂ ਦੇ ਸਵਾਲ ਮੇਰੇ ਕੋਲ ਨਹੀਂ ਸਨ। ਹੁਣ ਤਾਈਂ ਅੰਮ੍ਰਿਤਾ ਦੇ ਬਥੇਰੇ ਇੰਟਰਵਿਊ ਕੀਤੇ ਜਾ ਚੁੱਕੇ ਨੇ। ਇੱਕ ਕਿਤਾਬ ਵੀ ਬਣ ਚੁੱਕੀ ਏ। ਉਨ੍ਹਾਂ ਦਾ ਆਪਣਾ ਕਹਿਣਾ ਵੀ ਏ ਕਿ ਇੰਟਰਵਿਊ ਵਿਚ ਕਈ ਗੱਲਾਂ ਦੀ ਤਕਰਾਰ ਹੋ ਜਾਂਦੀ ਏ। ਸਵਾਲਾਂ ਦੀ ਵੀ ਤਕਰਾਰ ਹੁੰਦੀ ਏ ਪਰ ਕਈ ਸਵਾਲ ਕਦੇ ਕਿਸੇ ਨੇ ਕੀਤੇ ਈ ਨਹੀਂ ਹੋਣਗੇ। ਲਿਖਾਰੀ ਜਾਂ ਫ਼ਨਕਾਰ ਦੀ ਮੁਸ਼ਕਿਲ ਇਹ ਹੁੰਦੀ ਏ ਪਈ ਉਹਦਾ ਆਪਣਾ ਆਪ ''ਉਹਦਾ ਅੰਦਰਲਾ ਬੰਦਾ ਓਹਲੇ ਚਲਾ ਜਾਂਦਾ ਏ। ਫ਼ਨਕਾਰ ਦੇ ਪਿੱਛੇ ਲੱਗ ਜਾਂਦਾ ਜਾਂ ਕਿਧਰੇ ਅੰਦਰ ਘੁੱਟਿਆ ਜਾਂਦਾ ਏ। ਇਸ ਗੱਲ ਦਾ ਪਤਾ ਮੈਨੂੰ ਚਾਰ ਦਿਹਾੜੇ ਦਿਨ ਰਾਤ ਉਨ੍ਹਾਂ ਦੇ ਨਾਲ ਰਹਿ ਕੇ ਪਤਾ ਲੱਗਾ। ਫਿਰ ਜਦੋਂ ਔਰਤ ਔਰਤ ਰਲ ਮਿਲ ਕੇ ਬੈਠੀਆਂ। ਉਹ ਗੱਲਾਂ ਛੋਹੀਆਂ ਜਿਨ੍ਹਾਂ ਨੂੰ ਦੁੱਖ ਸੁੱਖ ਕਹਿੰਦੇ ਨੇ। ਤਾਂਹੀਓਂ ਮੈਨੂੰ ਪਤਾ ਲੱਗਾ ਕਿ ਉਸ ਵੱਡੀ ਸਾਰੀ ਰਾਈਟਰ ਤੇ ਮਹਾਨ ਫ਼ਨਕਾਰ ਦੇ ਪਿੱਛੇ ਬਿਲਕੁਲ ਉਹਲੇ ਇੱਕ ਨਾਜ਼ੁਕ ਜਿਹੀ, ਮਾਸੂਮ ਜਿਹੀ ਜ਼ਨਾਨੀ ਲੁਕੀ ਬੈਠੀ ਏ, ਜੋ ਸ਼ਾਇਰਾ ਅੰਮ੍ਰਿਤਾ ਦੀਆਂ ਮਹਿਫ਼ਲਾਂ ਵਿਚ ਕਦੇ ਨਹੀਂ ਆਉਂਦੀ। ਇੰਟਰਵਿਊ ਦਿੰਦੇ ਹੋਏ ਜਾਂ ਸ਼ਿਅਰ ਅਦਬ ਦੀ ਗੱਲ ਕਰਦੇ ਹੋਏ ਭਾਵੇਂ ਸਮਾਜ ਦੀ ਹਾਲਤ ਉੱਤੇ ਕੈਸਿਟ ਕਰਦੇ ਹੋਏ ਅੰਮ੍ਰਿਤਾ ਜੀ ਹਾਈ ਸਾਊਂਡਿੰਗ ਇੰਟਲੈਕਚੁਅਲ ਗੱਲਾਂ ਕਰਦੇ ਨੇ। ਕਦੇ ਭੁੱਲ ਕੇ ਵੀ ਉਸ ਜ਼ਨਾਨੀ ਨੂੰ ਵਿਚਕਾਰ ਨਹੀਂ ਆਉਣ ਦਿੰਦੇ। ਜਿਹਦੀ ਮਦਦ ਨਾਲ ਉਨ੍ਹਾਂ ਨੂੰ ਬੇਫ਼ਿਕਰੀ ਮਿਲੀ ਹੋਈ ਏ। ਘਰਦਾਰੀ ਚਲਾਉਣ ਦੇ ਮਸਲੇ, ਮਾਲੀ ਮਸਲਿਆਂ ਦਾ ਹੱਲ, ਛੋਟੀ ਛੋਟੀ ਆਮਦਨ ਨੂੰ ਪੂਰੀ ਕਾਰੀਗਰੀ ਨਾਲ ਖਰਚ ਕਰਨੇ ਦਾ ਵੱਲ, ਉਸੇ ਜ਼ਨਾਨੀ ਨੂੰ ਆਉਂਦਾ ਹੈ। ਅੰਮ੍ਰਿਤਾ ਸ਼ਾਇਰਾ ਨੂੰ ਨਹੀਂ, ਉਹ ਜ਼ਨਾਨੀ ਜੋ ਇੱਕ ਘਰ ਚਲਾਉਂਦੀ ਹੈ। ਉਸੇ ਨੇ ਘਰ ਬਣਾਇਆ ਤੇ ਵਸਾਇਆ ਵੀ। ਉਹੋ ਮਾਂ ਵੀ ਏ ਦਾਦੀ ਵੀ। ਉਸੇ ਔਰਤ ਦੀਆਂ ਅਜਿਹੀਆਂ ਸਹੇਲੀਆਂ ਅਜੇ ਤਾਈਂ ਚੱਲ ਰਹੀਆਂ ਨੇ, ਜੋ ਸ਼ਿਅਰ ਅਦਬ ਨਾਲ ਵਾਸਤਾ ਨਹੀਂ ਰੱਖਦੀਆਂ। ਅੰਮ੍ਰਿਤਾ ਜੀ ਦੇ ਬੱਚੇ ਵੀ ਸ਼ਿਅਰ ਅਦਬ ਨਾਲ ਉਸ ਤਰ੍ਹਾਂ ਦੀ ਦਿਲਚਸਪੀ ਨਹੀਂ ਰੱਖਦੇ। ਉਨ੍ਹਾਂ ਨਾਲ ਡੀਲ ਕਰਦੇ ਹੋਏ ਅੰਮ੍ਰਿਤਾ ਜੀ ਬਿਲਕੁਲ ਮਾਂ ਵਰਗੀ ਹੁੰਦੀ ਏ। ਇਕ ਆਮ ਜਿਹੀ ਜ਼ਨਾਨੀ, ਆਮ ਜਿਹੇ ਮਾਮਲਿਆਂ ਨਾਲ ਡੀਲ ਕਰਦੀ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਪੋਤਾ ਪੋਤੀ ਰਵਾਇਤੀ ਤਰੀਕੇ ਨਾਲ ਜੋ ਗੱਲ ਮਾਪਿਆਂ ਨਾਲ ਨਹੀਂ ਕਰ ਸਕਦੇ, ਉਹ ਆ ਕੇ ਦਾਦੀ ਨਾਲ ਕਰ ਲੈਂਦੇ ਨੇ।

ਅੰਮ੍ਰਿਤਾ ਨੇ ਬੜੇ ਸਲੀਕੇ ਨਾਲ, ਮਾਂ ਵਾਲੀ ਲਗਨ ਨਾਲ, ਆਪਣੇ ਬੱਚਿਆਂ ਦੇ ਮਾਮਲੇ ਹੱਲ ਕੀਤੇ ਹੋਏ ਨੇ। ਆਪਣੇ ਮਕਾਨ ਦੇ ਵੱਖ-ਵੱਖ ਹਿੱਸੇ ਬਣਾਕੇ ਬੇਟੇ ਬੇਟੀ ਕੰਦਲਾਂ ਤੇ ਨੋਰਾਜ ਨੂੰ ਆਬਾਦ ਕੀਤਾ ਹੋਇਆ ਏ। ਉਨ੍ਹਾਂ ਦੀਆਂ ਜ਼ਿੰਦਗੀਆਂ ਸਮਾਜੀ ਤੇ ਮੁਆਸ਼ੀ ਮਸਲਿਆਂ ਨੂੰ ਸ਼ਾਇਰਾਨਾ ਤਰੀਕੇ ਨਾਲ ਨਹੀਂ, ਆਮ ਤੇ ਅਮਲੀ ਤਰੀਕੇ ਨਾਲ ਵੇਖ ਕੇ, ਮਾਂ ਵਾਲੇ ਤਰੀਕੇ ਨਾਲ ਹੱਲ ਕੀਤਾ। ਉਨ੍ਹਾਂ ਦੇ ਬੱਚੇ ਬਾਗ਼ੀ ਨਹੀਂ ਹੋਏ। ਸਗੋਂ ਮਾਂ ਤੇ ਭਰੋਸਾ ਕਰਦੇ ਨੇ। ਅੱਜ ਵੀ ਨੋਰਾਜ ਦੇ ਬੱਚੇ ਦਾਦੀ ਦੀ ਮਦਦ ਨਾਲ ਮਹਿੰਗੇ ਸਕੂਲਾਂ ਵਿਚ ਪੜ੍ਹ ਰਹੇ ਨੇ। ਅੱਜ ਵੀ ਕੰਦਲਾਂ ਬਾਹਲ ਜਾਣ ਲੱਗੀ ਮਾਂ ਕੋਲੋ ਚੈੱਕ ਲੈਣ ਆਉਂਦੀ ਹੈ। ਅੰਮ੍ਰਿਤਾ ਜੀ ਨੇ ਆਪਣੀ ਰਾਇਲਟੀ ਤੇ ਐਵਾਰਡ ਦੀਆਂ ਰਕਮਾਂ ਜੋੜ-ਜੋੜ ਕੇ ਆਪਣੇ ਤੇ ਬੱਚਿਆਂ ਦੇ ਸਿਰ ਤੇ ਛੱਤ ਪਾਈ ਹੋਈ ਏ। ਅੱਜ ਵੀ ਆਪਣੇ ਹੱਥਾਂ ਨਾਲ.... ਛੋਟੇ ਛੋਟੇ ਹੱਥ ਜਿਸ ਕਲਾਕਾਰੀ ਨਾਲ ਕਲਮ ਚਲਾਉਂਦੇ ਉਸੇ ਤਰ੍ਹਾਂ ਫੂਲਕਾ ਵੀ ਵੇਲਦੇ ਨੇ... ਆਟਾ ਗੁੰਨ ਕੇ ਗਰਮ-ਗਰਮ ਫੂਲਕੇ ਟੱਬਰ ਦੇ ਜੀਆਂ ਨੂੰ ਖਵਾ ਕੇ ਖ਼ੁਸ਼ੀ ਹਾਸਲ ਕਰਦੇ ਨੇ। ਕਿਸੇ ਸਿਆਣੀ ਜ਼ਨਾਨੀ ਵਾਂਗ ਉਨ੍ਹਾਂ ਆਪਣਾ ਹੱਥ ਦੇਣ ਵਾਲਾ ਹੱਥ ਰੱਖਿਆ ਹੋਇਆ ਏ, ਲੈਣ ਵਾਲਾ ਨਹੀਂ। ਅਮਰੋਜ਼ ਜੀ ਨਾਲ ਬਰਾਬਰੀ ਚੱਲਦੀ ਏ। ਘਰ ਦਾ ਬਜਟ ਬਣਾਉਣ ਲਈ ਦੋਵੇਂ ਅੱਧੇ-ਅੱਧੇ ਪੈਸੇ ਪਾਉਂਦੇ ਹਨ। ਇਸੇ ਤਰੀਕੇ ਕੰਮ ਵੀ ਅੱਧੇ-ਅੱਧੇ ਵੰਡ ਕੇ ਹੋਈ ਜਾਂਦੇ ਨੇ। ਅੰਮ੍ਰਿਤਾ ਜੀ ਹਾਂਡੀ ਰੋਟੀ ਕਰ ਲੈਣ ਤਾਂ ਅਮਰੋਜ਼ ਜੀ ਚਾਹ ਬਣਾਉਣ ਤੇ ਕਿਚਨ ਸਾਫ ਕਰਨ ਦਾ ਕੰਮ ਮਿੰਟਾਂ 'ਚ ਮੁਕਾ ਲੈਂਦੇ ਨੇ। ਇਸੇ ਕਰਕੇ ਉਹਨਾਂ ਦਾ ਬਾਵਰਚੀਖ਼ਾਨਾ ਆਰਟਿਸਟਿਕ ਤਰੀਕੇ ਨਾਲ ਸਜਿਆ ਹੋਇਆ ਵੇਖਿਆ ਜਾ ਸਕਦਾ ਏ।

ਅੰਮ੍ਰਿਤਾ ਜੀ ਦਾ ਘਰ ਤੇ ਰੋਜ਼ ਦੀ ਜ਼ਿੰਦਗੀ ਚਲਾਉਣ ਦਾ ਤਰੀਕਾ ਇੱਕ ਮਿਸਾਲ ਏ। ਘਰਾਂ ਵਾਲਿਆਂ ਲਈ ਅਤੇ ਅਦੀਬਾਂ ਸ਼ਾਇਰਾਂ ਲਈ ਵੀ। ਇਕ ਅਜਿਹਾ ਘਰ ਜਿੱਥੇ ਸਾਰੇ ਈ ਕੰਮ ਆਪਣੇ ਹੱਥਾਂ ਨਾਲ ਕੀਤੇ ਜਾਂਦੇ ਨੇ। ਨੌਕਰ ਵਰਗੀ ਕਿਸੇ ਸ਼ੈਅ ਦਾ ਦਾਖ਼ਲਾ ਮਨ੍ਹਾ ਏ। ਇਹ ਕੰਮ ਕਰਦਾ ਕੌਣ ਏ? ਇਕ ਮਹਾਨ ਸ਼ਾਇਰਾ, ਇਕ ਫਾਈਨ ਆਰਟਿਸਟ। ਬਹੁਤ ਮਸਰੂਫ਼ (ਰੁੱਝਾ) ਰਹਿਮ ਵਾਲੇ ਤੇ ਦਿਨ ਰਾਤ ਤਖ਼ਲੀਕੀ ਕੰਮਾਂ ਵਿਚ ਰੁੱਝੇ ਰਹਿਣ ਵਾਲੇ ਦੋ ਇਨਸਾਨ, ਪੂਰੇ ਇਨਸਾਨ ਹੋ ਕੇ ਜਿਊਂਦੇ ਨੇ। ਆਪਣੇ ਸਾਰੇ ਕੰਮ ਆਪਣੇ ਹੱਥਾਂ ਨਾਲ ਕਰਦੇ। ਪ੍ਰਾਹੁਣਿਆਂ ਦੀ ਖ਼ਾਤਰ ਖ਼ਿਦਮਤ ਵੀ ਨਾਲੋਂ ਨਾਲ। ਕਿਸੇ ਦੀ ਮੁਹਤਾਜੀ ਨਹੀਂ, ਸਿਵਾਏ ਆਪਣੇ ਆਪ ਦੇ। ਉਹ ਸਾਰੇ ਲੋਕੀ ਜਾਂ ਆਪਣੇ ਨਿੱਕੇ-ਨਿੱਕੇ ਕੰਮਾਂ ਲਈ ਨੌਕਰਾਂ ਤੇ ਮੁਹਤਾਜ ਨਹੀਂ ਤੇ ਉਹ ਨਿੱਕੇ-ਨਿੱਕੇ ਫ਼ਨਕਾਰ ਜਿਨ੍ਹਾਂ ਦੀ ਜ਼ਿੰਦਗੀ ਵਿਚ ਇਨਸਾਨੀ ਸਲੀਕਾ ਤੇ ਹੁਨਰਮੰਦੀ ਉੱਕਾ ਗਾਇਬ ਹੁੰਦੀ ਏ। ਪਤਾ ਨਹੀਂ ਆਪਣੇ ਆਪ ਅੱਗੇ ਸ਼ਰਮਿੰਦਾ ਹੋਣ ਦੀ ਸੂਝ ਉਹਨਾਂ ਕੋਲ ਹੁੰਦੀ ਵੀ ਏ ਕਿ ਨਹੀਂ। ਪਰ ਉਹ ਇਸ ਘਰ ਆ ਕੇ ਜ਼ਰੂਰ ਸ਼ਰਮਿੰਦਾ ਹੋ ਸਕਦੇ ਨੇ। ਇਕ ਆਰਟਿਸਟ ਦੇ ਹੱਥਾਂ ਦਾ ਸਜਿਆ ਹੋਇਆ ਘਰ। ਪੌੜੀਆਂ ਤੋਂ ਲੈ ਕੇ ਅੰਦਰ ਤੋੜੀ ਆਰਟ ਦੇ ਨਮੂਨੇ ਝਾਕਦੇ ਨੇ। ਖਿੜਕੀਆਂ ਵੱਲ ਵੇਖੋ ਤਾਂ ਬਾਹਰੋਂ ਹਰਿਆਲੀ ਝਾਤੀਆਂ ਮਾਰਦੀ ਏ। ਅੰਦਰੋਂ ਸ਼ੀਸ਼ਿਆਂ ਉੱਤੇ ਲਿਖੀਆਂ ਹੋਈਆਂ ਅੰਮ੍ਰਿਤਾ ਜੀ ਦੀਆਂ ਨਜ਼ਮਾਂ ਹੌਲੀ-ਹੌਲੀ ਬੋਲਦੀਆਂ ਨੇ। ਲੈਂਪ ਜਲਾਉ ਤਾਂ ਸ਼ੇਡ ਤੇ ਲਿਖੀ ਹੋਈ ਕੋਈ ਨਜ਼ਮ ਹੌਲੀ-ਹੌਲੀ ਗਾਉਣ ਲੱਗ ਪੈਂਦੀ ਹੈ। ਕੰਧਾਂ ਉੱਤੇ ਆਰਟ ਦੇ ਨਮੂਨੇ ਹੌਲੀ-ਹੌਲੀ ਕੁਝ ਕਹਿੰਦੇ ਨੇ। ਸਾਰੇ ਘਰ ਵਿਚ ਸ਼ਾਇਰਾ ਏ ਤੇ ਆਰਟਿਸਟ ਏ। ਅੰਮ੍ਰਿਤਾ, ਅਮਰੋਜ਼ ਰਲੇਕੇ ਇਸ ਘਰ ਦੀ ਰੂਹ ਬਣੇ ਹੋਏ ਨੇ। ਸ਼ਾਇਰ, ਮਸੱਵਰੀ, ਕਿਤਾਬਾਂ ਤੇ ਸਾਦਾ ਸਾਦਾ ਫਰਨੀਚਰ ਵਿਚਕਾਰ ਤੇ ਖੂੰਜਿਆਂ ਵਿਚ ਲਾਈਟ ਦੀ ਜਾਦੂਗਰੀ, ਅਦਬ ਅਸੱਵਰੀ ਦਾ ਮਿਲਾਪ ਇਕ ਖ਼ੂਬਸੂਰਤ ਘਰ। ਇਸ ਘਰ ਵਿਚ ਦੌਲਤ ਗ਼ਰੀਬੀ ਦਾ ਕੋਈ ਦਖ਼ਲ ਨਹੀਂ। ਅਮੀਰ ਦਾ ਨਾ, ਗਰੀਬ ਦਾ। ਘਰ ਅੰਮ੍ਰਿਤਾ ਦਾ ਤੇ ਅਮਰੋਜ਼ ਦਾ। ਇਕ ਨਜ਼ਰ ਵੇਖਣ ਤੋਂ ਬਾਅਦ ਮੈਨੂੰ ਲੱਗਾ ਇਹੋ ਘਰ ਏ ਜਿਸਨੂੰ ਮੈਂ ਵੇਖਣਾ ਚਾਹੁੰਦੀ ਸੀ। ਅੰਮ੍ਰਿਤਾ ਜੀ ਨੂੰ ਵੀ ਮੈਂ ਏਸੇ ਤਰ੍ਹਾਂ ਦੱਸਿਆ ਸੀ, ''ਦੀਦੀ ਤੁਹਾਡਾ ਘਰ ਇਸੇ ਤਰ੍ਹਾਂ ਦਾ ਹੋਣਾ ਚਾਹੀਦਾ ਸੀ।''

ਇਸੇ ਘਰ ਵਿਚ ਮੈਂ ਚਾਰ ਦਿਨ ਚਾਰ ਰਾਤਾਂ ਗੁਜਾਰੀਆਂ। ਲਾਇਬ੍ਰੇਰੀ ਵਿਚ ਅਦਬ ਸ਼ਾਇਰੀ ਦੀਆਂ ਕਿਤਾਬਾਂ ਦੀ ਛਾਵੇਂ ਸੌਂਦੀ। ਸਵੇਰੇ ਉੱਠ ਕੇ ਗਰਮ-ਗਰਮ ਨਾਸ਼ਤਾ ਕਰਦੀ। ਫਿਰ ਨਰਮ ਦੁਪਹਿਰੇ ਫੁੱਲਾਂ ਬੂਟਿਆਂ ਨਾਲ ਸੱਜੀ ਹੋਈ ਧੁੱਪ ਨਾਲ ਭਰੀ ਹੋਈ ਛੱਤ ਉੱਤੇ ਜਾ ਕੇ ਅੰਮ੍ਰਿਤਾ ਜੀ ਨਾਲ ਬੈਠ ਕੇ ਗੱਪ-ਸ਼ੱਪ ਹੁੰਦੀ। ਕੋਈ ਮਿਲਣ ਵਾਲਾ ਆਉਂਦਾ ਹੈ ਉਹ ਵੀ ਉਥੇ ਈ ਆ ਜਾਂਦਾ। ਕਈ ਵਾਰੀ ਅੰਮ੍ਰਿਤਾ ਜੀ ਨੇ ਆਫ਼ਰ ਕੀਤੀ ਚੱਲ ਤੈਨੂੰ ਕਿਧਰੇ ਫਿਰਾ ਲਿਆਂਵਾ। ਪਰ ਮੇਰਾ ਜਵਾਬ ਇਹੋ ਸੀ, ''ਫਿਰਨਾ ਫਰਾਨਾ ਤਾਂ ਹੁੰਦੀ ਈ ਰਹਿੰਦਾ, ਜੇ ਵੇਲਾ ਤੁਹਾਡੇ ਨਾਲ ਗੱਲਾਂ ਕਰਦੇ ਗੁਜ਼ਰੇ ਉਹੋ ਚੰਗਾ।'' ਅੰਮ੍ਰਿਤਾ ਜੀ ਨਾਲ ਗੱਲ ਕਰਕੇ ਮਜ਼ਾ ਆਉਂਦਾ। ਕਿਸੇ ਮਾਮਲੇ ਦੀ ਗੱਲ ਹੋਵੇ ਉਹ ਪੂਰੀ ਦਿਲਚਸਪੀ ਲੈਂਦੇ। ਉਨ੍ਹਾਂ ਦੀ ਗਿਆਨ ਪੂਰੀ ਹੁੰਦੀ। ਇਲਮ ਅਦਬ ਦੀ ਗੱਲ ਤਾਂ ਕਰਦੇ ਬੜੀ ਡੂੰਘੀ, ਆਮ ਜ਼ਿੰਦਗੀ ਦੇ ਮਸਲੇ ਬਾਰੇ ਵੀ ਤਫ਼ਸੀਲ ਨਾਲ ਗੱਲ ਕਰਦੇ ਨੇ। ਇਸੇ ਤਰ੍ਹਾਂ ਪੂਰੀ ਹਮਦਰਦੀ ਨਾਲ ਪੁੱਛਦੇ ਵੀ ਰਹਿੰਦੇ ਨੇ। ਅਦੀਬਾਂ ਸ਼ਾਇਰਾਂ ਵਿਚ ਇਕ ਕਮਜ਼ੋਰੀ ਹੁੰਦੀ ਏ। (ਪਾਕਿਸਤਾਨ ਹਿੰਦੁਸਤਾਨ ਦੀ ਸ਼ਰਤ ਨਹੀਂ ਹੋਰ ਥਾਵਾਂ ਵਿਚ ਵੀ ਇਸੇ ਤਰ੍ਹਾਂ ਹੁੰਦਾ) ਦੂਜੇ ਦੇ ਕੰਮ ਦੀ ਖੁੱਲੇ ਦਿਲ ਨਾਲ, ਪੂਰੀ ਦਿਆਨਤਦਾਰੀ ਨਾਲ ਸਲਾਹਣਾ ਨਹੀਂ ਕਰ ਸਕਦੇ। ਅੰਮ੍ਰਿਤਾ ਜੀ ਦੀ ਗੱਲ ਈ ਹੋਰ ਏ। ਉਹ ਆਪ ਖੁੱਲੇ ਦਿਲ ਵਾਲੇ ਪਾਰਖੂ ਨੇ। ਸਗੋਂ ਅਗਲੇ ਦਾ ਹੌਂਸਲਾ ਵਧਾਉਂਦੇ ਹੋ। ਉਨ੍ਹਾਂ ਦੇ ਪਰਚੇ 'ਨਾਗਮਨੀ' ਦੇ ਵਰਕੇ ਨਵੇਂ ਤੇ ਗ਼ੈਰ ਮਾਰੂਫ਼ ਲਿਖਾਰੀਆਂ ਲਈ ਵੀ ਖੁੱਲੇ ਰਹਿੰਦੇ ਨੇ।

ਅਮਰੋਜ਼ ਜੀ ਤੇ ਅੰਮ੍ਰਿਤਾ ਜੀ ਦੇ ਰਿਸ਼ਤੇ ਨੂੰ ਲੈ ਕੇ ਵੇਖੀਏ ਤਾਂ ਉਨ੍ਹਾਂ ਦੋਹਾਂ ਨੇ ਮੁਹੱਬਤ ਦੀ ਇਕ ਨਵੀਂ ਦੁਨੀਆਂ ਕਰੀਏਟ ਕੀਤੀ ਹੋਈ ਏ। ਅਜਿਹਾ ਪਿਆਰ ਦਾ ਰਿਸ਼ਤਾ ਨਾ ਕਦੇ ਵੇਖਿਆ ਨਾ ਸੁਣਿਆ। ਆਪ ਅੰਮ੍ਰਿਤਾ ਨੇ 'ਰਸੀਦੀ ਟਿਕਟ' ਵਿਚ ਜੋ ਲਿਖਿਆ ਉਹ ਬਹੁਤ ਥੋੜ੍ਹਾ ਏ। ਕੋਲ ਰਹਿ ਕੇ ਮੈਂ ਅੱਖੀਂ ਡਿੱਠਾ ਉਹਦੇ ਅੰਦਰ ਇਨਸਾਨ ਵਾਲੇ ਪਿਆਰ ਦੇ ਧਰਤੀ ਅਸਮਾਨ ਆਪਣੀਆਂ ਚਾਰੇ ਕੰਧਾਂ ਸਣੇ ਸਮਾ ਜਾਂਦੇ ਨੇ। ਉਹ ਇਕ ਹੋਰ ਈ ਦੁਨੀਆਂ ਏ, ਜਿੱਥੇ ਉਹ ਦੋਵੇਂ ਜੀਅ ਇਕ ਦੂਜੇ ਦਾ ਮੂੰਹ ਤੱਕ ਕੇ ਜਿਊਂਦੇ ਨੇ। ਪਲ-ਪਲ ਮੈਂ ਇਕ ਨਵੀਂ ਕੈਫ਼ੀਅਤ (ਨਸ਼ਾ ਰੰਗ ਢੰਗ) ਵੇਖੀ। ਉਹ ਕਬੂਤਰਾਂ ਦਾ ਜੋੜਾ ਕਦੇ ਬੱਚਿਆਂ ਵਰਗੇ ਲੱਗਦੇ, ਕਦੇ ਹੀਰ ਰਾਂਝਾ ਦਿਸਦੇ, ਕਦੇ ਦੋ ਇਨਸਾਨ ਜੋ ਦੁਨੀਆਂ ਵੇਖੀ ਬੈਠੇ। ਹੁਣ ਬੱਸ ਆਪਣੇ ਆਪ ਨੂੰ ਵੇਖ ਕੇ ਜਿਊਂਦੇ ਨੇ। ਇਸ ਰਿਸ਼ਤੇ ਦੇ ਹਜ਼ਾਰਾਂ ਨਾਂ ਹੋ ਸਕਦੇ ਨੇ। ਆਪ ਨੇ ਉਨ੍ਹਾਂ ਦੇ ਵੀ ਕਈ ਨਾਂ ਰੱਖੇ ਹੋਏ ਨੇ। ਮੈਂ ਜਿੰਨੀ ਵਾਰੀ ਸੁਣਿਆ ਉਨ੍ਹਾਂ ਇਕ ਦੂਜੇ ਨੂੰ ਅੰਮ੍ਰਿਤਾ, ਅਮਰੋਜ਼ ਕਹਿ ਕੇ ਨਹੀਂ ਬੁਲਾਇਆ। ਇਸੇ ਤਰ੍ਹਾਂ ਉਸ ਰਿਸ਼ਤੇ ਵਿਚ ਜੋ ਦੋਸਤੀ ਦੀ ਜੜ੍ਹ ਵਿਚੋਂ ਫੁੱਟਿਆ ਸੀ, ਖਬਰੇ ਕਿੰਨੀਆਂ ਲਗਰਾਂ ਮਨੁੱਖ ਦੇ ਨਾਤਿਆਂ ਦੀਆਂ ਹੋਰ ਫੁੱਟ ਪਈਆਂ ਹੋਈਆਂ ਨੇ। ਇੰਝ ਲੱਗਦਾ ਉਹ ਦੋਵੇਂ ਇੱਕ ਦੂਜੇ ਨੂੰ ਪਾਲ ਵੀ ਰਹੇ। ਇਕ ਦੂਜੇ ਦੀ ਛਾਵੇਂ ਵੀ ਬੈਠੇ ਹੋਏ ਨੇ। ਇਕ ਦੂਜੇ ਦੇ ਪਿਆਰ ਦਾ ਮੇਵਾ ਵੀ ਖਾ ਰਹੇ ਨੇ। ਕੀ ਲੱਗਦੇ ਨੇ ਇਕ ਦੂਜੇ ਦੇ? ਮਾਪੇ? ਧੀ ਪੁੱਤਰ? ਭੈਣ ਭਰਾ? ਪ੍ਰੇਮੀ? ਦੋਸਤ ਮਿੱਤਰ? ਆਸ਼ਕ? ਜਾਂ ਸਭੋ ਕੁਝ? ਇੰਝ ਲੱਗਦਾ ਏ ਉਹ ਦੋਵੇਂ ਔਰਤ ਮਰਦ ਦਾ ਪਹਿਲਾ ਜੋੜਾ ਏ। ਯੁੱਗ ਯੁੱਗ ਜੰਮਦਾ, ਦੁਨੀਆਂ ਵੇਖਦਾ ਇਕ ਦੂਜੇ ਨੂੰ ਪਛਾਣਦਾ ਆ ਰਿਹਾ ਏ। ਰੱਬ ਨਾ ਕਰੇ ਉਹ ਕਦੇ ਵਿਛੜਣ। ਉਨ੍ਹਾਂ ਰਲ ਕੇ ਜੋ ਘਰ ਦਿੱਲੀ ਸ਼ਹਿਰ ਵਿਚ ਬਣਾਇਆ ਹੋਇਆ ਏ ਉਹ ਇਕੋ ਇਕ ਏ। ਉਹ ਦੋਵੇਂ ਵੀ ਅਸਲ ਵਿਚ ਇਕੋ ਰੂਹ ਦੇ ਮਾਲਕ ਹਨ। ਹੁਣ ਇਹ ਤਾਂ ਪਤਾ ਨਹੀਂ ਅਸਲ ਮਾਲਕ ਕੌਣ ਏ? ਰੂਹ ਕਿ ਬੁੱਤ? ਬੁੱਤ ਭਾਵੇਂ ਦੋ ਨੇ। ਵੱਖ-ਵੱਖ ਜੰਮੇ। ਅੰਮ੍ਰਿਤਾ ਇਕ ਖ਼ੂਬਸੂਰਤ ਜ਼ਨਾਨੀ, ਅਮਰੋਜ਼ ਇਕ ਖ਼ੂਬਸੂਰਤ ਆਦਮੀ। ਦੋਵੇਂ ਫ਼ਨਕਾਰ, ਤਖ਼ਲੀਕਕਾਰ, ਇਕ ਲਫ਼ਜ਼ਾਂ ਦਾ ਦੂਜਾ ਲਕੀਰਾਂ ਦਾ। ਦੋਵੇਂ ਆਪਣਾ ਆਪਣਾ ਕੰਮ ਕਰਦੇ ਨੇ। ਫਿਰ ਵੀ ਰਲ ਕੇ ਪੂਰੀ-ਪੂਰੀ ਅੰਡਰ ਸਟੈਂਡਿੰਗ ਨਾਲ। ਅਮਰੋਜ਼ ਜੀ ਨੇ ਅੱਜ ਤੋੜੀ ਕੋਈ ਅਜਿਹਾ ਕੰਮ ਨਹੀਂ ਲਿਆ। ਜਿਹਦੇ ਨਾਲ ਬਹੁਤੀ ਦੇਰ ਘਰੋਂ ਬਾਹਰ ਰਹਿਣਾ ਪਵੇ। ਅੰਮ੍ਰਿਤਾ ਜੀ ਕਿਧਰੇ ਵੀ ਇਕੱਲੇ ਨਹੀਂ ਜਾਂਦੇ। ਉਹ ਜ਼ਮਾਨਾ ਜਦੋਂ ਪਾਰਲੀਮੈਂਟ ਦੇ ਮੈਂਬਰ ਬਣਾਏ ਗਏ, ਡਰਾਈਵਰ ਨਾਲ ਕਦੇ ਪਾਰਲੀਮੈਂਟ ਹਾਊਸ ਨਹੀਂ ਗਏ। ਅਮਰੋਜ਼ ਜੀ ਡਰਾਈਵ ਕਰਕੇ ਲੈ ਜਾਂਦੇ ਤੇ ਵਾਪਸ ਲੈ ਕੇ ਆ ਜਾਂਦੇ। ਇਸੇ ਤਰ੍ਹਾਂ ਬਾਹਰ ਦੇ ਦੌਰਿਆਂ ਵਿਚ ਦੋਵੇਂ ਇਕੱਠੇ ਰਹੇ। ਐਮਬੈਸੀਆਂ ਦੇ ਦਾਅਵਤ ਨਾਮੇ ਦੋਹਾਂ ਲਈ ਆਉਂਦੇ ਹਨ। ਪਰ ਕਈ ਵਾਰੀ ਦੋਵੇਂ ਉਨ੍ਹਾਂ ਦਾ ਸ਼ਾਨਦਾਰ ਡਾਈਨਿੰਗ ਟੇਬਲ ਛੱਡ ਕੇ ਘਰ ਆ ਜਾਂਦੇ ਨੇ। ਗਰਮ-ਗਰਮ ਭਿੰਡੀ ਦੀ ਭਾਜੀ ਨਾਲ ਫੁਲਕਾ ਖਾਵਣ ਦਾ ਮਜ਼ਾ ਐਮਬੈਸੀ ਦੇ ਰੋਸਟ ਵਿਚ ਕਿੱਥੇ। ਦਰਅਸਲ ਉਹ ਆਪ ਇਕ ਦੂਜੇ ਨਾਲ ਰਹਿਣਾ ਚਾਹੁੰਦੇ ਨੇ। ਕਿਸੇ ਹੋਰ ਨਾਲ ਨਹੀਂ।

ਐਨਾ ਇਕ ਹੋਣ ਦੇ ਬਾਵਜੂਦ ਉਹ ਦੋਵੇਂ ਇਕ ਦੂਜੇ ਦਾ ਪਰਛਾਵਾ ਵੀ ਨਹੀਂ ਬਣ ਗਏ ਹੋਏ। ਦੋਹਾਂ ਦਾ ਕਮਰਾ ਵੱਖਰਾ-ਵੱਖਰਾ। ਕੰਮ ਕਰਨ ਦਾ ਮੂਡ ਵੱਖਰਾ-ਵੱਖਰਾ। ਅਮਰੋਜ਼ ਨੂੰ ਮਿਊਜ਼ਿਕ ਨਾਲ ਮੋਹ ਏ। ਉਹ ਪੇਂਟਿੰਗ ਡਰਾਇੰਗ ਕਰਦੇ ਹੋਏ ਗਾਣੇ ਸੁਣਦੇ ਰਹਿੰਦੇ ਨੇ। ਅੰਮ੍ਰਿਤਾ ਜੀ ਖਾਮੋਸ਼ੀ ਦੀ ਫ਼ਿਜ਼ਾ ਵਿਚ ਬਹਿ ਕੇ ਸੋਚਦੇ ਲਿਖਦੇ ਨੇ। ਕਿਤਾਬ ਛਾਪਣ ਦਾ ਮਾਮਲਾ ਮਸ਼ਵਰੇ ਨਾਲ ਹੁੰਦਾ ਏ। ਫਿਰ ਵੀ ਬੰਦਾ ਬੰਦਾ ਏ। ਉਹਦਾ ਆਪਣਾ ਆਪ ਕਿਧਰੇ ਜਾ ਕੇ ਵੀ ਗਵਾਚਦਾ ਮੁੱਕਦਾ ਨਹੀਂ। ਦੋਹਾਂ ਨੇ ਜ਼ਿੰਦਗੀ ਦਾ ਇਕ ਹਿੱਸਾ ਵੱਖ-ਵੱਖ ਗੁਜਾਰਿਆ ਹੋਇਆ ਏ। ਦੋਵੇਂ ਆਪਣੇ-ਆਪਣੇ ਮੈਟੀਰੀਅਲ ਨਾਲ ਬਣੇ ਹੋਏ ਨੇ ਤੇ ਦੋਵੇਂ ਆਪਣੇ-ਆਪਣੇ ਖ਼ਾਬ ਵੇਖਦੇ, ਆਪਣੀ ਆਪਣੀ ਕਲਪਨਾ ਕਰਦੇ ਨੇ। ਅੰਮ੍ਰਿਤਾ ਜੀ ਤਾਂ ਸੱਚੀ ਮੁੱਚੀ ਸੁੱਤੇ ਖ਼ਾਬਾਂ ਦੀ ਅਹਿਮੀਅਤ ਨੂੰ ਮੰਨਦੇ ਨੇ। ਉਹ ਦੂਰ ਕਿਧਰੇ ਸ਼ਾਊਰ ਦੀ ਦੁਨੀਆਂ ਤੋਂ ਪਰ੍ਹੇ, ਬਹੁਤ ਪਰ੍ਹੇ ਕਿਸੇ ਪੁਰਾਣੇ ਮਾਜ਼ੀ, ਕਿਸੇ ਪੁਰਾਣੇ ਜਨਮ ਤੋੜੀ ਤਾਬੀਰਾਂ ਲੱਭਦੇ ਰਹਿੰਦੇ ਨੇ। ਉਨ੍ਹਾਂ ਦੀ ਸ਼ਾਇਰੀ ਵਿਚ ਵੀ ਹੁਣ ਰੂਹਾਨੀਅਤ ਦਾ ਰੰਗ ਗੂੜ੍ਹਾ ਹੋ ਰਿਹਾ ਏ। 'ਦਰਵੇਸ਼ਾਂ ਦੀ ਮਹਿੰਦੀ' ਇਸੇ ਤਰ੍ਹਾਂ ਦੀ ਸ਼ਾਇਰੀ ਏ। ਉਸੇ ਨੂੰ ਸਾਹਮਣੇ ਰੱਖ ਕੇ ਮੈਂ ਸਵਾਲ ਕੀਤਾ ਸੀ। ਜਵਾਬ ਵਿਚ ਉਨ੍ਹਾਂ ਆਪ ਮੈਨੂੰ ਸਵਾਲ ਕਰ ਦਿੱਤਾ। 'ਤੂੰ ਪੜ੍ਹ ਲਈ ਦਰਵੇਸ਼ਾਂ ਦੀ ਮਹਿੰਦੀ' ਅਜੇ ਮੈਨੂੰ ਸਮਝ ਨਹੀਂ ਆਈ, ਕਦੇ ਆਉਣੀ ਵੀ ਨਹੀਂ। ਕਿਸੇ ਨੂੰ ਵੀ ਨਹੀਂ। ਕਿਉਂ ਜੋ ਸ਼ਾਊਰ ਦੀ ਸਤਹ ਅਤੇ ਤਹਿਤ ਅਲਸ਼ਊਰ ਨੂੰ ਸਮਝਿਆ ਨਹੀਂ ਜਾ ਸਕਦਾ। ਜੇ ਇਹੋ ਹਾਲ ਰਿਹਾ ਤਾਂ ਇਨ੍ਹਾਂ ਨਜ਼ਮਾਂ ਅੰਦਰ ਵਰਤੀ ਗਈ ਟਰਮਨਾਲੋਜੀ ਦਾ ਮਤਲਬ ਆਮ ਲਫ਼ਜ਼ਾਂ ਕੋਲੋਂ ਵੱਖ ਕਰਕੇ ਵੇਖਣਾ ਪਵੇਗਾ। ਇਨਸਾਨ ਦੇ ਵਜੂਦ ਦਾ ਇਰਤਕਾਏ (ਵਿਕਾਸ) ਇਸ ਤਰ੍ਹਾਂ ਵੀ ਹੁੰਦਾ। ਕਦੇ ਅੰਦਰੋਂ ਬਾਹਰ ਵੱਲ ਕਦੇ ਬਾਹਰੋਂ ਅੰਦਰ ਵੱਲ। ਰੂਹਾਨੀਅਤ ਦੇ ਝਗੜੇ ਝੇੜੇ ਆਪਣੇ ਈ ਨੇ ਪਰ ਸਾਰਿਆਂ ਨਾਲ ਨਹੀਂ। ਬਹੁਤ ਸਾਰੇ ਸ਼ਾਇਰ ਅਦੀਬ ਤਾਂ ਆਪਣੀ ਅੱਧੀ ਉਮਰੇ ਮੁੱਕ ਜਾਂਦੇ ਨੇ। ਦਾਣੇ ਮੁੱਕ ਜਾਂਦੇ ਜਾਂ ਉਹ ਪੀਹਣ ਜੋਗੇ ਨਹੀਂ ਰਹਿੰਦੇ। ਬਹੁਤ ਥੋੜ੍ਹੇ ਆਪਣੇ ਆਪ ਦੇ ਅੰਦਰ ਇਰਤਕਾਏ ਦਾ ਤਜ਼ਰਬਾ ਕਰ ਸਕਦੇ ਨੇ। ਅੰਮ੍ਰਿਤਾ ਜੀ ਦੀ ਸ਼ਾਇਰੀ ਅੱਧੀ ਸਦੀ ਤੋਂ ਵੱਧ ਜ਼ਮਾਨੇ ਦੇ ਨਾਲ-ਨਾਲ ਚੱਲਦੀ ਆਪਣੇ ਅੰਦਰ ਬਾਹਰ ਨੂੰ ਤਬਦੀਲ ਕਰਦੀ ਰਹੀ ਏ। ਹੁਣ ਇਹਨੂੰ ਵੱਖ-ਵੱਖ ਦੌਰ ਦੀ ਪਛਾਣ ਬਣਾ ਕੇ ਪੜ੍ਹਿਆ ਪੜ੍ਹਾਇਆ ਜਾ ਸਕਦਾ ਏ।

ਗੱਲ ਹੋ ਰਹੀ ਸੀ ਅੰਮ੍ਰਿਤਾ ਜੀ ਦੇ ਘਰ ਤੇ ਸ਼ਖ਼ਸੀਅਤ ਦੀ ਪਰ ਸ਼ਾਇਰਾ ਨੂੰ ਸ਼ਾਇਰੀ ਕੋਲੋਂ ਵੱਖ ਕਿੰਨੀ ਕੁ ਦੇਰ ਰੱਖ ਸਕਦੇ ਹਾਂ। ਭਾਵੇਂ ਆਪ ਸ਼ਾਇਰਾ ਨੇ ਔਰਤ ਨੂੰ ਸਾਰੀ ਉਮਰ ਪਰ੍ਹਾ ਕਰਕੇ ਰੱਖਿਆ ਹੋਵੇ। ਅੰਮ੍ਰਿਤਾ ਸ਼ਾਇਰਾ ਬੜੀ ਦਲੇਰ ਤੇ ਹੌਂਸਲੇ ਵਾਲੀ ਏ। ਪਰ ਔਰਤ ਅੰਮ੍ਰਿਤਾ ਬੜੀ ਨਾਜ਼ੁਕ ਜਿਹਾ ਦਿਲ ਆਪਣੇ ਸੀਨੇ ਵਿਚ ਰੱਖਦੀ ਏ। ਉਸੇ ਔਰਤ ਨੇ ਦੁੱਖ ਜ਼ਰੇ ਤੇ ਇਕਲਾਪੇ ਦੀ ਉਦਾਸੀ ਕੱਟੀ। ਪਰ ਫਿਰ ਵੀ ਕਠੋਰ ਨਹੀਂ ਹੋ ਸਕੀ। ਮੌਕਾ ਮਿਲੇ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰਦੀ ਏ। ਆਪਣਾ ਨਿੱਕਾ-ਨਿੱਕਾ ਦੁੱਖ ਸੁੱਖ ਵੀ ਫੋਲ ਬੈਠਦੀ ਏ। ਇਕ ਦਿਨ ਅਚਨਚੇਤੀ ਮੈਨੂੰ ਪੁੱਛਣ ਲੱਗੇ, ''ਤੈਨੂੰ ਫ਼ਾਰਸੀ ਆਉਂਦੀ ਹੈ?'' ਮੈਂ ਕਿਹਾ, ''ਮਾੜੀ ਮੋਟੀ।'' 'ਜ਼ਿੰਦਗੀਨਾਮਾ ਕਿਤੇ ਪੜ੍ਹਿਆ, ਬੜੀ ਆਮ ਜਿਹੀ ਟਰਮ ਏ। ਇਹੋ ਤਰਕੀਬਾਂ ਉਰਦੂ ਵਿਚ ਆਮ ਚੱਲਦੀਆਂ ਨੇ।' ਅੰਮ੍ਰਿਤਾ ਜੀ ਇਕ ਪਲ ਵਾਸਤੇ ਚੁੱਪ ਕਰ ਗਏ। ਫਿਰ ਬੋਲੇ, 'ਏਸੇ ਆਮ ਜਿਹੀ ਗੱਲ ਲਈ ਮੇਰੇ ਉੱਤੇ ਇਕ ਮੁਕੱਦਮਾ ਪਿਛਲੇ ਤੇਰਾਂ ਸਾਲਾਂ ਤੋਂ ਚੱਲ ਰਿਹਾ ਏ, ਬੜੀ ਉਦਾਸੀ ਨਾਲ ਅੰਮ੍ਰਿਤਾ ਜੀ ਬੋਲੇ, 'ਮੁਕੱਦਮਾ ਤੇਰ੍ਹਾਂ ਵਰ੍ਹਿਆਂ ਤੋਂ? ਕਿਸ ਕੀਤਾ ਏ ਮੁਕੱਦਮਾ? 'ਇਕ ਲਿਖਾਰੀ ਏ, ਨਾਂ ਮੈਨੂੰ ਭੁੱਲ ਗਿਆ। ਪਿੱਛੋਂ ਗੁਜਰਾਤ ਦੇ ਰਹਿਣ ਵਾਲੀ ਏ। 'ਪਰ ਕਿਉਂ? ਮੈਂ ਬੇਚੈਨੀ ਨਾਲ ਪੁੱਛਿਆ, 'ਉਹ ਕਹਿੰਦੀ ਏ ਇਹ ਤਰਕੀਬ ਉਹਦੀ ਸਾਜੀ ਹੋਈ ਏ। ਹੋਰ ਕੋਈ ਵਰਤੇ ਤਾਂ ਜ਼ੁਰਮ ਏ।' 'ਪਰ ਇਹ ਤਰਕੀਬ ਤਾਂ ਜ਼ਮਾਨਿਆਂ ਤੋਂ ਚੱਲ ਰਹੀ ਏ।' 'ਹਾਂ ਮੈਨੂੰ ਪਤਾ ਏ ਪਰ ਮੁਕੱਦਮਾ ਤਾਂ ਚੱਲ ਈ ਰਿਹਾ ਏ। ਉਹਨੂੰ ਕਈ ਲਿਖਾਰੀਆਂ ਦੀ ਹੱਲਾਸ਼ੇਰੀ ਏ। ਖ਼ਬਰੇ ਕਿੰਨੀ ਵਾਰੀ ਮੇਰੀਆਂ ਪੇਸ਼ੀਆਂ ਵੀ ਹੋਈਆਂ ਨੇ।' ਕਹਿੰਦੇ-ਕਹਿੰਦੇ ਅੰਮ੍ਰਿਤਾ ਜੀ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਪਏ। ਇਕ ਜ਼ਿਹਨੀ ਕੋਫ਼ਤ (ਦੁੱਖ) ਜੋ ਕਿਸੇ ਵੇਲੇ ਆ ਕੇ ਬਰਦਾਸ਼ਤ ਤੋਂ ਬਾਹਰ ਹੋ ਜਾਂਦੀ ਏ।

ਮੁਕੱਦਮਾ ਆਖ਼ਰ ਅੰਮ੍ਰਿਤਾ ਜੀ ਨੇ ਜਿੱਤ ਲੈਣਾ ਏ। ਪਰ ਲਿਖਾਰੀਆਂ ਦੇ ਹਸਦ ਵਾਲੀ ਅੱਗ ਨੇ ਕਦੇ ਵੀ ਠੰਡੀ ਨਹੀਂ ਹੋਣਾ। ਕਿਉਂ ਜੋ ਇਹੋ ਜਿਹੀਆਂ ਗੱਲਾਂ ਨਾਲ ਅੰਮ੍ਰਿਤਾ ਦਾ ਵਿਗੜਦਾ ਕੁਝ ਵੀ ਨਹੀਂ ਪਰ ਹਸਦ (ਸਾੜਾ, ਈਰਖਾ) ਕਰਨ ਵਾਲੇ ਘਟੀਆ ਸਾਬਤ ਹੋ ਜਾਂਦੇ ਨੇ। ਅਜਿਹੀਆਂ ਗੱਲਾਂ ਸੁਣ ਕੇ ਮੈਨੂੰ ਲੱਗਾ ਪਾਕਿਸਤਾਨ ਵਿਚ ਵੀ ਇਸੇ ਤਰ੍ਹਾਂ ਹੁੰਦਾ ਏ। ਅਦੀਬ ਆਪੇ ਇਕ ਦੂਜੇ ਕੋਲੋਂ ਹਸਦ ਕਰਦਾ ਘਟੀਆ ਹੋ ਜਾਂਦਾ ਏ। ਉਥੇ ਭਾਰਤ ਵਿਚ ਵੀ ਜੁੱਟਬੰਦੀ ਏ। ਮਜ਼ਬੀ ਫਿਰਕਿਆਂ ਵਾਂਗ ਤਾਅਸਬ (ਪੱਖਪਾਤ) ਤੇ ਤੰਗ ਨਜ਼ਰੀ ਚੱਲਦੀ ਏ। ਬਹੁਤ ਸਾਰੇ ਅਦੀਬ ਸ਼ਾਇਰ ਆਪਣੇ ਕੰਮ ਨਾਲ ਨਹੀਂ, ਸਗੋਂ ਜਥੇਬੰਦੀ ਨਾਲ ਆਪਣਾ ਨਾਂ ਕਰਨਾ ਚਾਹੁੰਦੇ ਨੇ। ਆਪਣੇ ਤੋਂ ਸੀਨੀਅਰ ਅਦੀਬ ਦੀ ਇੱਜ਼ਤ ਕਰਨ ਦੀ ਥਾਂ ਮਜਾਕ ਕਰਦੇ ਨੇ। ਅੰਮ੍ਰਿਤਾ ਜੀ ਅਜਿਹੇ ਲੋਕਾਂ ਨੂੰ ਹੈਰਾਨੀ ਨਾਲ ਵੇਖਦੇ ਰਹਿੰਦੇ ਨੇ।

ਅੰਮ੍ਰਿਤਾ ਜੀ ਕੋਲ ਰਹਿ ਕੇ ਮੈਂ ਵੇਖਿਆ ਉਹ ਹਰ ਵੇਲੇ ਅਦਬ ਦੀਆਂ ਗੱਲਾਂ ਨਹੀਂ ਕਰਦੇ। ਉਨ੍ਹਾਂ ਦੇ ਮਿਲਣ ਵਾਲੇ ਨਾਨ ਅਦੀਬ ਵੀ ਬਥੇਰੇ ਨੇ। ਕਦੇ ਦੁਨੀਆਂ ਤੇ ਦੁਨੀਆਂਦਾਰੀ ਦੀਆਂ ਗੱਲਾਂ ਵੀ ਕਰਦੇ ਨੇ। ਇੱਕ ਆਮ ਜਿਹੀ ਜ਼ਨਾਨੀ ਤੋਂ ਲੈ ਕੇ ਉਨ੍ਹਾਂ ਦੀ ਦੋਸਤੀ ਇੰਦਰਾ ਗਾਂਧੀ ਨਾਲ ਵੀ ਹੈ ਸੀ। ਮੈਨੂੰ ਆਪਣੇ ਖ਼ਾਬਾਂ ਦੀ ਗੱਲ ਸੁਣਾਉਂਦੇ-ਸੁਣਾਉਂਦੇ ਉਨ੍ਹਾਂ ਸੁਣਾਇਆ, ਇੰਦਰਾ ਗਾਂਧੀ ਦੇ ਕਤਲ ਤੋਂ ਥੋੜ੍ਹੇ ਦਿਨ ਪਹਿਲਾਂ ਖ਼ਾਬ ਵੇਖਿਆ। ਇਸੇ ਤਰ੍ਹਾਂ ਦੇ ਡਰ ਵਾਲਾ। ਫਿਰ ਜਦੋਂ ਟੈਲੀਫ਼ੂਨ ਕਰਕੇ ਇੰਦਰਾ ਜੀ ਨੂੰ ਸੁਣਾਇਆ ਤਾਂ ਉਨ੍ਹਾਂ ਦਾ ਜਵਾਬ ਸੀ, 'ਅੰਧੇਰਾ ਤੋ ਮੈਂ ਭੀ ਦੇਖ ਰਹੀ ਹੂੰ ਆਪਣੀ ਥਕੀ ਔਰ ਜਾਗਤੀ ਆਂਖੋ ਸੇ।' ਖੁੱਲ੍ਹੀਆਂ ਤੇ ਜਾਗਦੀਆਂ ਅੱਖਾਂ ਵਾਲੀ ਇੰਦਰਾ ਗਾਂਧੀ ਉਸ ਨ੍ਹੇਰੇ ਦਾ ਤੋੜ ਨਾ ਲੱਭ ਸਕੀ ਪਰ ਅੰਮ੍ਰਿਤਾ ਜੀ ਦੇ ਖ਼ਾਬਾਂ ਦਾ ਸਿਲਸਿਲਾ ਬੜਾ ਲੰਮਾ ਏ। ਇਕ ਕਿਤਾਬ 'ਸੁਰਖ਼ ਧਾਗੇ ਦਾ ਰਿਸ਼ਤਾ' ਛੱਪ ਚੁੱਕੀ ਏ। ਅੱਗੋਂ ਸਿਲਸਿਲਾ ਚੱਲ ਰਿਹਾ ਏ। ਨੀਂਦਰ ਵਿਚ ਇਹ ਹੋਰ ਦੁਨੀਆਂ ਜਾਗ ਪੈਂਦੀ ਏ। ਖ਼ਾਬਾਂ ਵਿਚ ਲੁਕੀ ਛਿਪੀ ਦੁਨੀਆਂ ਦੇ ਇਸ਼ਾਰੇ ਮਿਲਦੇ ਨੇ। ਨਜ਼ਮਾਂ ਵਿਚ ਢਲ ਜਾਂਦੇ ਨੇ ਤੇ ਹੋਰ ਵੀ ਭੇਤਾਂ ਭਰੇ ਹੋ ਜਾਂਦੇ ਨੇ। ਖੁੱਲੀ ਜ਼ਿੰਦਗੀ ਦੇ ਇਸ਼ਾਰੇ ਵੀ ਆਪਣੀਆਂ ਸੈਨਤਾਂ ਰੱਖਦੇ ਨੇ। ਕਈ ਵਾਰੀ ਉਹ ਕਿਸੇ ਆਮ ਜਿਹੀ ਗੱਲ ਵਿਚ ਇਸ਼ਾਰਾ ਲੱਭ ਲੈਂਦੇ ਨੇ। ਉਸੇ ਨੂੰ ਭੇਤਾਂ-ਭਰੀ ਬਣਾ ਛੱਡਦੇ ਨੇ। ਮੇਰੇ ਹੁੰਦਿਆਂ ਇਕ ਜ਼ਨਾਨੀ ਉਨ੍ਹਾਂ ਕੋਲ ਆਈ। ਉਹਦਾ ਕਹਿਣਾ ਸੀ ਉਹਦੀ ਅੰਗੂਠੀ ਵਿਚੋਂ ਆਪੇ ਖ਼ੁਸ਼ਬੋ ਆਉਣ ਲੱਗ ਪੈਂਦੀ ਏ। ਅੰਮ੍ਰਿਤਾ ਜੀ ਉਹਦੀ ਗੱਲ ਨੂੰ ਪੂਰੀ ਤਵੱਜੋ ਦੇ ਰਹੇ ਸੀ। ਇਸੇ ਤਰ੍ਹਾਂ ਬੀਮਾਰੀ ਇਲਾਜ ਦੇ ਮਾਮਲੇ ਵਿਚ ਉਹ ਆਮ ਤਰੀਕੇ ਤੋਂ ਹੱਟ ਕੇ ਨਵੇਂ ਤਰੀਕਿਆਂ ਨਾਲ ਬਹੁਤੇ ਮਤਮਈ ਲੱਗਦੇ ਨੇ। ਕਈ ਗੱਲਾਂ ਮੈਂ ਉਨ੍ਹਾਂ ਕੋਲੋਂ ਪਹਿਲੀ ਵਾਰੀ ਸੁਣੀਆਂ। ਈਕੋ ਪੰਕਚਰ ਦੇ ਮੁਕਾਬਲੇ ਈਕੋਪ੍ਰੈਸ਼ਰ। ਇਸੇ ਤਰ੍ਹਾਂ ਜੋੜਾਂ ਦੇ ਦਰਦ ਵਾਸਤੇ ਮੈਗਨਿਟ ਨਾਲ ਇਲਾਜ। ਸਾਲਟ ਨਾਲ ਕਈ ਬੀਮਾਰੀਆਂ ਦੇ ਇਲਾਜ ਦੀ ਗੱਲ ਵੀ ਮੈਂ ਉਨ੍ਹਾਂ ਕੋਲੋਂ ਸੁਣੀ। ਪਰ ਇਨ੍ਹਾਂ ਇਲਾਜਾਂ ਦੇ ਡਾਕਟਰ ਵੀ ਹੈਗੇ ਨੇ।

ਮੈਨੂੰ ਲੱਗਦਾ ਜ਼ਿੰਦਗੀ ਨਾਲ ਉਨ੍ਹਾਂ ਦਾ ਵਰਤਾਰਾ ਸਾਰਾ ਖੋਜੀ ਲੱਗਦਾ ਏ। ਇਨਸਾਨ ਦੇ ਆਮ ਜਜ਼ਬਿਆਂ ਤੋਂ ਲੈ ਕੇ ਰੂਹ ਤੋੜੀ ਖੋਜ ਦਾ ਰਲਹਕਫਵ ਉਨ੍ਹਾਂ ਆਪਣੀ ਜ਼ਾਤ ਤੋਂ ਬਣਾਇਆ ਏ। ਨਤੀਜੇ ਸਾਰੇ ਪੋਇਟਰੀ ਦੀ ਜ਼ੁਬਾਨ ਵਿਚ ਲਿਖੇ ਨੇ। ਉਨ੍ਹਾਂ ਦਾ ਕਹਿਣਾ ਏ, ਸਾਰਾ ਕੁਝ ਬੰਦੇ ਦੇ ਅੰਦਰ ਈ ਹੁੰਦਾ। ਜਿੰਨਾ ਵੀ ਕੋਈ ਖੋਜ ਲਵੇ। ਮੈਨੂੰ ਲੱਗਦਾ ਏਸ ਖੋਜ ਨਾਲ ਦੂਜੇ ਇਨਸਾਨ ਨੂੰ ਸਮਝਣਾ ਆ ਜਾਂਦਾ ਏ। ਇਸੇ ਖੋਜ ਨਾਲ ਦੁਨੀਆਂ ਤੋਂ ਬਦੀ ਘੱਟ ਸਕਦੀ ਏ। ਝਗੜੇ ਮੁੱਕ ਸਕਦੇ ਨੇ। ਕਿਉਂ ਜੇ ਆਖ਼ਰੀ ਤਹਿਕੀਕ ਵਿਚ ਸਾਰੇ ਬੰਦੇ ਅੰਦਰੋਂ ਇਨਸਾਨ ਨਿਕਲ ਆਉਣਗੇ। ਇਕੋ ਜਾਤ, ਇਕੋ ਫ਼ਿਰਕਾ। ਪਰ ਐਡੀ ਖੋਜ ਕਰਦਾ ਕੌਣ ਏ? ਕੋਈ ਵੀ ਭਗਤ ਜਾਂ ਪਹੁੰਚਿਆ ਹੋਇਆ ਇੰਨਟੀਲੈਕਚੁੱਅਲ ਜ਼ਿੰਦਗੀ ਦਾ ਥਹੁ ਲਾ ਲੈਂਦਾ ਤਾਂ ਲੋਕੀ ਉਹਦੇ ਕੋਲੋਂ ਸਿੱਖਣ ਦੀ ਥਾਂ ਪੱਲਾ ਅੱਡ ਲੈਂਦੇ ਨੇ। ਅੰਮ੍ਰਿਤਾ ਜੀ ਅੱਜਕੱਲ ਇਸੇ ਤਰ੍ਹਾਂ ਦੇ ਲੋਕਾਂ ਨੂੰ ਜਾਨਣ ਦੀ ਕੋਸ਼ਿਸ਼ ਵੀ ਕਰ ਰਹੇ ਨੇ। ਇਕ ਸਾਈਂ ਵੀ ਹੈ। ਰਜਨੀਸ਼ ਨੂੰ ਵੀ ਪੜ੍ਹ ਰਹੇ ਨੇ। ਗੱਲਾਂ-ਗੱਲਾਂ ਵਿਚ ਕੁੱਰਤਲਐਨ ਤਾਹਿਰਾ ਦਾ ਜ਼ਿਕਰ ਵੀ ਆਇਆ। ਉਹਦੀ ਸ਼ਾਇਰੀ ਤੇ ਲਾਈਫ ਹਿਸਟਰੀ ਪੜ੍ਹਨੀ ਚਾਹ ਰਹੇ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿਸੇ ਬਹਾਈ ਸੈਂਟਰ ਤੋਂ ਮੰਗਵਾ ਲੈਣ। ਮੈਨੂੰ ਯਾਦ ਆਇਆ ਮੈਂ ਤਾਹਿਰਾ ਤੇ ਕਾਲਮ ਲਿਖਿਆ ਸੀ। ਉਹ ਕਿਤਾਬ ਉਸ ਵੇਲੇ ਮੇਰੇ ਕੋਲ ਹੈ ਸੀ। ਮੈਂ ਕਾਲਮ ਪੜ੍ਹ ਕੇ ਸੁਣਾਇਆ। ਬੜੇ ਧਿਆਨ ਨਾਲ ਸੁਣਦੇ ਰਹੇ। ਅਖ਼ੀਰ ਤੇ ਦੋ ਗੱਲਾਂ ਕੀਤੀਆਂ। ਆਖਣ ਲੱਗੇ, 'ਇਹ ਕਾਲਮ ਤੂੰ ਉਨ੍ਹਾਂ ਲਈ ਲਿਖਿਆ ਜੋ ਪਹਿਲਾਂ

(ਬਾਕੀ ਅਗਲੇ ਸਫੇ ਤੇ)

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!



**– ਪਸ਼ੌਰਾ ਸਿੰਘ ਢਿੱਲੋਂ (1-559-708-4399)**

**(ਚੌਥੀ ਕਿਸ਼ਤ)**

### 7. ਹਿੰਦੀ ਐਸੋਸੀਏਸ਼ਨ ਦਾ ਬਣਨਾ

ਇਸ ਦੌਰਾਨ 1912 ਦੇ ਸ਼ੁਰੂ ਵਿਚ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਜੀ. ਡੀ. ਕੁਮਾਰ ਜਿਹਨਾਂ ਦਾ ਅੱਡਾ ਕੈਨੇਡਾ ਤੇ ਪੋਰਟਲੈਂਡ ਵਿਚਾਲੇ ਸੀਆਟਲ ਵਿਚ ਸੀ, ਪੋਰਟਲੈਂਡ ਆਏ। ਇਹਨਾਂ ਦਾ ਪ੍ਰਚਾਰ ਸਮਾਜ ਸੁਧਾਰ ਤੇ ਆਧਾਰਿਤ ਸੀ ਜਾਂ ਕਦੇ-ਕਦੇ ਕੋਈ ਅਖ਼ਬਾਰ ਪਰਚਾ ਕੱਢ ਦਿੰਦੇ ਸਨ। ਪਰ ਅਜੇ ਕੋਈ ਲਹਿਰ ਨਹੀਂ ਖੜ੍ਹੀ ਕਰ ਸਕੇ ਸਨ। ਇਹੀ ਨਹੀਂ ਬਲਕਿ ਪੁਰਾਣੇ ਦੇਸ਼ ਭਗਤ ਜਿਵੇਂ ਕਿਸ਼ਨ ਜੀ ਵਰਮਾ, ਮੈਡਮ ਕਾਮਾ, ਲਾਲਾ ਹਰਦਿਆਲ, ਤਾਰਕ ਨਾਥ, ਸਰਦਾਰ ਅਜੀਤ ਸਿੰਘ ਵੀ ਕੋਈ ਮੂਵਮੈਂਟ (ਲਹਿਰ) ਖੜ੍ਹੀ ਨਹੀਂ ਕਰ ਸਕੇ ਸਨ। ਜਦ ਇਹ ਦੋਵੇਂ (ਬਾਬੂ ਹਰਨਾਮ ਸਿੰਘ ਤੇ ਸ੍ਰੀ ਜੀ. ਡੀ. ਕੁਮਾਰ) ਪੋਰਟਲੈਂਡ ਦੇ ਨੇੜੇ ਕਾਰਖ਼ਾਨਿਆਂ ਦੇ ਹਿੰਦੀਆਂ ਨੂੰ ਮਿਲੇ, ਇਹਨਾਂ ਨੂੰ ਪਤਾ ਲੱਗਾ ਕਿ ਇੱਥੋਂ ਦੇ ਹਿੰਦੀ ਕਿਸੇ ਸੁਧਾਰਵਾਦੀ ਜਿਹੇ ਪ੍ਰੋਗਰਾਮ ਨਾਲ ਸਹਿਮਤ ਨਹੀਂ। ਪ੍ਰੋਗਰਾਮ ਅਨੁਸਾਰ ਐਤਵਾਰ ਨੂੰ ਆਲੇ-ਦੁਆਲੇ ਦੇ ਕਾਰਖ਼ਾਨਿਆਂ ਦੇ ਹਿੰਦੀ ਪੋਰਟਲੈਂਡ ਵਿਚ ਇਕੱਠੇ ਹੋਏ।

ਵਿਚਾਰ ਵਟਾਂਦਰਾ ਖੁੱਲ੍ਹੇ ਤੌਰ 'ਤੇ ਹੋਇਆ। ਬਾਬੂ ਹਰਨਾਮ ਸਿੰਘ ਤੇ ਸ੍ਰੀ ਜੀ. ਡੀ. ਕੁਮਾਰ ਵੀ ਪੋਰਟਲੈਂਡ ਵਾਲਿਆਂ ਨਾਲ ਸਹਿਮਤ ਹੋ ਗਏ ਤੇ ਫੈਸਲਾ ਹੋਇਆ ਕਿ ਇਕ ਇਨਕਲਾਬੀ ਸੁਸਾਇਟੀ ਕਾਇਮ ਕੀਤੀ ਜਾਵੇ, ਜਿਸਦਾ ਨਾਂ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ' ਰੱਖਿਆ ਜਾਵੇ। ਇਸਦਾ ਦਫਤਰ ਪੋਰਟਲੈਂਡ ਵਿਚ ਹੋਵੇ। ਪਾਰਟੀ ਦਾ ਇਕ ਅਖ਼ਬਾਰ ਹੋਵੇ ਜਿਸਦਾ ਨਾਂ 'ਹਿੰਦੁਸਤਾਨ' ਰੱਖਿਆ ਜਾਵੇ। ਇਕ ਅਖ਼ਬਾਰ ਉਰਦੂ ਵਿਚ ਕੱਢਿਆ ਜਾਵੇ। ਇਸ ਅਖ਼ਬਾਰ ਦਾ ਉਦੇਸ਼ ਹਿੰਦੁਸਤਾਨ ਨੂੰ ਆਜ਼ਾਦੀ ਦੇ ਹੱਕ ਵਿਚ ਗੁਲਾਮੀ ਦੇ ਵਿਰੁੱਧ ਇਨਕਲਾਬ ਲਈ ਤਿਆਰ ਕਰਨਾ ਮਿੱਥਿਆ ਗਿਆ। ਇਹ ਫੈਸਲੇ ਸਰਵ ਸੰਮਤੀ ਨਾਲ ਲਏ ਗਏ ਤੇ ਪਿੱਛੋਂ ਅਹੁਦੇਦਾਰਾਂ ਦੀ ਚੋਣ ਹੋਈ। ਸੋਹਣ ਸਿੰਘ ਭਕਨਾ ਪ੍ਰਧਾਨ, ਜੀ. ਡੀ. ਕੁਮਾਰ ਮੁੱਖ ਸਕੱਤਰ ਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਸਰਵ-ਸੰਮਤੀ ਨਾਲ ਚੁਣੇ ਗਏ।

ਇੰਤਜਾਮੀਆ ਕਮੇਟੀ ਵਿਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ 'ਕਸੇਲ' ਰਾਮ ਰੱਖਾ ਤੇ ਦੋ ਹੋਰ ਸਾਥੀ ਲਏ ਗਏ। ਕੁਝ ਹੋਰ ਮੈਂਬਰ ਵੀ ਭਰਤੀ ਹੋਏ। ਇਸ ਪਾਰਟੀ ਦੀਆਂ ਅਜੇ ਤਿੰਨ ਕੁ ਮੀਟਿੰਗਾਂ ਹੋਈਆਂ ਤੇ ਅਖ਼ਬਾਰ ਕੱਢਣ ਦੀ ਅਜੇ ਤਿਆਰੀ ਹੋ ਰਹੀ ਸੀ ਕਿ ਜੀ. ਡੀ. ਕੁਮਾਰ ਪੇਟ ਦੀ ਬਿਮਾਰੀ ਨਾਲ ਪੈ ਗਏ ਤੇ ਛੇਤੀ ਤੰਦਰੁਸਤ ਨਾ ਹੋ ਸਕੇ। ਇਹਨਾਂ ਦੀ ਬਿਮਾਰੀ ਦੌਰਾਨ ਹੀ ਮੈਂ ਤੇ ਭਾਈ ਊਧਮ ਸਿੰਘ ਕੁਝ ਦਿਨਾਂ ਲਈ ਅਸਟਰੀਆ ਮਿਲ (ਵਾਸ਼ਿੰਗਟਨ ਸਟੇਟ) ਵਿਚ ਕੰਮ ਕਰਨ ਚਲੇ ਗਏ ਤੇ ਕਈ ਦਿਨ ਉਥੇ ਰਹੇ। ਇਸ ਮਿੱਲ ਵਿਚ 120 ਹਿੰਦੀ ਕੰਮ ਕਰਦੇ ਸਨ। ਕਈ ਦਿਨਾਂ ਦੇ ਵਿਚਾਰ ਵਟਾਂਦਰੇ ਪਿੱਛੋਂ ਉਥੇ ਵੀ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ' ਦੀ ਸ਼ਾਖ ਦੇ ਪ੍ਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਮੁੱਖ ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖਜਾਨਚੀ ਮੁਨਸ਼ੀ ਰਾਮ ਮਿੱਥੇ ਗਏ। ਮੈਂਬਰ ਵੀ ਕਾਫੀ ਭਰਤੀ ਹੋਏ। ਉਹਨੀਂ ਦਿਨੀਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਵਾਲੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤੇ ਇੱਥੇ ਹੀ ਮਿੱਲ ਵਿਚ ਕੰਮ ਕਰਦਾ ਸੀ। (ਨੋਟ- ਰੁਲੀਆ ਸਿੰਘ ਗਦਰ ਪਾਰਟੀ ਦੇ ਸ਼ਹੀਦਾਂ ਵਿਚ ਜਾ ਮਿਲਿਆ ਜਦ ਉਸਨੇ ਅੰਡੇਮਾਨ ਜੇਲ੍ਹ ਵਿਚ ਆਪਣੀ ਜਾਨ ਦੇ ਦਿੱਤੀ।)

ਜੀ. ਡੀ. ਕੁਮਾਰ ਦੀ ਬਿਮਾਰੀ ਕਾਰਨ ਅਖ਼ਬਾਰ ਨਾ ਨਿਕਲ ਸਕਿਆ ਤੇ ਨਾ ਹੀ ਦਫਤਰ ਚੱਲ ਸਕਿਆ। ਕਿਉਂਕਿ ਅਸੀਂ ਸਾਰੇ ਅਜੇ ਤੱਕ ਆਪਣੇ ਆਪਣੇ ਕੰਮੀਂ ਲੱਗੇ ਹੋਏ ਸਾਂ। ਇਹਨੀਂ ਦਿਨੀਂ ਲਾਲਾ ਠਾਕਰਦਾਸ (ਧੂਰੀ) ਕੈਲੀਫੋਰਨੀਆ ਤੋਂ ਪੰਡਤ ਕਾਂਸ਼ੀ ਰਾਮ ਦੇ ਕਾਰਖ਼ਾਨੇ ਸੇਂਟ ਜੋਨ ਵਿਚ ਆ ਗਏ ਸਨ ਤੇ ਉਥੇ ਕੰਮ ਕਰਦੇ ਸਨ। ਉਹਨਾਂ ਸਲਾਹ ਦਿੱਤੀ ਕਿ ਅੱਜਕੱਲ੍ਹ ਲਾਲਾ ਹਰਦਿਆਲ ਸਾਨਫਰਾਂਸਿਸਕੋ ਵਿਚ ਹਨ ਤੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਤੋਂ ਸਿਵਾ ਉਹਨਾਂ ਕੋਲ ਇਹਨੀਂ ਦਿਨੀਂ ਹੋਰ ਕੋਈ ਕੰਮ ਨਹੀਂ, ਉਹਨਾਂ ਨੂੰ ਬੁਲਾਇਆ ਜਾਵੇ। ਉਮੀਦ ਹੈ ਕਿ ਉਹ ਆ ਜਾਣਗੇ ਤੇ ਦਫਤਰ ਸਮੇਤ ਅਖ਼ਬਾਰ ਉਹਨਾਂ ਦੇ ਹਵਾਲੇ ਕਰ ਦਿੱਤਾ ਜਾਵੇ। ਉਹ ਇਸ ਕੰਮ ਨੂੰ ਭਲੀ ਭਾਂਤ ਚਲਾ ਸਕਣਗੇ। ਪਾਰਟੀ ਦੀ ਮੀਟਿੰਗ ਸੱਦੀ ਗਈ। ਸਰਵ ਸੰਮਤੀ ਨਾਲ ਤਜਵੀਜ਼ ਪਾਸ ਹੋਈ। ਪੰਡਤ ਕਾਂਸ਼ੀ ਰਾਮ ਨੂੰ ਲਾਲਾ ਹਰਦਿਆਲ ਨਾਲ ਚਿੱਠੀ ਪੱਤਰ ਕਰਨ ਦਾ ਕੰਮ ਸੌਂਪਿਆ ਗਿਆ। ਲਾਲਾ ਹਰਦਿਆਲ ਨੇ ਜਵਾਬ ਵਿਚ ਲਿਖਿਆ ਕਿ ਉਹ ਦਸੰਬਰ ਦੇ ਆਖਰੀ ਹਫਤੇ ਵਿਚ ਆਉਣਗੇ। ਪਰ ਫਿਰ ਦੂਸਰੀ ਚਿੱਠੀ ਵਿਚ ਲਿਖ ਭੇਜਿਆ ਕਿ ਉਹ ਕਿਸੇ ਜ਼ਰੂਰੀ ਕੰਮ ਦੀ ਵਜ੍ਹਾ ਕਰਕੇ ਦਸੰਬਰ ਵਿਚ ਨਹੀਂ ਆ ਸਕਣਗੇ। ਹੋ ਸਕਦਾ ਹੈ ਕਿ ਮਾਰਚ 1913 ਵਿਚ ਆ ਸਕਣ।

ਸੈਂਟ ਜੋਨ ਵਿਚ ਮੀਟਿੰਗ:- ਮਾਰਚ 1913 ਦੇ ਦੂਜੇ ਹਫਤੇ ਉਹ ਭਾਈ ਪਰਮਾਨੰਦ ਦੇ ਨਾਲ ਆਏ। ਪੰਡਤ ਕਾਂਸ਼ੀ ਰਾਮ ਨੇ ਪੋਰਟਲੈਂਡ ਦੁਆਲੇ ਸਭ ਕਾਰਖ਼ਾਨਿਆਂ ਨੂੰ ਟੈਲੀਫੋਨ ਤੇ ਮੀਟਿੰਗ ਦੀ ਖਬਰ ਦੇ ਦਿੱਤੀ ਅਤੇ ਅਗਲੇ ਦਿਨ ਐਤਵਾਰ ਨੂੰ ਸੈਂਟ ਜੋਨ ਵਿਚ ਮੀਟਿੰਗ ਹੋਈ। (ਨੋਟ- ਅਮਰੀਕਾ ਵਿਚ ਭਾਈ ਪਰਮਾਨੰਦ ਦਵਾਈਆਂ ਦਾ ਕੋਰਸ ਕਰਨ ਲੱਗੇ ਸੀ, ਕੋਰਸ ਕਰ ਚੁੱਕੇ ਸਨ। ਹੁਣ ਉਹ ਇੰਗਲੈਂਡ ਰਾਹੀਂ ਹਿੰਦੁਸਤਾਨ ਆਉਣਾ ਚਾਹੁੰਦੇ ਸਨ, ਇਸ ਲਈ ਉਹ ਵੀ ਨਾਲ ਆ ਗਏ।)

ਸਭ ਤੋਂ ਪਹਿਲਾਂ ਪਰਮਾਨੰਦ (ਲਾਹੌਰ) ਨੂੰ ਵਕਤ ਦਿੱਤਾ ਗਿਆ। ਉਹਨਾਂ ਨੇ ਆਪਣੀ ਤਕਰੀਰ ਵਿਚ ਵਿਦਿਆਰਥੀਆਂ ਨੂੰ ਮੰਗਵਾਉਣ ਤੇ ਅਮਰੀਕਾ ਵਿਚ ਪੜ੍ਹਾ ਕੇ ਉਹਨਾਂ ਰਾਹੀਂ ਕੰਮ ਕਰਨ ਤੇ ਜ਼ੋਰ ਦਿੱਤਾ। ਇਸ ਤੇ ਦੂਸਰੇ ਸਾਥੀਆਂ ਨੇ ਵੀ ਆਪਣੇ ਵਿਚਾਰ ਦੱਸੇ ਤੇ ਭਾਈ ਪਰਮਾਨੰਦ ਦੀ ਸਲਾਹ ਨੂੰ ਇਸ ਲਈ ਰੱਦ ਕਰ ਦਿੱਤਾ ਗਿਆ ਕਿ ਕੀ ਯਕੀਨ ਹੋ ਸਕਦਾ ਹੈ ਕਿ ਇਹ ਵਿਦਿਆਰਥੀ ਸੱਚਮੁਚ ਹੀ ਦੇਸ਼ ਲਈ ਕੁਰਬਾਨੀ ਕਰਨਗੇ।

ਸਭ ਤੋਂ ਪਿੱਛੋਂ ਲਾਲਾ ਹਰਦਿਆਲ ਨੂੰ ਵਕਤ ਦਿੱਤਾ ਗਿਆ। ਉਹ ਸਾਰੀਆਂ ਦਲੀਲਾਂ ਨੂੰ ਸਾਹਮਣੇ ਰੱਖਦੇ ਹੋਏੈ ਭਾਈ ਪਰਮਾਨੰਦ ਦੀ ਬਜਾਏ ਸਾਡੇ ਨਾਲ ਸਹਿਮਤ ਹੋਏ। ਇਹ ਠੀਕ ਹੈ ਕਿ ਲਾਲਾ ਹਰਦਿਆਲ ਉਪਰ ਕਿਸੇ ਹੱਦ ਤੱਕ ਭਾਈ ਪਰਮਾਨੰਦ ਦਾ ਪ੍ਰਭਾਵ ਸੀ ਪਰ ਉਹਨਾਂ ਦੀ ਬੁੱਧੀ ਬਹੁਤ ਤੇਜ਼ ਸੀ। ਸੋ ਜਦ ਉਹਨਾਂ ਸਾਰਿਆਂ ਦੇ ਵਿਚਾਰ ਸੁਣੇ ਤਾਂ ਸਾਡੇ ਨਾਲ ਸਹਿਮਤ ਹੋ ਗਏ। (ਨੋਟ- 1. ਨਾਵਾਕਫੀ ਕਰਕੇ ਜਾਂ ਹੋਰ ਕਾਰਨਾਂ ਕਰਕੇ ਕਈ ਲੋਕ ਇਹ ਕਹਿੰਦੇ ਹਨ ਕਿ ਲਾਲਾ ਹੀ ਗਦਰ ਪਾਰਟੀ ਦੇ ਬਾਨੀ ਸਨ। ਉਹਨਾਂ ਨੂੰ ਇਤਿਹਾਸ ਗਹੁ ਨਾਲ ਪੜ੍ਹਨਾ ਚਾਹੀਦਾ ਹੈ। 2. ਬਾਅਦ ਵਿਚ ਦੇਸ਼ ਭਗਤਾਂ ਦੀ ਦਲੀਲ ਠੀਕ ਸਿੱਧ ਹੋਈ। ਜਵਾਲਾ ਸਿੰਘ ਜੀ ਨੇ ਜਿੰਨੇ ਵਿਦਿਆਰਥੀ ਆਪਣੇ ਵਜੀਫਿਆਂ ਤੇ ਮੰਗਾਏ ਸਨ, ਉਹਨਾਂ ਵਿਚੋਂ ਇਕ ਵੀ ਦੇਸ਼ ਲਈ ਕੁਰਬਾਨੀ ਕਰਨ ਵਾਲਾ ਨਾ ਨਿਕਲਿਆ।)

ਹੇਠ ਲਿਖੇ ਫੈਸਲੇ ਸਰਬ-ਸੰਮਤੀ ਨਾਲ ਲਏ ਗਏ:-

(1) ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਦੇ ਨਾਂ ਵਿਚ ਥੋੜ੍ਹੀ ਤਬਦੀਲੀ ਕਰਕੇ ਨਵਾਂ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਰੱਖਿਆ ਗਿਆ।

(2) ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਤੇ ਆਜ਼ਾਦੀ ਪਿੱਛੋਂ ਆਜ਼ਾਦੀ ਤੇ ਬਰਾਬਰੀ ਦੇ ਆਧਾਰ ਤੇ ਲੋਕ ਰਾਜ ਸਥਾਪਤ ਕਰਨਾ ਹੋਵੇਗਾ।

(3) ਪਾਰਟੀ ਦਾ ਇਕ ਹਫਤਾਵਾਰ ਅਖ਼ਬਾਰ ਹਿੰਦੀ ਜ਼ਬਾਨਾਂ ਵਿਚ ਨਿਕਲੇਗਾ ਜਿਸ ਦਾ ਨਾਂ 1857 ਦੀ ਯਾਦ ਵਿਚ 'ਗਦਰ' ਅਖ਼ਬਾਰ ਹੋਵੇਗਾ।

(4) ਪਾਰਟੀ ਦਾ ਦਫਤਰ ਸਾਨਫਰਾਂਸਿਸਕੋ (ਕੈਲੀਫੋਰਨੀਆ) ਵਿਚ ਹੋਵੇਗਾ।

(5) ਜਥੇਬੰਦੀ ਦੀ ਚੋਣ ਹਰ ਸਾਲ ਹੋਇਆ ਕਰੇਗੀ।

(6) ਹਰ ਇਕ ਕਾਰਖਾਨੇ ਜਾਂ ਖੇਤਾਂ ਵਿਚ ਕੰਮ ਕਰਨ ਵਾਲੀਆਂ ਹਿੰਦੀ ਮਜ਼ਦੂਰਾਂ ਦੀ ਹਰ ਟੋਲੀ ਵਿਚ ਇਕ ਸਥਾਨਕ ਕਮੇਟੀ ਹੋਵੇਗੀ ਜੋ ਸਿੱਧੀ ਇੰਤਜਾਮੀਆ ਕਮੇਟੀ ਨਾਲ ਸਬੰਧਤ ਹੋਵੇਗੀ।

(7) ਸਥਾਨਕ ਕਮੇਟੀਆਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਇਕ ਕੇਂਦਰੀ ਕਮੇਟੀ ਹੋਵੇਗੀ ਜੋ ਦਫਤਰ, ਅਖ਼ਬਾਰ ਤੇ ਦੂਸਰੇ ਖੁੱਲ੍ਹੇ ਕੰਮਾਂ ਨੂੰ ਚਲਾਵੇਗੀ।

(8) ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨ ਮੈਂਬਰਾਂ ਦਾ ਇਕ ਕਮਿਸ਼ਨ ਚੁਣੇਗੀ, ਜਿਸ ਦੇ ਹੱਥਾਂ ਵਿਚ ਪਾਰਟੀ ਦਾ ਖੁਫੀਆ ਕੰਮ ਤੇ ਹੋਰ ਖੁਫੀਆ ਜ਼ਿੰਮੇਵਾਰੀਆਂ ਹੋਣਗੀਆਂ।

(9) ਹਰ ਮੈਂਬਰ ਘੱਟੋ-ਘੱਟ ਇਕ ਡਾਲਰ ਮਹੀਨਾ ਚੰਦਾ ਦਿਆ ਕਰੇਗਾ।

(10) ਪਾਰਟੀ ਦੇ ਹਰ ਸਿਪਾਹੀ ਦਾ ਇਹ ਫਰਜ਼ ਹੋਵੇਗਾ ਕਿ ਉਹ ਚਾਹੇ ਦੁਨੀਆਂ ਦੇ ਕਿਸੇ ਕੋਨੇ ਵਿਚ ਹੋਵੇ, ਜੇ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਹੋਵੇ ਤਾਂ ਗੁਲਾਮੀ ਦੇ ਵਿਰੁੱਧ ਤੇ ਆਜ਼ਾਦੀ ਦੇ ਹੱਕ ਵਿਚ ਹਿੱਸਾ ਲਵੇ।

(11) ਪਾਰਟੀ ਦੇ ਦਫਤਰ, ਪ੍ਰੈਸ, ਅਖ਼ਬਾਰ ਜਾਂ ਪਿੰਡ ਵਿਚ ਕੰਮ ਕਰਨ ਵਾਲੇ ਕਿਸੇ ਮੈਂਬਰ ਨੂੰ ਤਨਖਾਹ ਨਹੀਂ ਮਿਲੇਗੀ। ਬਰਾਬਰੀ ਦੇ ਆਧਾਰ ਤੇ ਰੋਟੀ ਕੱਪੜਾ ਪਾਰਟੀ ਦੇ ਸਾਂਝੇ ਲੰਗਰ ਤੇ ਸਟੋਰ ਤੋਂ ਮਿਲੇਗਾ।

(12) ਅਖ਼ਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ। ਅਖ਼ਬਾਰ ਮੁਫਤ ਵੰਡਿਆ ਜਾਵੇਗਾ।

ਇਸ ਤੋਂ ਪਿੱਛੋਂ ਹੇਠ ਲਿਖੀ ਚੋਣ ਸਰਵ-ਸੰਮਤੀ ਨਾਲ ਹੋਈ:-

ਪ੍ਰਧਾਨ- ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ- ਭਾਈ ਕੇਸਰ ਸਿੰਘ ਠਠਗੜ੍ਹ
ਜਨਰਲ ਸਕੱਤਰ- ਲਾਲਾ ਹਰਦਿਆਲ
ਜੁਆਇੰਟ ਸਕੱਤਰ- ਠਾਕਰ ਦਾਸ
ਖਜਾਨਚੀ- ਪੰਡਤ ਕਾਂਸ਼ੀ ਰਾਮ
ਇੰਤਜ਼ਾਮੀਆ ਕਮੇਟੀ ਦੇ ਮੈਂਬਰ



1. ਭਾਈ ਕੇਸਰ ਸਿੰਘ, 2. ਮੁਨਸ਼ੀ ਕਰੀਮ ਬਖ਼ਸ਼ (ਆਸਟੋਰੀਆ ਮਿੱਲ), 3. ਮੁਨਸ਼ੀ ਰਾਮ, 4. ਊਧਮ ਸਿੰਘ ਕਸੇਲ, 5. ਈਸ਼ਰ ਸਿੰਘ ਮਰਹਾਣਾ (ਮਨਾਰਕ ਮਿੱਲ ਤੋਂ), 6. ਸੋਹਣ ਸਿੰਘ ਭਕਨਾ, 7. ਹਰਨਾਮ ਸਿੰਘ ਟੁੰਡੀਲਾਟ, 8. ਅਮਰ ਸਿੰਘ ਕੋਟਲਾ ਨੌਧ ਸਿੰਘ (ਬੈਰਡਵਿਲ ਤੋਂ), 9. ਪੰਡਤ ਕਾਂਸ਼ੀ ਰਾਮ, 10. ਰਾਮ ਰੱਖਾ (ਸੇਂਟ ਜੋਨ ਤੋਂ), 11. ਠਾਕਰ ਦਾਸ, 12. ਕਿਬਨ ਸਿੰਘ (ਵਿਆਨਾ ਮਿੱਲ ਤੋਂ), 13. ਇਕ ਮੈਂਬਰ (ਲਿੰਕਨ ਤੋਂ), 14. ਅਮਰ ਸਿੰਘ (ਪੋਰਟਲੈਂਡ ਤੋਂ)

(ਨੋਟ- ਅਮਰ ਸਿੰਘ ਪੋਰਟਲੈਂਡ ਵਾਲਾ ਪਿੱਛੋਂ ਮੁਖਬਰ ਬਣ ਗਿਆ ਤੇ ਸਰਕਾਰੀ ਗਵਾਹ ਬਣ ਗਿਆ।)

ਇੰਤਜ਼ਾਮੀਆ ਕਮੇਟੀ ਤੇ ਅਹੁਦੇਦਾਰਾਂ ਦੀ ਚੋਣ ਪਿੱਛੋਂ ਫੈਸਲਾ ਹੋਇਆ ਕਿ ਖੁਫੀਆ ਕੰਮ ਲਈ ਤਿੰਨ ਮੈਂਬਰਾਂ ਦਾ ਇਕ ਖੁਫੀਆ ਕਮਿਸ਼ਨ ਬਣਾਇਆ ਜਾਵੇ ਜਿਸ ਦੇ ਹੱਥਾਂ ਵਿਚ ਪਾਰਟੀ ਦੇ ਖੁਫੀਆ ਕੰਮਾਂ ਦੀ ਜ਼ਿੰਮੇਵਾਰੀ ਹੋਵੇ। ਕਮਿਸ਼ਨ ਦੇ ਮੈਂਬਰ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਪੰਡਤ ਕਾਂਸ਼ੀ ਰਾਮ ਚੁਣੇ ਗਏ।

ਇਹ ਗਦਰ ਪਾਰਟੀ ਸਹੀ ਅਰਥਾਂ ਵਿਚ ਲੋਕਤੰਤਰ ਦੇ ਅਸੂਲਾਂ ਤੇ ਬਣੀ ਹੋਈ ਪਾਰਟੀ ਸੀ, ਜਿਸ ਵਿਚ ਸਥਾਨਕ ਕਮੇਟੀਆਂ ਨੂੰ ਪੂਰੀ ਪ੍ਰਤੀਨਿਧਤਾ ਮਿਲਦੀ ਸੀ। ਮੇਰਾ ਅਟੱਲ ਵਿਸ਼ਵਾਸ ਹੈ ਕਿ ਅਸਲੀ ਇਨਕਲਾਬੀ ਪਾਰਟੀਆਂ ਵਿਚ ਅਹੁਦੇਦਾਰਾਂ ਦੀ ਚੋਣ ਗੁਣ ਕਰਮ ਦੇ ਹਿਸਾਬ ਨਾਲ ਅਤੇ ਕੁਰਬਾਨੀ ਦੀ ਭਾਵਨਾ ਦੇ ਆਧਾਰ ਤੇ ਹੁੰਦੀ ਹੈ।

ਅਸਲ ਵਿਚ ਮੋਟੇ-ਮੋਟੇ ਇਨਕਲਾਬੀ ਨਿਯਮ ਤਾਂ ਹਿੰਦੁਸਤਾਨ ਐਸੋਸੀਏਸ਼ਨ ਦੇ ਬਣਦਿਆਂ ਹੀ ਸਾਹਮਣੇ ਆ ਚੁੱਕੇ ਸਨ ਜਿਵੇਂ ਹਥਿਆਰਬੰਦ ਇਨਕਲਾਬ, ਆਜ਼ਾਦੀ ਤੇ ਬਰਾਬਰੀ ਦੇ ਆਧਾਰ ਤੇ ਕੌਮੀ ਜਮਹੂਰੀਅਤ ਵਗੈਰਾ, ਪਰ ਸੇਂਟ ਜੋਨ ਦੀ ਪਹਿਲੀ ਮੀਟਿੰਗ ਵਿਚ ਪਾਰਟੀ ਦਾ ਨਾਂ ਬਦਲ ਚੁੱਕਿਆ ਸੀ। (ਹੁਣ ਹਿੰਦੀ ਐਸੋਸੀਏਸ਼ਨ ਸੀ) ਨਾਲੇ ਹੈਡਕੁਆਰਟਰ ਤੇ ਅਖ਼ਬਾਰ ਦਾ ਨਾਂ ਵੀ ਬਦਲ ਚੁੱਕਿਆ ਸੀ।

ਇਸ ਲਈ ਇਸ ਮੀਟਿੰਗ ਦੀ ਕਾਰਵਾਈ ਨੂੰ ਅਜੇ ਕੱਚਾ ਸਮਝਿਆ ਗਿਆ ਤੇ ਫੈਸਲਾ ਹੋਇਆ ਕਿ ਓਰੇਗਨ ਤੇ ਵਾਸ਼ਿੰਗਟਨ ਸਟੇਟ ਦੇ ਸਾਰੇ ਕਾਰਖ਼ਾਨਿਆਂ ਵਿਚ ਕਾਨਫਰੰਸਾਂ ਕੀਤੀਆਂ ਜਾਣ। ਇਸ ਖਰੜੇ ਦੇ ਵਾਧੇ-ਘਾਟੇ ਜਾਂਚ ਕੇ ਪੂਰੀ ਮਨਜ਼ੂਰੀ ਲੈ ਲਈ ਜਾਵੇ।

ਇਸ ਫੈਸਲੇ ਅਨੁਸਾਰ ਸਾਰੇ ਕਾਰਖ਼ਾਨਿਆਂ ਵਿਚ ਕਾਨਫਰੰਸਾਂ ਕੀਤੀਆਂ ਗਈਆਂ ਤੇ ਮੈਂਬਰ ਭਰਤੀ ਕੀਤੇ ਗਏ। ਅਖੀਰੀ ਕਾਨਫਰੰਸ 21 ਅਪ੍ਰੈਲ 1913 ਨੂੰ ਲੱਕੜੀ ਦੇ ਕਾਰਖਾਨੇ ਅਸਟੋਰੀਆ ਮਿੱਲ ਵਿਚ ਹੋਈ, ਜਿਸ ਵਿਚ ਸਾਰੇ ਕਾਰਖ਼ਾਨਿਆਂ ਦੇ ਨੁਮਾਇੰਦੇ ਹਾਜ਼ਰ ਸਨ।

ਵਿਚਾਰ ਵਟਾਂਦਰੇ ਪਿੱਛੋਂ ਸੈਂਟ ਜੋਨ ਵਾਲੇ ਨਿਰਣਿਆਂ ਨੂੰ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ। ਅਖ਼ਬਾਰ ਤੇ ਦਫਤਰ ਚਲਾਉਣ ਲਈ ਮੈਂਬਰਾਂ ਨੇ ਦਿਲ ਖੋਲ੍ਹ ਕੇ ਚੰਦੇ ਦਿੱਤੇ। ਦਸ ਹਜ਼ਾਰ ਡਾਲਰ ਨਕਦ ਤੇ ਇਕ ਜ਼ਮੀਨ ਦਾ ਕੀਮਤੀ ਟੁਕੜਾ ਪੰਡਤ ਕਾਂਸ਼ੀ ਰਾਮ ਨੇ ਦਿੱਤਾ।

(ਚਲਦਾ)

# ਗੁਰੂ ਵਾਲੇ

ਮਾਲਕ ਦੀ ਉਮਰ ਕੀ ਆ।''

''ਜੀ, ਉਹ ਅਜੇ ਜੰਮਿਆ ਈ ਨੀ।''

''ਸਹੁਰੇ ਦੀ ਉਮਰ ?''

''ਜੀ ਉਹ ਵੀ ਨੀ ਜੰਮਿਆ।''

''ਸੱਸ ਦੀ ਉਮਰ ਕੀ ਆ?''

''ਜੀ, ਚਾਲੀ ਸਾਲ।''

ਸੰਤਾਂ ਨੇ ਸੋਚਿਆ, ਇਹਦਾ ਦਿਮਾਗ ਫਿਰ ਗਿਆ ਲਗਦਾ। ਚਲੋ ਕੀ ਮੱਥਾ ਲਾਉਣਾ ਇਸ ਨਾਲ। ਸੋ ਸੰਤ ਚਲਦੇ ਬਣੇ।

ਸਾਰਾ ਟੱਬਰ ਨੂੰਹ ਦੀਆਂ ਗੱਲਾਂ ਸੁਣ ਕੇ ਬੜਾ ਖਫ਼ਾ ਹੋਇਆ। ਉਹ ਸੋਚਦੇ ਇਸ ਨੂੰਹ ਨੇ ਸਾਡੇ ਇਕ ਦਿਨ ਜ਼ਰੂਰ ਜੁੱਤੀਆਂ ਲਗਾਉਣੀਆਂ। ਚਲੋ ਹੁਣ ਤਾਂ ਸੰਤ ਸੀ, ਬਚਾ ਹੋ ਗਿਆ। ਜੇ ਕੋਈ ਹੋਰ ਹੁੰਦਾ, ਫੇਰ। ਸਾਰੇ ਈ ਗਾ਼ਲਾਂ ਬਾ਼ਲਾਂ ਤੇ ਉੱਤਰ ਆਏ। ਏਨੇ ਨੂੰ ਸਹੁਰਾ ਕਹਿਣ ਲੱਗਿਆ, ''ਚੱਲ ਨੀ ਬਦਜਾਤੇ।

ਤੈਨੂੰ ਤੇਰੇ ਜਣਦਿਆਂ ਕੋਲ ਛੱਡ ਆਵਾਂ। ਤੇਰਾ ਸਾਡਾ ਕੋਈ ਮੇਲ ਨੀ। ਚੱਕ ਲੈ ਆਪਣਾ ਬੋਰੀ ਬਿਸਤਰਾ।'' ਨੂੰਹ ਬੇਚਾਰੀ ਚੁੱਪ ਚਾਪ ਆਪਣਾ ਮਾੜਾ ਮੋਟਾ ਸਾਮਾਨ ਲੈ ਕੇ ਸਹੁਰੇ ਨਾਲ ਹੋ ਤੁਰੀ। ਸਹੁਰਾ ਸੋਚਦਾ ਜਾਂਦਾ ਕਿ ਮੈਂ ਇਹਦੇ ਪਿੰਡ ਨੀ ਬੜਨਾ। ਬਸੀਮੇ ਤੇ ਛੱਡ ਈ ਮੁੜ ਆਉਣੈ। ਦੋਵੇਂ ਤੁਰੇ ਜਾਂਦੇ। ਰਸਤੇ ਵਿਚ ਇਕ ਜ਼ਨਾਨੀ ਮਹਿੰ ਚੋ ਰਹੀ ਏ। ਕੋਲੋਂ ਲੰਘਣ ਲੱਗਿਆਂ ਨੂੰਹ ਜ਼ਨਾਨੀ ਨੂੰ ਸਵਾਲ ਕਰਦੀ, ''ਭੈਣੇ, ਮੱਝ ਚੋ ਰਹੀ ਏ ਕਿ ਝੋਟਾ।''

ਜਨਾਨੀ ਉੱਤਰ ਦਿੰਦੀ, ''ਹਾਂ, ਭੈਣ ਮੱਝ ਚੋ ਰਹੀ ਆਂ। ਸਾਡੇ ਲਈ ਤਾਂ ਇਹੋ ਮੱਝ ਆ। ਦੁੱਧ ਜਿਉਂ ਦਿੰਦੀ ਆ। ਬਾਕੀ ਦੂਜਿਆਂ ਦੀਆਂ ਤਾਂ ਸਾਡੇ ਲਈ ਝੋਟੇ ਈ ਆ। ਆ ਜਾਓ, ਬੈਠ ਜਾਓ ਛਾਂਵੇਂ। ਮੈਂ ਤੁਹਾਡੇ ਲਈ ਕੁਝ ਖਾਣ ਲਈ ਲਿਆਉਨੀ ਆਂ।''

ਥੋੜ੍ਹੀ ਦੇਰ ਬਾਅਦ ਜ਼ਨਾਨੀ ਦੋਹਾਂ ਲਈ ਘਿਓ ਸ਼ੱਕਰ ਰਲਾ ਲਿਆਈ. ਇਹ ਦੇਖਕੇ ਸਹੁਰਾ ਬੜਾ ਹੈਰਾਨ ਹੁੰਦਾ ਕਿ ਨੂੰਹ ਦੀਆਂ ਗੱਲਾਂ ਤਾਂ ਸਮਝ ਵਾਲੀਆਂ ਲੱਗਦੀਆਂ। ਤਾਈਓਂ ਇਹਦੀ ਇਕ ਗੱਲ ਬਦਲੇ ਇੰਨੀ ਸੇਵਾ ਹੋਈ। ਘਿਓ ਸ਼ੱਕਰ ਖਾ ਕੇ ਦੋਵੇਂ ਉਥੋਂ ਤੁਰ ਪਏ।

ਰਸਤੇ ਵਿਚ ਸਹੁਰਾ ਨੂੰਹ ਨੂੰ ਪੁੱਛਦਾ ਕਿ ਉਸ ਦਿਨ ਸੰਤਾਂ ਨੂੰ ਤੂੰ ਖੈਰ ਤੋਂ ਜਵਾਬ ਕਿਉਂ ਦਿੱਤਾ। ''ਮੈਂ ਕੀ ਕਰਦੀ। ਭਾਂਡਾ ਭਰ ਕੇ ਆਟਾ ਪਾ ਦਿੰਦੀ ਤਾਂ ਘਰ ਲੁਟਾਊ ਕਹਾਉਣਾ ਸੀ, ਮੁੱਠ ਭਰ ਕੇ ਪਾ ਦਿੰਦੀ ਤਾਂ ਸੂਮਾਂ ਦੀ ਧੀ।''

ਗੱਲ ਸਹੁਰੇ ਦੇ ਮਨ ਨੂੰ ਲੱਗ ਗਈ। ਉਹ ਫਿਰ ਬੋਲ ਪਿਆ, ''ਅੱਛਾ, ਤੈਂ ਸਾਰੇ ਜੀਆਂ ਦੀ ਉਮਰ ਦੱਸ ਕੇ ਘਰ 'ਚ ਨਵਾਂ ਪੁਆੜਾ ਪਾ ਦਿੱਤਾ। ਇਹ ਵੀ ਦੱਸ ਇਸ ਗੱਲ 'ਚ ਕੀ ਰਾਜ ਸੀ।''

''ਤੁਹਾਡਾ ਗੁਰੂ ਕੌਣ ਸੀ?''

''ਮੈਂ ਤਾਂ ਗੁਰੂ ਧਾਰਨ ਈ ਨੀ ਕੀਤਾ।''

''ਤੁਹਾਡੇ ਪੁੱਤਰ ਦਾ ਗੁਰੂ ਕੌਣ ਆਂ।''

''ਜਦ ਮੇਰਾ ਕੋਈ ਗੁਰੂ ਨਹੀਂ, ਤਾਂ ਉਹਦਾ ਕਿਹੜਾ ਹੋਊ।''

''ਜਿਹਦਾ ਕੋਈ ਗੁਰੂ ਈ ਨਹੀਂ ਉਹ ਤਾਂ ਸਮਝ ਲਓ ਜੱਗ ਤੇ ਜੰਮਿਆ ਈ ਨਹੀਂ।'' ''ਫਿਰ ਤੁਹਾਡੀ ਉਮਰ ਕੇਰੀ ਹੋਈ।'' ਨੂੰਹ ਨੇ ਬੜੇ ਠਰ੍ਹੰਮੇ ਨਾਲ ਕਿਹਾ।

''ਫਿਰ ਤੇਰੀ ਸੱਸ ਦੀ ਉਮਰ ਚਾ਼ਲੀ ਸਾਲ ਕਿੱਦਾਂ ਹੋਈ।''

''ਉਹਨੇ ਗੁਰੂ ਧਾਰਨਾ ਕੀਤੀ ਆ। ਚਲੋ ਕੀਤੀ ਥੋੜ੍ਹੀ ਦੇਰੀ ਨਾਲ ਈ ਸਹੀ। ਪਰ ਕੀਤੀ ਜਰੂਰ ਆ।''

ਇਸ ਕਰਕੇ ਹਿਸਾਬ ਕਿਤਾਬ ਲਾਇਆਂ ਉਸਦੀ ਉਮਰ ਚਾ਼ਲੀ ਸਾਲ ਬਣੀ। ਸਹੁਰਾ ਕਹਿੰਦਾ, ''ਇਹ ਵੀ ਦੱਸ ਤੂੰ ਇਕ ਮਹੀਨੇ ਦੀ ਕਿਸ ਤਰ੍ਹਾਂ ਹੋਈ।''

''ਮੈਂ ਪੇਕੇ ਘਰੇ ਗੁਰੂ ਵਾਲੀ ਸੀ। ਇੱਥੇ ਤੁਹਾਡੇ ਬੇਗੁਰਿਆਂ ਦੇ ਆ ਕੇ ਮੇਰੀ ਪਹਿਲੀ ਕੀਤੀ ਕਮਾਈ ਵੀ ਖੂਹ ਖਾਤੇ ਪੈ ਗਈ। ਹੁਣ ਤਾਂ ਉਸ ਕੀਤੀ ਕਮਾਈ 'ਚੋਂ ਵੀ ਮਸਾਂ ਮੇਰੀ ਉਮਰ ਇਕ ਮਹੀਨਾ ਬਣਦੀ।'' ਨੂੰਹ ਨੇ ਖਪ ਖਪਾ ਕੇ ਕਿਹਾ।

ਸਹੁਰੇ ਨੂੰ ਨੂੰਹ ਦੀਆਂ ਗੱਲਾਂ ਸੱਚੀਆਂ ਲੱਗੀਆਂ। ਉਹ ਨੂੰਹ ਨੂੰ ਲੈ ਕੇ ਵਾਪਸ ਪਿੰਡ ਵੱਲ ਮੁੜ ਪਿਆ। ਰਸਤੇ ਵਿਚ ਜਾਂਦਿਆਂ ਸਹੁਰਾ ਗੁਰੂ ਧਾਰਨ ਕਰਨ ਬਾਰੇ ਸੋਚ ਰਿਹਾ ਸੀ।

# ਅੰਮ੍ਰਿਤਾ ਪ੍ਰੀਤਮ ਨਾਲ ਸਾਢੇ ਚਾਰ ਦਿਹਾੜੇ

ਤੋਂ ਜਾਣਦੇ ਨੇ। ਮੈਨੂੰ ਤਾਂ ਸਾਰਾ ਈ ਚਾਹੀਦਾ ਏ।' ਦੂਜੀ ਗੱਲ ਇੱਕ ਹੁਕਮ ਵਰਗੀ ਸੀ ਤੇ ਮੇਰੇ ਦਿਲ ਦੀ ਸੀ। 'ਤੂੰ ਇਨ੍ਹਾਂ ਲਿਖਤਾਂ ਨੂੰ ਪੰਜਾਬੀ ਵਿਚ ਕਰ।'

ਜਿਸ ਦਿਨ ਆਉਣਾ ਸੀ, ਸਵੇਰੇ ਸਵੇਰੇ ਮੇਰੀ ਰੁਖ਼ਸਤੀ ਦੀ ਤਿਆਰੀ ਕਰ ਲਈ ਹੋਈ ਸੀ। ਮੇਰੇ ਤੋਹਫ਼ੇ ਤਿਆਰ ਪਏ ਸੀ। ਕਿਤਾਬ ਨਜ਼ਮਾਂ ਦਾ ਅੰਗਰੇਜ਼ੀ ਤਰਜਮਾ ਮੇਰੀ ਫਰਮਾਇਸ਼ ਸੀ ਉਹ ਤਾਂ ਸ਼ਾਇਰਾ ਅੰਮ੍ਰਿਤਾ ਵਲੋਂ ਮਿਲੀ। ਪਰ ਸੂਟ ਦਾ ਕੱਪੜਾ, ਦੀਦੀ ਅੰਮ੍ਰਿਤਾ ਨੇ ਦਿੱਤਾ। 'ਇਹ ਤੂੰ ਪਾ ਲਵੀਂ ਸੂਫੀਆਨਾ ਜਿਹਾ ਏ।' ਪਰ ਇਕ ਤੀਜੀ ਸ਼ੈਅ ਵੀ ਹੈ ਸੀ ਬੜੇ ਸੋਹਣੇ ਜਿਹੇ ਡੱਬੇ ਵਿਚ ਰੱਖੀ ਹੋਈ ਮੈਗਨਿਟ ਦੀ ਪੱਟੀ। ਕਹਿ ਜੁ ਦਿੱਤਾ ਸੀ ਮੇਰੇ ਮੋਢੇ ਵਿਚ ਕਦੇ-ਕਦੇ ਦਰਦ ਹੁੰਦਾ ਏ। 'ਤੂੰ ਇਹ ਰੱਖ ਲੈ। ਮੈਂ ਡਾਕਟਰ ਕੋਲੋਂ ਹੋਰ ਮੰਗਵਾ ਲਵਾਂਗੀ।' ਮੇਰੀਆਂ ਅੱਖਾਂ ਵਿਚ ਗਰਮ-ਗਰਮ ਅੱਥਰੂ ਆ ਗਏ। ਐਡਾ ਖਲੂਸ, ਐਡੀ ਅੱਪਣਤ, ਖ਼ਬਰੇ ਕਿਹੜੇ ਜਨਮ ਦਾ ਰਿਸ਼ਤਾ। (ਧੰਨਵਾਦ ਸਹਿਤ "ਚਿਰਾਗ")

ਲਿਪੀਅੰਤਰ - ਪਾਲ ਸਿੰਘ ਵੱਲਾ, ਫੋਨ- 95011-38583

# ਫ਼ਖ਼ਰ-ਏ-ਕੌਮ ਸਿਰਦਾਰ ਕਪੂਰ ਸਿੰਘ



ਸਿਰਦਾਰ ਕਪੂਰ ਸਿੰਘ ਸਿੱਖ ਕੌਮ ਦੇ ਮਹਾਨ ਵਿਦਵਾਨ ਤੇ ਚਿੰਤਕ ਹੋਏ ਹਨ। ਉਹ ਫ਼ਾਰਸੀ, ਉਰਦੂ, ਸੰਸਕ੍ਰਿਤ, ਅੰਗਰੇਜ਼ੀ ਅਤੇ ਪੰਜਾਬੀ ਦੇ ਚੋਟੀ ਦੇ ਸਿਆਸਤਦਾਨ ਸਨ। ਉਹ ਸਿੱਖ ਦਰਸ਼ਨ, ਚਿੰਤਨ ਤੇ ਇਤਿਹਾਸ ਪ੍ਰਤੀ ਅਥਾਹ ਰੁਚੀ ਰੱਖਦੇ ਸਨ। ਭਾਵੇਂ ਸਿਰਦਾਰ ਸਾਹਿਬ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ, ਜ਼ਿਲ੍ਹਾ ਲੁਧਿਆਣਾ ਸੀ ਪਰ ਜ਼ਮੀਨ ਜਾਇਦਾਦ ਦੇ ਸਬੰਧ ਵਿੱਚ ਉਨ੍ਹਾਂ ਦਾ ਪਰਿਵਾਰ ਚੱਕ ਨੰਬਰ 531 ਲਾਇਲਪੁਰ ਵਿੱਚ ਟਿਕਿਆ ਹੋਇਆ ਸੀ। ਇਸੇ ਪਿੰਡ ਵਿੱਚ 2 ਮਾਰਚ, 1909 ਨੂੰ ਉਨ੍ਹਾਂ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿਤਾ ਦੀਦਾਰ ਸਿੰਘ ਦੇ ਘਰ ਹੋਇਆ। ਉਨ੍ਹਾਂ ਨੇ ਮੁੱਢਲੀ ਤੋਂ ਪ੍ਰਾਇਮਰੀ ਤਕ ਦੀ ਵਿੱਦਿਆ ਆਪਣੇ ਪਿੰਡ ਵਿੱਚੋਂ ਹੀ ਪ੍ਰਾਪਤ ਕੀਤੀ।

ਨੌਵੀਂ ਤੇ ਦਸਵੀਂ ਜਮਾਤ ਦੀ ਪੜ੍ਹਾਈ ਲਈ ਉਨ੍ਹਾਂ ਨੇ ਖ਼ਾਲਸਾ ਹਾਈ ਸਕੂਲ, ਲਾਇਲਪੁਰ ਵਿੱਚ ਦਾਖ਼ਲਾ ਲੈ ਲਿਆ। ਇਸ ਸਕੂਲ ਦੇ ਹੈੱਡਮਾਸਟਰ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਨ। ਦਸਵੀਂ ਦੀ ਪ੍ਰੀਖਿਆ ਵਿੱਚ ਸਿਰਦਾਰ ਕਪੂਰ ਸਿੰਘ ਪੰਜਾਬ ਭਰ ਵਿੱਚੋਂ ਅੱਵਲ ਆਏ। ਇਸ ਸਫ਼ਲਤਾ ਸਦਕਾ ਉਹ ਮਾਸਟਰ ਤਾਰਾ ਸਿੰਘ ਜੀ ਦੀ ਅੱਖ ਦਾ ਤਾਰਾ ਬਣ ਗਏ। ਮਾਸਟਰ ਜੀ ਨਾਲ ਉਨ੍ਹਾਂ ਦੀ ਨੇੜਤਾ ਤੇ ਪਿਆਰ-ਮੁਹੱਬਤ ਦਾ ਆਲਮ ਇਥੋਂ ਹੀ ਸ਼ੁਰੂ ਹੋਇਆ। ਬਾਲ ਕਪੂਰ ਸਿੰਘ ਮਿਹਨਤੀ ਵਿਦਿਆਰਥੀ ਸੀ। ਮਗਰੋਂ ਉੱਚ ਪੜ੍ਹਾਈ ਲਈ ਉਨ੍ਹਾਂ ਨੇ ਗੌਰਮਿੰਟ ਕਾਲਜ, ਲਾਹੌਰ ਵਿੱਚ ਦਾਖ਼ਲਾ ਲੈ ਲਿਆ। ਵਿਦਿਆਰਥੀ ਜੀਵਨ ਵਿੱਚ ਵੀ ਉਹ ਸਿੱਖੀ ਵਿੱਚ ਪ੍ਰਪੱਕ ਤੇ ਪੂਰੇ ਨਿੱਤਨੇਮੀ ਸਨ। ਘਰੋਂ ਮਾਇਕ ਤੌਰ 'ਤੇ ਹੱਥ ਤੰਗ ਹੋਣ ਕਾਰਨ ਉਨ੍ਹਾਂ ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਫ਼ੀਸ ਲੈ ਕੇ ਟਿਊਸ਼ਨ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕੈਂਬਰਿਜ ਯੂਨੀਵਰਸਿਟੀ ਤੋਂ ਫ਼ਿਲਾਸਫ਼ੀ ਦੀ ਪੜ੍ਹਾਈ ਕੀਤੀ। ਅੰਗਰੇਜ਼ਾਂ ਦੇ ਸਮੇਂ ਸਿੱਖਾਂ ਵਿੱਚੋਂ ਆਈ. ਸੀ. ਐਸ. (ICS) ਬਣਨ ਵਾਲੇ ਗਿਣੇ-ਚੁਣੇ ਪ੍ਰਮੁੱਖ ਵਿਅਕਤੀਆਂ ਵਿੱਚੋਂ ਸਿਰਦਾਰ ਕਪੂਰ ਸਿੰਘ ਇੱਕ ਸਨ।

ਦੇਸ਼ ਦੀ ਵੰਡ ਤੋਂ ਪਹਿਲਾਂ ਤੇ ਬਾਅਦ ਵਿੱਚ ਸਿਰਦਾਰ ਕਪੂਰ ਸਿੰਘ ਅਨੇਕਾਂ ਥਾਵਾਂ 'ਤੇ ਡਿਪਟੀ ਕਮਿਸ਼ਨਰ ਦੇ ਅਹੁਦੇ 'ਤੇ ਬਿਰਾਜਮਾਨ ਰਹੇ। ਉਹ ਨਿਡਰ, ਨਿਰਭੈ, ਨਿਝੱਕ, ਬੇਬਾਕ, ਦਲੇਰ ਤੇ ਸੱਚੇ-ਸੁੱਚੇ ਅਫ਼ਸਰ ਸਨ। ਉਨ੍ਹਾਂ ਦੇ ਸਾਹਾਂ ਵਿੱਚ ਸਿੱਖੀ ਦੀ ਧੜਕਣ ਸੀ। ਉਹ ਸਿੱਖੀ ਦੀ ਸ਼ਾਨ ਤੇ ਸਵੈਮਾਨ ਅੱਗੇ ਕੋਈ ਸਮਝੌਤਾ ਨਹੀਂ ਕਰ ਸਕਦੇ ਸਨ। ਉਹ ਮੂੰਹ ਫੁੱਟ ਤੇ ਬੇਪ੍ਰਵਾਹ ਅਫ਼ਸਰ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਦੇ ਭੇਜੇ ਸਰਕੂਲਰ, ਜਿਸ ਵਿੱਚ ਸਿੱਖਾਂ ਨੂੰ ਜਰਾਇਮ-ਪੇਸ਼ਾ ਗਰਦਾਨਿਆ ਗਿਆ ਸੀ, ਨੂੰ ਪੈਰਾਂ ਦੀ ਜੁੱਤੀ ਥੱਲੇ ਰੋਂਦ ਦਿੱਤਾ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਖ਼ਿਲਾਫ਼ ਰਚੀ ਜਾ ਰਹੀ ਇਸ ਵੱਡੀ ਸਾਜ਼ਿਸ਼ ਦੇ ਵਿਰੋਧ ਵਿੱਚ ਆਵਾਜ਼ ਬੁਲੰਦ ਕੀਤੀ। ਪੰਡਤ ਜਵਾਹਰ ਲਾਲ ਨਹਿਰੂ ਨੇ ਮੁਆਫ਼ੀ ਮੰਗੀ ਪਰ ਇਹ ਮੁਆਫ਼ੀ ਇੰਨੀ ਮਹਿੰਗੀ ਪਈ ਕਿ ਸਿਰਦਾਰ ਕਪੂਰ ਸਿੰਘ ਨੂੰ ਡਿਪਟੀ ਕਮਿਸ਼ਨਰ ਦੀ ਕੁਰਸੀ ਤੋਂ ਮੁਕਤ ਕਰ ਦਿੱਤਾ ਗਿਆ। ਉਨ੍ਹਾਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਨ੍ਹਾਂ ਨੇ ਸਰਕਾਰੀ ਭੇਦ ਖੁੱਲ੍ਹੇ ਤੌਰ 'ਤੇ ਪ੍ਰਗਟ ਕਰਨ ਦੀ ਹਿੰਮਤ ਵਿਖਾਈ ਸੀ।



ਜੈਤੇਗ ਸਿੰਘ ਅਨੰਤ

ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸਿਰਦਾਰ ਕਪੂਰ ਸਿੰਘ ਨੂੰ 2 ਸਤੰਬਰ, 1950 ਨੂੰ ਨੌਕਰੀ ਤੋਂ ਜਬਰੀ ਬਰਖ਼ਾਸਤ ਕਰ ਦਿੱਤਾ। ਉਨ੍ਹਾਂ ਪੰਜਾਬ ਸਰਕਾਰ ਖ਼ਿਲਾਫ਼ ਪੰਜਾਬ ਹਾਈ ਕੋਰਟ ਸ਼ਿਮਲਾ ਵਿੱਚ ਕੇਸ ਦਾਇਰ ਕੀਤਾ। ਲੰਮਾ ਸਮਾਂ ਕੇਸ ਚੱਲਿਆ ਪਰ ਇਨਸਾਫ਼ ਪੱਲੇ ਨਾ ਪਿਆ। ਹੁਣ ਉਹ ਆਪਣੀਆਂ ਰਚਨਾਵਾਂ ਨੂੰ ਪੁਸਤਕਾਂ ਦੇ ਰੂਪ ਵਿੱਚ ਪੰਥ ਦੀ ਝੋਲੀ ਪਾਉਣ ਲੱਗੇ। ਇਨ੍ਹਾਂ ਵਿੱਚੋਂ 'ਸਪਤਸ੍ਰਿੰਗ' ਵਿੱਚ ਚੋਟੀ ਦੇ ਸੰਤ ਮਹਾਂ ਪੁਰਖਾਂ ਦੀ ਜੀਵਨ ਗਾਥਾ, ਸਾਡੇ ਲਈ ਚਾਨਣ ਮੁਨਾਰਾ ਹੈ। 'ਪੁੰਦੀਕ' ਉਨ੍ਹਾਂ ਦੇ ਸੰਸਕ੍ਰਿਤ ਨਿਬੰਧਾਂ ਦੀ ਉੱਚ ਕੋਟੀ ਦੀ ਪੁਸਤਕ ਹੈ। 'ਬਹੁ-ਵਿਸਤਾਰ' ਉਨ੍ਹਾਂ ਦੀ ਧਾਰਮਿਕ ਅਤੇ ਇਤਿਹਾਸਕ ਨਿਬੰਧਾਂ ਵਿੱਚ ਰਚੀ ਪੁਸਤਕ ਹੈ। 'ਬਿਖਮਹਿ ਅੰਮ੍ਰਿਤ' ਵੀ ਸੁੰਦਰ ਸ਼ਾਹਕਾਰ ਹੈ। ਆਪ ਦੀ ਪੁਸਤਕ 'ਸਾਚੀ ਸਾਖੀ' ਜਗਤ ਪ੍ਰਸਿੱਧ ਪੁਸਤਕ ਹੈ। ਅੰਗਰੇਜ਼ੀ ਵਿੱਚ 'ਪ੍ਰਾਸ਼ਰ ਪ੍ਰਸ਼ਨ ("the Baisakhi of Guru Gobind Singh) ਵੀ ਉੱਤਮ ਰਚਨਾ ਹੈ। ਪੁਸਤਕ 'ਸਪਤਸ੍ਰਿੰਗ' ਲੰਮਾ ਸਮਾਂ ਐਮ.ਏ. ਤੇ ਗਿਆਨੀ ਦੀਆਂ ਜਮਾਤਾਂ ਨੂੰ ਪੜ੍ਹਾਈ ਜਾਂਦੀ ਰਹੀ ਹੈ।

1962 ਵਿੱਚ ਭਾਰਤ ਦੀਆਂ ਤੀਜੀਆਂ ਲੋਕ ਸਭਾ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਸਿਰਦਾਰ ਕਪੂਰ ਸਿੰਘ ਨੂੰ ਲੁਧਿਆਣਾ ਲੋਕ ਸਭਾ ਦੀ ਸੀਟ ਤੋਂ ਖੜ੍ਹਾ ਕੀਤਾ। ਉਹ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਮੰਗਲ ਸਿੰਘ ਨੂੰ ਹਰਾ ਕੇ ਦਿੱਲੀ ਪਾਰਲੀਮੈਂਟ ਵਿੱਚ ਬੈਠੇ। ਪੰਜਾਬ ਦੇ ਪੁਨਰਗਠਨ ਬਾਰੇ 3 ਸਤੰਬਰ 1966 ਨੂੰ ਲੋਕ ਸਭਾ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ। ਸਿਰਦਾਰ ਜੀ ਨੇ ਜਿੱਥੇ ਇਸ ਬਿੱਲ ਦਾ ਵਿਰੋਧ ਕੀਤਾ, ਉੱਥੇ ਹੀ ਇਸ ਨੂੰ ਠੁਕਰਾਉਣ ਦੇ ਤਿੰਨ ਕਾਰਨ ਵੀ ਪੇਸ਼ ਕੀਤੇ। ਉਨ੍ਹਾਂ ਦੀ ਇਸ ਇਤਿਹਾਸਕ, ਮਹੱਤਵਪੂਰਨ ਤੇ ਤਰਕ ਭਰਪੂਰ ਤਕਰੀਰ ਨੇ ਸਰਕਾਰੀ ਬੈਂਚਾਂ ਨੂੰ ਵੀ ਕਾਇਲ ਕਰ ਦਿੱਤਾ। ਸੰਨ 1967 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਉਹ ਸਮਰਾਲੇ ਤੋਂ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਵਿੱਚ ਪੁੱਜੇ।

ਸਿਰਦਾਰ ਕਪੂਰ ਸਿੰਘ ਦੀ ਸਿੱਖ ਰਾਜਨੀਤੀ ਵਿੱਚ ਵਿਸ਼ੇਸ਼ ਭੂਮਿਕਾ ਰਹੀ ਹੈ। 'ਆਨੰਦਪੁਰ ਦੇ ਮਤੇ' ਦਾ ਡਰਾਫਟ ਉਨ੍ਹਾਂ ਨੇ ਹੀ ਤਿਆਰ ਕੀਤਾ। ਅਕਾਲ ਤਖ਼ਤ 'ਤੇ ਬਣਾਏ 'ਅਗਨ ਕੁੰਡਾਂ' ਨੂੰ ਢਾਹੁਣ ਹਿੱਤ ਉਨ੍ਹਾਂ ਨੇ ਆਵਾਜ਼ ਬੁਲੰਦ ਕੀਤੀ ਸੀ। ਸਿਰਦਾਰ ਕਪੂਰ ਸਿੰਘ ਨੂੰ ਸਿੱਖਾਂ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਨੇ 13 ਅਕਤੂਬਰ 1973 ਨੂੰ 'ਪ੍ਰੋਫ਼ੈਸਰ ਆਫ਼ ਸਿਖਿਜ਼ਮ' ਦੀ ਮਹਾਨ ਉਪਾਧੀ ਨਾਲ ਸਨਮਾਨਤ ਕੀਤਾ। ਸਾਕਾ ਨੀਲਾ ਤਾਰਾ ਨੇ ਸਿਰਦਾਰ ਕਪੂਰ ਸਿੰਘ 'ਤੇ ਡੂੰਘਾ ਅਸਰ ਕੀਤਾ ਤੇ ਹੌਲੀ-ਹੌਲੀ ਉਨ੍ਹਾਂ ਦੇ ਸਰੀਰ ਦੀ ਹਰਕਤ ਖ਼ਤਮ ਹੋ ਗਈ। 18 ਅਗਸਤ 1986 ਨੂੰ ਅੰਮ੍ਰਿਤ ਵੇਲੇ ਫ਼ਖ਼ਰ-ਏ-ਕੌਮ ਸਿਰਦਾਰ ਕਪੂਰ ਸਿੰਘ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ। ਉਨ੍ਹਾਂ ਦਾ ਵਿਛੋੜਾ ਸਿੱਖ ਭਾਈਚਾਰੇ ਲਈ ਅਸਹਿ ਤੇ ਅਕਹਿ ਸੀ। ਉਨ੍ਹਾਂ ਦੀ ਖ਼ੂਬਸੂਰਤ ਸ਼ਖ਼ਸੀਅਤ 'ਸਿਰਦਾਰ ਕਪੂਰ ਸਿੰਘ ਸਕੂਲ ਆਫ਼ ਸਿੱਖ ਥੌਟ' ਦੀ ਜਨਮਦਾਤੀ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਨਗਰ ਕੀਰਤਨ ਮੌਕੇ ਸੰਗਤਾਂ ਦਾ ਰਿਕਾਰਡ ਤੋੜ ਇਕੱਠ

ਅਰਦਾਸ ਪਿੱਛੋਂ ਗੁਰੂ ਗ੍ਰੰਥ ਸਾਹਿਬ ਮੁੜ ਗੱਦੀ ਤੇ ਬਿਰਾਜਮਾਨ ਹੋ ਗਏ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਜਿਸ ਦੀ ਸੇਵਾ ਨਿਰੰਤਰ ਹਰਦਿਆਲ ਬੰਗਾ ਪਰਿਵਾਰ ਵੱਲੋਂ ਕੀਤੀ ਗਈ। ਨਗਰ ਕੀਰਤਨ ਤੋਂ ਪਹਿਲਾਂ ਪ੍ਰਕਾਸ਼ ਸਮਾਗਮਾਂ ਦੌਰਾਨ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਭਾਰੀ ਦੀਵਾਨ ਸਜਾਏ ਗਏ, ਜਿਹਨਾਂ ਵਿਚ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸ਼ੁੱਕਰਵਾਰ ਨੂੰ ਆਰੰਭ ਕੀਤੇ ਅਖੰਡ ਪਾਠ ਸਾਹਿਬ ਦੇ ਭੋਗ ਦਿਨ ਐਤਵਾਰ ਨੂੰ ਪਾਏ ਗਏ, ਜਿਸ ਦੀ ਸੇਵਾ ਗੁਰੂ ਰਵਿਦਾਸ ਟੈਂਪਲ ਦੀਆਂ ਸਮੂਹ ਸੰਗਤਾਂ ਵੱਲੋਂ ਕੀਤੀ ਗਈ। ਇਹਨਾਂ ਤੋਂ ਪਹਿਲਾਂ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਚੜ੍ਹਾਏ ਗਏ, ਜਿਸ ਦੀ ਸੇਵਾ 108 ਸੰਤ ਨਗਰ ਵਾਲਿਆਂ ਦੀਆਂ ਸੰਗਤਾਂ ਅਤੇ ਗੁਰੂ ਘਰ ਦੀਆਂ ਬੀਬੀਆਂ ਵੱਲੋਂ ਕੀਤੀ ਗਈ। ਐਤਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸਵੇਰ ਨੂੰ ਸੰਗਤਾਂ ਬੜੀ ਸ਼ਰਧਾ ਨਾਲ ਗੁਰੂ ਘਰ ਪਹੁੰਚਣੀਆਂ ਸ਼ੁਰੂ ਹੋ ਗਈਆਂ। ਇਥੇ ਦਿਨ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਅਰਦਾਸ ਤੋਂ ਬਾਅਦ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਜਸਬੀਰ ਸਿੰਘ ਖਾਲਸਾ, ਭਾਈ ਗੁਰਨਾਮ ਸਿੰਘ, ਭਾਈ ਸਤਨਾਮ ਸਿੰਘ ਕੁਹਾੜਕਾ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸੰਗਤਾਂ ਨੂੰ ਸੰਬੋਧਨ ਕਰਦਿਆਂ ਸਕੱਤਰ ਜੀਵਨ ਰੱਤੂ ਨੇ ਗੁਰਪੁਰਬ ਦੀ ਵਧਾਈ ਦਿੱਤੀ। ਮੁੱਖ ਮਹਿਮਾਨ (ਭਾਰਤੀ ਕੌਂਸਲੇਟ ਸੈਨਫਰਾਂਸਿਸਕੋ) ਵੱਲੋਂ ਦੇਬਬਰਾਟਾ ਚੈਟੋਪਾਧਿਆਏ ਅਤੇ ਐਲਬਰਟਾ ਕਮਿਊਨਿਟੀ ਪਲਾਨਿੰਗ ਕੌਂਸਲ ਸ਼ੈਰਲੀ ਨੂੰ ਜੀ ਆਇਆਂ ਕਿਹਾ। ਇਸ ਪਿੱਛੋਂ ਭਜਨ ਸਿੰਘ ਭਿੰਡਰ, ਪ੍ਰੇਮ ਕੁਮਾਰ ਚੁੰਬਰ, ਦਿਲਬਾਗ ਬੈਂਸ, ਜਸਵੰਤ ਜੱਸੀ ਸ਼ੀਮਾਰ, ਜਸਵਿੰਦਰ ਬੰਗਾ, ਹੰਸ ਰਾਜ ਕਾਜਲਾ, ਤਵਿੰਦਰ ਕਾਜਲਾ, ਮਨਜੀਤ ਸਿੰਘ ਉਪਲ, ਮਹਿੰਦਰ ਸਿੰਘ ਧਾਮੀ, ਜੋਗਿੰਦਰ ਚੁੰਬਰ, ਸੁਖਰਾਮ ਚੋਪੜਾ, ਰੌਸ਼ਨੀ ਚੋਪੜਾ, ਜਗਦੇਵ ਪਾਲ, ਮੱਖਣ ਲੁਹਾਰ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਨਿਊਯਾਰਕ ਤੋਂ ਪਹੁੰਚੇ ਗੁਰੂ ਰਵਿਦਾਸ ਟੈਂਪਲ ਦੇ ਸੇਵਾਦਾਰ ਪ੍ਰਧਾਨ ਨਿਰਮਲ ਸਿੰਘ, ਸੀਨੀਅਰ ਵਾਈਸ ਪ੍ਰਧਾਨ ਮਨੋਹਰ ਕਲੇਰ ਨੇ ਵੀ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਦੇ ਨਾਲ ਹੀ ਨਿਊਯਾਰਕ ਵਿਚ ਕੱਢੇ ਜਾ ਰਹੇ ਨਗਰ ਕੀਰਤਨ ਵਿਚ ਪਹੁੰਚਣ ਦੀ ਸੰਗਤਾਂ ਨੂੰ ਬੇਨਤੀ ਕੀਤੀ। ਇਸ ਦਿਨ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਸਬੰਧਤ ਤਿਆਰ ਦੋ ਸੀਡੀਜ਼ ਰਿਲੀਜ਼ ਕੀਤੀਆਂ ਗਈਆਂ। ਇਹ ਉਪਰਾਲਾ ਹਰਮੇਸ਼ ਹੱਪੋਵਾਲੀਆ ਅਤੇ ਸੋਨੂੰ ਅੰਬੇਦਕਰ ਦੇ ਉਦਮ ਸਦਕਾ ਹੋਇਆ। ਇਸੇ ਦਿਨ ਗੁਰੂ ਘਰ ਦਾ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ। ਜਿਹਨਾਂ ਸੇਵਾਦਾਰਾਂ ਨੇ ਬਾਹਰ ਲੰਗਰਾਂ ਦੀ ਸੇਵਾ ਕੀਤੀ। ਉਹਨਾਂ ਸੇਵਾਦਾਰਾਂ ਨੂੰ ਬਾਅਦ ਵਿਚ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਸੇਵਾਦਾਰਾਂ ਦੇ ਨਾਮ ਹਨ- ਸਟਾਰ ਆਫ ਇੰਡੀਆ ਯੂਬਾ ਸਿਟੀ, ਇੰਡੀਆ ਪਲੇਟ ਸੈਕਰਾਮੈਂਟੋ, ਸਤਨਾਮ ਸਿੰਘ ਯੂਬਾ ਸਿਟੀ, ਤੰਦੂਰ ਰੈਸਟੋਰੈਂਟ ਹੇਵਰਡ, ਦੇਬੋ ਪਿਟਸਬਰਗ, ਕੇਵਲ ਸਿੰਘ ਜੱਖੂ, ਮਿਰਾਜ ਬੈਂਕੁਇਟ ਹਾਲ, ਇੰਡੀਆ ਓਵਨ ਅਮਰੀਕ ਸਿੰਘ, ਮਨਜੀਤ ਸਿੰਘ ਬਾਸੀ, ਰੂਬੀ ਆਈਸ ਕਰੀਮ, ਗੁਰਦਿਆਲ ਮੱਲ੍ਹ, ਤਿਲਕ ਚੁੰਬਰ, ਰਾਕੇਸ਼ ਹੀਰ, ਚੰਦਰ ਮੋਹਨ, ਸ਼ਿੰਗਾਰਾ ਸਿੰਘ ਰੱਲ੍ਹ, ਕਸ਼ਮੀਰ ਹੀਰਾ ਇੰਡੀਆ ਮਾਰਕੀਟ ਚਾਟ, ਵਿਰਕ ਭਰਾ, ਸੰਜੇ ਕਾਜਲਾ, ਕਿਨੂੰ ਕਾਜਲਾ, ਸ਼ਿਕਾਗੋ ਪੀਜ਼ਾ, ਸਪੈਸ਼ਲ ਯੂਬਾ ਸਿਟੀ ਤੋਂ ਪਾਣੀ ਤੇ ਸੋਡੇ ਦੀ ਸੇਵਾ ਅਤੇ ਛੱਲੀਆਂ ਦੇ ਲੰਗਰ ਦੇ ਸੇਵਾਦਾਰਾਂ ਨੂੰ ਵੀ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅਵਤਾਰ ਸਿੰਘ ਜੱਸਲ ਨੂੰ ਗੁਰੂ ਘਰ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ।

ਮੇਨ ਪਾਲਕੀ ਨੂੰ ਤਿਆਰ ਕਰਨ ਅਤੇ ਸਜਾਉਣ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਆਈਡਾਹੋ ਤੋਂ ਆਏ ਮੋਹਨ ਸਾਂਪਲਾ ਪਰਿਵਾਰ ਵੱਲੋਂ ਕੀਤੀ ਗਈ। ਆਈਡਾਹੋ ਤੋਂ ਹੋਰ ਜਿਵੇਂ ਸੁਭਾਸ਼ ਬੰਗਾ ਪਰਿਵਾਰ, ਕ੍ਰਿਸ਼ਨਾ ਬਾਬਾ ਪਰਿਵਾਰ, ਜੱਸੀ ਰੱਤੂ, ਅਵਤਾਰ ਸਿੰਘ ਜੱਸਲ ਅਤੇ ਅਵਤਾਰ ਜੱਸਲ ਪਰਿਵਾਰ ਨੇ ਵੀ ਸੇਵਾ ਵਿਚ ਯੋਗਦਾਨ ਪਾਇਆ। ਜਲੰਧਰ ਤੋਂ ਕਮਿਸ਼ਨਰ ਝੱਲੀ, ਲਾਸ ਵੇਗਾਸ ਤੋਂ ਮਦਨ ਕੈਲੇ ਵੀ ਪਹੁੰਚੇ ਹੋਏ ਸਨ। ਦਿਨ ਸ਼ਨਿਚਰਵਾਰ ਨੂੰ ਰੈਣ ਸੁਬਾਈ ਕੀਰਤਨ ਵਿਚ ਭਾਈ ਜਸਪਾਲ ਸਿੰਘ ਜਥਾ, ਭਾਈ ਜਸਬੀਰ ਸਿੰਘ ਖਾਲਸਾ, ਭਾਈ ਸਤਨਾਮ ਸਿੰਘ ਕੁਹਾੜਕਾ, ਭਾਈ ਸਰਬਜੀਤ ਢਾਡੀ ਜਥਾ ਬੇ-ਏਰੀਆ, ਭਾਈ ਪ੍ਰਿਤਪਾਲ ਸਿੰਘ ਜਥਾ, ਸੁਰਜੀਤ ਸਾਗਰ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਖੁਸ਼ੀ ਰੱਤੂ ਅਤੇ ਹਰਸਿਮਰਨ ਕੌਰ ਨੇ ਵੀ ਇਕ ਇਕ ਸ਼ਬਦ ਨਾਲ ਹਾਜ਼ਰੀ ਲਵਾਈ। ਨਗਰ ਕੀਰਤਨ ਨੂੰ ਗਲੋਬਲ ਪੰਜਾਬ ਟੀ. ਵੀ. ਤੇ ਲਾਈਵ ਟੈਲੀਕਾਸਟ ਕੀਤਾ ਗਿਆ। ਐਸ ਅਸ਼ੋਕ ਭੌਰਾ ਨਗਰ ਕੀਰਤਨ ਦੀ ਕੁਮੈਂਟਰੀ ਕਰ ਰਹੇ ਸਨ। ਜਗਦੇਵ ਭੰਡਾਲ ਅਤੇ ਰਾਹੁਲ ਕੈਮਰੇ ਤੇ ਸਾਥ ਦੇ ਰਹੇ ਸਨ। ਪੰਜਾਬ ਮੇਲ ਦੇ ਐਡੀਟਰ ਗੁਰਜਤਿੰਦਰ ਰੰਧਾਵਾ, ਦੇਸ਼ ਦੁਆਬਾ ਦੇ ਐਡੀਟਰ ਪ੍ਰੇਮ ਕੁਮਾਰ ਚੁੰਬਰ, ਸਡੇ ਲੋਕ ਦੇ ਐਡੀਟਰ ਸਤਨਾਮ ਖਾਲਸਾ ਫੋਟੋਗ੍ਰਾਫੀ ਕਰ ਰਹੇ ਸਨ। ਇਸ ਦੇ ਨਾਲ ਹੀ ਸੋਨੂ ਚੱਠਾ, ਪ੍ਰਦੀਪ ਚੱਠਾ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਦੀ ਸੇਵਾ ਮੁਫਤ ਕਰ ਰਹੇ ਸਨ। ਦੀਪਕ ਨੇ ਵੀ ਇਹ ਸੇਵਾ ਨਿਭਾਈ।

ਗੁਰੂ ਰਵਿਦਾਸ ਸਭਾਵਾਂ ਪਿਟਸਬਰਗ, ਬੇ-ਏਰੀਆ, ਸੈਲਮਾ, ਫਰਿਜ਼ਨੋ, ਯੂਬਾ ਸਿਟੀ, ਬਾਲਮੀਕ ਸਭਾ ਯੂਬਾ ਸਿਟੀ, ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਸਿੱਖ ਟੈਂਪਲ ਬਰਾਡਸ਼ਾਅ, ਰੋਜ਼ਵਿਲ, ਵੈਸਟ ਸੈਕਰਾਮੈਂਟੋ, ਐਲਸੀ ਗੁਰਦੁਆਰਾ, ਦਸ਼ਮੇਸ਼ ਦਰਬਾਰ, ਕੈਪੀਟਲ ਸਿੱਖ ਸੈਂਟਰ, ਸਿੱਖ ਟੈਂਪਲ ਸਟਾਕਟਨ ਦਾ ਕਮੇਟੀ ਨੂੰ ਸਹਿਯੋਗ ਦੇਣ ਲਈ ਦਿਲੋਂ ਧੰਨਵਾਦ ਕਰਦੀ ਹੈ।

ਛੋਟੇ ਬੱਚਿਆਂ ਅਤੇ ਬੀਬੀਆਂ ਵੱਲੋਂ ਸੇਵਾ ਲਈ ਅਤੇ ਕਿਚਨ ਵਿਚ ਖਾਣੇ ਦੀ ਸੇਵਾ ਲਈ ਬਹਾਦਰ ਕੈਂਥ, ਰਿੰਕੂ ਝਮਟ, ਅਜਾਇਬ ਸਿੰਘ, ਅਮਰਦੀਪ ਸਿੰਘ ਸੇਵਾਦਾਰਾਂ ਦਾ ਵੀ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਵੱਖ ਵੱਖ ਅਖਬਾਰਾਂ, ਰੇਡੀਓ, ਟੀ. ਵੀ. ਅਤੇ ਸਮੁੱਚੇ ਮੀਡੀਏ ਨੇ ਇਸ ਨਗਰ ਕੀਰਤਨ ਵਿਚ ਹਾਜ਼ਰੀ ਲਵਾਈ ਅਤੇ ਉਹ ਸਭ ਅਖਬਾਰਾਂ ਜੋ ਗੁਰੂ ਘਰ ਦੀਆਂ ਖਬਰਾਂ ਨੂੰ ਛਾਪ ਕੇ ਸਥਾਨ ਦਿੰਦੀਆਂ ਹਨ, ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ। ਪੰਜ ਹਜ਼ਾਰ ਡਾਲਰ ਦੇ ਕੇ ਪੈਟਰਨ ਬਣਨ ਵਾਲੇ ਸੱਜਣਾਂ ਵਿਚ ਅਮਨਦੀਪ ਕੌਰ ਮੰਢਾਲੀ, ਸਵਰਗੀ ਪ੍ਰੀਤਮ ਦਾਸ ਰੱਲ੍ਹ, ਸਵਰਗੀ ਪ੍ਰੀਤਕ ਕੌਰ ਰੱਲ੍ਹ, ਰਿੱਕੀ ਬੰਗਾ, ਗੁਰਦੇਵ ਕੌਰ ਬੰਗਾ, ਸਵਰਗੀ ਨਾਜ਼ਰ ਸਿੰਘ ਮੰਢਾਲੀ, ਬੁੱਧ ਪ੍ਰਕਾਸ਼ ਚੁੰਬਰ, ਸਵਰਗੀ ਬਿਸ਼ਨ ਸਿੰਘ ਸ਼ੀਮਾਰ, ਵਿਸ਼ਾਲ ਵਿਰਕ, ਜਸਵਿੰਦਰ ਕੌਰ ਵਿਰਕ, ਅਮਰਨਾਥ ਭਾਰਦਵਾਜ, ਸੋਹਣ ਸਿੰਘ ਬੱਧਣ, ਰਾਜ ਸਿੰਘ ਬੱਧਣ, ਸੁਰਿੰਦਰ ਕੁਮਾਰ ਚੁੰਬਰ, ਹਰਬੰਸ ਸਿੰਘ ਸਿੱਧੂ, ਜਗਜੀਤ ਸਿੰਘ ਰੱਤੂ, ਪਰਮਜੀਤ ਸਿੰਘ ਫੱਗੂੜਾ, ਸਵਰਗੀ ਪਿਆਰਾ ਲਾਲ ਪਡਵੱਗਾ, ਕਮਲਾ ਕਲੇਰ, ਸੇਵਕ ਦਾਸ ਰੱਲ੍ਹ, ਦਿਓਲ ਰਾਜ (ਵਿਲੀਅਮ), ਗੁਰੂ ਰਵਿਦਾਸ ਸਭਾ ਨਿਊਯਾਰਕ, ਰਾਮ ਅਧਾਰੀ ਰਾਜ, ਗੁਰਮੇਜ ਕੌਰ ਮੱਲ, ਮੋਨਿਸ਼ ਬੋਲੀਨਾ, ਜੋਗਿੰਦਰ ਲਾਲ ਮੱਲ੍ਹ, ਗੁਰਦਿਆਲ ਚੰਦ ਮੱਲ੍ਹ, ਅਵਤਾਰ ਸਿੰਘ ਜੱਸਲ, ਕਰਨੈਲ ਬੱਧਣ, ਗੁਰਮੁਖ ਬੱਧਣ, ਕਰਮੀ ਰਾਮ ਲੱਧੜ, ਅਵਤਾਰ ਪਾਲ ਜੱਸਲ, ਜਸਵਿੰਦਰ ਲਾਲ ਮਡਾਹਰਾ ਆਦਿ ਦੇ ਨਾਂ ਵਰਣਨਯੋਗ ਹਨ।

ਇਸ ਨਗਰ ਕੀਰਤਨ ਵਿਚ ਦੋ ਦਿਨ ਫਰੀ ਮੈਡੀਕਲ ਕੈਂਪ ਭਗਤ ਪੂਰਨ ਸਿੰਘ ਸੰਸਥਾ ਵੱਲੋਂ ਲਾਇਆ ਗਿਆ। ਨਗਰ ਕੀਰਤਨ ਨੂੰ ਕਾਮਯਾਬ ਕਰਨ ਦਾ ਸਿਹਰਾ ਸਮੂਹ ਸੰਗਤ ਨੂੰ ਜਾਂਦਾ ਹੈ। ਪ੍ਰਬੰਧਕ ਕਮੇਟੀ ਦੇ ਮੈਂਬਰ ਚੇਅਰਮੈਨ ਜੱਸੀ ਬੰਗਾ, ਵਾਈਸ ਚੇਅਰਮੈਨ ਦਰਸ਼ਨ ਵਿਰਕ, ਪ੍ਰਧਾਨ ਜੋਗਿੰਦਰ ਚੁੰਬਰ, ਵਾਈਸ ਪ੍ਰਧਾਨ ਸਤਨਾਮ ਮੰਢਾਲੀ ਤੇ ਬਲਵਿੰਦਰ ਰੱਲ੍ਹ, ਸਕੱਤਰ ਜੀਵਨ ਰੱਤੂ ਅਤੇ ਰਾਜ ਕੁਮਾਰ ਸੂਦ, ਪੀ. ਆਰ. ਓ. ਜਸਵੰਤ ਜੱਸੀ ਸ਼ੀਮਾਰ, ਕਿਚਨ ਮੈਨੇਜਰ ਮਹਿੰਦਰ ਸਿੰਘ ਧਾਮੀ, ਆਫਿਸ ਸਕੱਤਰ ਰਾਜ ਕੁਮਾਰ ਬੱਧਣ, ਕੈਸ਼ੀਅਰ ਸੁਰਿੰਦਰ ਮੱਲ੍ਹ, ਇੰਦਰਜੀਤ ਪਡਵੱਗਾ, ਮਨਜੀਤ ਭਾਰਦਵਾਜ, ਮਨਜੀਤ ਪਾਲ, ਮੇਨਟੀਨੈਂਸ ਕਰਨੈਲ ਵਿਰਕ ਅਤੇ ਚਮਨ ਲਾਲ ਦਾ ਭਰਪੂਰ ਯੋਗਦਾਨ ਰਿਹਾ। ਇਸ ਤੋਂ ਇਲਾਵਾ ਹਰਬੰਸ ਰੱਲ੍ਹ ਅਤੇ ਮਨਜੀਤ ਰੱਲ੍ਹ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਅੰਤ ਵਿਚ ਚੇਅਰਮੈਨ ਜਸਵਿੰਦਰ ਬੰਗਾ ਨੇ ਆਈਆਂ ਸੰਗਤਾਂ ਦਾ ਧੰਨ-ਵਾਦ ਕੀਤਾ ਤੇ ਅਗਲੇ ਸਾਲ ਵੀ ਸੰਗਤਾਂ ਨੂੰ ਇਸੇ ਤਰ੍ਹਾਂ ਉਤਸ਼ਾਹ ਨਾਲ ਸ਼ਾਮਲ ਹੋਣ ਦੀ ਬੇਨਤੀ ਕੀਤੀ।

# ਕੋਲੇ ਦੀ ਦਲਾਲੀ ਵਿਚ ਮਨਮੋਹਨ ਸਿੰਘ ਨੂੰ ਜਾਰੀ ਹੋਏ ਸੰਮਨ

ਘਿਓ ਵਿੱਚ ਡੁੱਬ ਗਈਆਂ। 24 ਸਤੰਬਰ 2014 ਵਿੱਚ ਸੁਪਰੀਮ ਕੋਰਟ ਨੇ ਆਪਹੁਦਰੇ ਢੰਗ ਨਾਲ 1993 ਤੋਂ ਅਲਾਟ ਹੋਏ 218 ਕੋਲਾ ਬਲਾਕਾਂ ਵਿੱਚੋਂ ਚਾਰ ਨੂੰ ਛੱਡ ਕੇ ਬਾਕੀ ਸਾਰੀਆਂ ਅਲਾਟਮੈਂਟਾਂ ਰੱਦ ਕਰ ਦਿੱਤੀਆਂ ਸਨ। ਪਰ ਨਾਲ ਹੀ ਸੀਬੀਆਈ ਨੂੰ ਇਸ ਘਾਲੇ-ਮਾਲੇ ਵਿੱਚ ਸ਼ਾਮਲ ਸਾਰੇ ਮੁਲਜ਼ਮਾਂ ਖ਼ਿਲਾਫ਼ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਸੀ।

ਵਿਸ਼ੇਸ਼ ਅਦਾਲਤ ਨੇ ਇਸ ਮਾਮਲੇ ਨੂੰ ਬੰਦ ਕਰਨ ਦੀ ਸੀਬੀਆਈ ਦੀ ਰਿਪੋਰਟ ਨੂੰ ਨਾਮਨਜ਼ੂਰ ਕਰਦਿਆਂ ਮੈਸਰਜ਼ ਹਿੰਡਾਲਕੋ ਤੇ ਉਸ ਦੇ ਦੋ ਉੱਚ ਅਧਿਕਾਰੀਆਂ ਸ਼ੁਭੇਂਦੂ ਅਮਿਤਾਭ ਤੇ ਡੀ. ਭੱਟਾਚਾਰੀਆ ਨੂੰ ਵੀ ਮਾਮਲੇ ਵਿੱਚ ਮੁਲਜ਼ਮ ਵਜੋਂ ਸੰਮਨ ਭੇਜੇ ਹਨ।

ਵਿਸ਼ੇਸ਼ ਅਦਾਲਤ ਨੇ ਕਿਹਾ ਕਿ ਅਪਰਾਧਕ ਸਾਜ਼ਿਸ਼ ਦੀ ਰੂਪ-ਰੇਖਾ ਏਬੀਐਮਪੀਸੀਐਲ ਦੇ ਕਾਰਜਕਾਰੀ ਪ੍ਰਧਾਨ ਸ਼ੁਭੇਂਦੂ ਅਮਿਤਾਭ, ਹਿੰਡਾਲਕੋ ਦੇ ਐਮ ਡੀ. ਭੱਟ-ਾਚਾਰੀਆ, ਅਦਿਤਿਆ ਬਿਰਲਾ ਗਰੁੱਪ ਮੁਖੀ ਕੁਮਾਰ ਮੰਗਲਮ ਬਿਰਲਾ ਤੇ ਮੈਸਰਜ਼ ਹਿੰਡਾਲਕੋ ਵੱਲੋਂ ਰਚੀ ਗਈ, ਜਿਸ ਵਿੱਚ ਕੋਲਾ ਸਕੱਤਰ ਪੀ. ਸੀ. ਪਾਰੇਖ ਤੇ ਉਸ ਮਗਰੋਂ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ਼ਾਮਲ ਕਰਕੇ ਅੱਗੇ ਵਧਾਇਆ ਗਿਆ।

ਅਦਾਲਤ ਨੇ ਕਿਹਾ ਕਿ ਇਸ ਅਪਰਾਧਕ ਸਾਜ਼ਿਸ਼ ਦਾ ਕੇਂਦਰ ਸਮੂਹਿਕ ਉਦੇਸ਼ ਸੀ, ਜਿਸ ਦੀ ਸਾਰਿਆਂ ਨੂੰ ਜਾਣਕਾਰੀ ਸੀ।

ਇਸ ਮਾਮਲੇ ਵਿੱਚ ਦੋਸ਼ੀ ਸਾਬਤ ਹੋਣ 'ਤੇ ਦੋਸ਼ੀਆਂ ਨੂੰ ਉਮਰ ਕੈਦ ਤੱਕ ਹੋ ਸਕਦੀ ਹੈ, ਕਿਉਂਕਿ ਅਪਰਾਧਕ ਸਾਜ਼ਿਸ਼ ਸਰਕਾਰੀ ਕਰਮਚਾਰੀ, ਬੈਂਕਰ, ਵਪਾਰੀ ਜਾਂ ਏਜੰਟ ਵੱਲੋਂ ਅਮਾਨਤ ਵਿੱਚ ਖ਼ਿਆਨਤ ਅਪਰਾਧ ਆਈਪੀਸੀ ਤੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਆਉਂਦੇ ਹਨ।

ਜੱਜ ਨੇ ਕਿਹਾ ਕਿ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਜਾਂਚ ਅਧਿਕਾਰੀ ਵੱਲੋਂ ਦਾਇਰ ਪ੍ਰਗਤੀ ਰਿਪੋਰਟ ਮੁਤਾਬਕ ਡਾ. ਮਨਮੋਹਨ ਸਿੰਘ ਇਸ ਵੇਲੇ ਵੀ ਰਾਜ ਸਭਾ ਦੇ ਮੈਂਬਰ ਹਨ ਪਰ ਜਿਸ ਸਮੇਂ ਉਹ ਕੋਲਾ ਮੰਤਰਾਲੇ ਦਾ ਕਾਰਜ ਭਾਰ ਸੰਭਾਲ ਰਹੇ ਸਨ, ਉਸ ਸਮੇਂ ਉਨ੍ਹਾਂ ਦੇ ਰਾਜ ਸਭਾ ਦਾ ਕਾਰਜਕਾਲ ਖ਼ਤਮ ਹੋ ਗਿਆ ਸੀ।

ਇਸ ਲਈ ਉਨ੍ਹਾਂ ਖ਼ਿਲਾਫ਼ ਕੇਸ ਚਲਾਉਣ ਲਈ ਰਾਜ ਸਭਾ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ। ਇਸੇ ਤਰ੍ਹਾਂ ਸਾਬਕਾ ਕੋਲਾ ਸਕੱਤਰ ਪਾਰੇਖ ਵੀ ਸੇਵਾਮੁਕਤ ਹੋ ਚੁੱਕੇ ਹਨ, ਉਨ੍ਹਾਂ ਖ਼ਿਲਾਫ਼ ਵੀ ਕੇਸ ਚਲਾਉਣ ਲਈ ਕੋਈ ਇਜਾਜ਼ਤ ਲੈਣ ਦੀ ਲੋੜ ਨਹੀਂ।

ਅਦਾਲਤ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਸਕੱਤਰੇਤ ਦੇ ਦੋ ਅਧਿਕਾਰੀਆਂ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰਕੇ ਪਾਰੇਖ ਵੱਲੋਂ ਰੱਖੀ ਉਸ ਤਜਵੀਜ਼ ਨੂੰ ਮਨਜ਼ੂਰ ਕੀਤਾ ਸੀ ਜਿਸ ਵਿੱਚ ਹਿੰਡਾਲਕੋ ਨੂੰ ਤਾਲਾਬੀਰਾ ਦੋ ਤੇ ਤਿੰਨ ਬਲਾਕ ਦੇਣ ਲਈ ਕਿਹਾ ਗਿਆ ਸੀ। ਅਦਾਲਤ ਨੇ ਡਾ. ਮਨਮੋਹਨ ਸਿੰਘ ਤੇ ਪਾਰੇਖ ਖ਼ਿਲਾਫ਼ ਆਈਪੀਸੀ ਦੀ ਧਾਰਾ 409 ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵਿਵਸਥਾਵਾਂ ਤਹਿਤ ਇਹ ਸੰਮਨ ਭੇਜੇ ਹਨ।

# ਸ੍ਰੀ ਗੁਰੂ ਰਵਿਦਾਸ ਗੁਰਪੁਰਬ ਅਤੇ ਨਗਰ ਕੀਰਤਨ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ




ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 638ਵਾਂ ਗੁਰਪੁਬ ਦਿਹਾੜਾ ਅਤੇ 15ਵਾਂ ਵਿਸ਼ਾਲ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਕਮਿਸ਼ਨਰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ।







## ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ ਪਰਿਵਾਰ ਵੱਲੋਂ ਲਗਾਏ ਗਏ ਲੰਗਰ ਦਾ ਦ੍ਰਿਸ਼






ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਏ ਜਾਣ ਦੀਆਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਮੂਹ ਮੱਲ ਪਰਿਵਾਰ ਵੱਲੋਂ ਲੱਖ ਲੱਖ ਵਧਾਈਆਂ।ਆਓ ਆਪਾਂ ਸਾਰੇ ਰਲ ਮਿਲ ਕੇ ਇਸੇ ਤਰ੍ਹਾਂ ਗੁਰੂ ਘਰ ਦੀ ਡਿਵੈਲਪਮੈਂਟ ਅਤੇ ਗੁਰੂ ਘਰ ਦੀ ਨਵੀਂ ਉਸਾਰੀ ਜਾ ਰਹੀ ਬਿਲਡਿੰਗ ਵਿਚ ਆਪਣੀ ਵਿੱਤ ਅਨੁਸਾਰ ਯੋਗਦਾਨ ਪਾ ਕੇ ਵਿਚ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



## ਸ੍ਰੀ ਜੋਗਿੰਦਰ ਲਾਲ ਮੱਲ ਅਤੇ ਸਮੂਹ ਪਰਿਵਾਰ




# ਗੁਰਦੁਆਰਾ ਸਾਹਿਬ ਟਰਲੱਕ, ਕੈਲੀਫੋਰਨੀਆ

# ਚੌਥਾ ਸਾਲਾਨਾ ਨਗਰ ਕੀਰਤਨ 15 ਮਾਰਚ ਨੂੰ

ਹੋਲੇ ਮਹੱਲੇ ਨੂੰ ਸਮਰਪਿਤ ਚੌਥਾ ਸਾਲਾਨਾ ਨਗਰ ਕੀਰਤਨ 15 ਮਾਰਚ ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। 12 ਮਾਰਚ ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ। 14 ਮਾਰਚ ਦਿਨ ਸਨਿਚਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ 15 ਮਾਰਚ ਨੂੰ ਨਗਰ ਕੀਰਤਨ ਸਜਾਏ ਜਾਣਗੇ।

ਨਗਰ ਕੀਰਤਨ ਦੌਰਾਨ ਪੰਜ ਪਿਆਰੇ ਘੋੜ ਸਵਾਰੀ ਕਰਨਗੇ। ਇਕ ਘੋੜਾ ਜਿਸ ਦੀ ਸਵਾਰੀ ਅਜੇ ਤੱਕ ਕਿਸੇ ਨੇ ਵੀ ਨਹੀਂ ਕੀਤੀ ਗੁਰੂ ਗੋਬਿੰਦ ਸਿੰਘ ਜੀ ਲਈ ਸਜਾਇਆ ਜਾਵੇਗਾ।







• ਬੀਬੀ ਬਲਜੀਤ ਕੌਰ ਖ਼ਾਲਸਾ ਤਲਵਾੜੇ ਵਾਲੇ ਅਤੇ ਭਾਈ ਸੁਰਜਣ ਸਿੰਘ ਦਾ ਢਾਡੀ ਜਥਾ ਵਾਰਾਂ ਤੇ ਕਵੀਸ਼ਰੀ ਗਾਉਣਗੇ। • ਨਗਰ ਕੀਰਤਨ ਮੌਕੇ ਗਤਕੇ ਦੀਆਂ ਟੀਮਾਂ ਆਪਣੀ ਕਲਾ ਦੇ ਜੌਹਰ ਦਿਖਾਉਣਗੀਆਂ।

# ਹੋਲੇ ਮਹੱਲੇ ਨੂੰ ਸਮਰਪਿਤ ਬੱਚਿਆਂ ਦਾ ਖੇਡ ਮੇਲਾ

14 ਮਾਰਚ, 2015 ਦਿਨ ਸਨਿਚਰਵਾਰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਖੇਡ ਮੇਲਾ ਬੱਚਿਆਂ ਵਿਚ ਆਪਣੀਆਂ ਸੱਭਿਆਚਾਰਕ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਦਾ ਇਕ ਛੋਟਾ ਜਿਹਾ ਉਪਰਾਲਾ ਹੈ। ਸੋ ਆਪ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਸਮੇਤ ਪਹੁੰਚ ਕੇ ਖੇਡ ਮੇਲੇ ਦਾ ਹਿੱਸਾ ਬਣੋ।

## DIRECTION

99 Freeway ਤੋਂ Lander Ave. ਦਾ Exit ਲਵੋ। ਜੇਕਰ ਤੁਸੀਂ ਮੋਡੇਸਟੋ ਤੋਂ ਆ ਰਹੇ ਹੋ ਤਾਂ Lander Ave. 'ਤੇ Left ਲਵੋ। ਜੇਕਰ ਤੁਸੀਂ Livingston ਤੋਂ ਆ ਰਹੇ ਹੋ ਤਾਂ Lander Ave. 'ਤੇ Right ਲਵੋ। ਸਿੱਧੇ ਆ ਕੇ East Linwood 'ਤੇ Right ਲਵੋ ਤੇ ਅੱਗੇ ਆ ਕੇ 5th Street 'ਤੇ Left ਲਵੋ। ਕਾਰਨਰ 'ਤੇ ਗੁਰਦੁਆਰਾ ਸਾਹਿਬ ਹੈ।











## EVENT TIME

- ਛੋਟੇ ਬੱਚਿਆਂ ਦੀਆਂ ਖੇਡਾਂ ........ 10 ਤੋਂ 12 ਵਜੇ ਤੱਕ
- Running Race ........ 11 ਤੋਂ 11.45 ਵਜੇ ਤੱਕ
- Sack Race ........ 11.45 ਤੋਂ 12.30 ਵਜੇ ਤੱਕ
- ਰੱਸਾਕਸ਼ੀ ........ 12.30 ਤੋਂ 1.00 ਵਜੇ ਤੱਕ
- Musical Chairs ........ 1.00 ਤੋਂ 1.45 ਵਜੇ ਤੱਕ
- Lucky Draw ........ 2.00 ਤੋਂ 2.15 ਵਜੇ ਤੱਕ
- ਚਾਟੀ ਦੌੜ ........ 2.15 ਤੋਂ 2.45 ਵਜੇ ਤੱਕ
- ਖੋ-ਖੋ ........ 2.45 ਤੋਂ 3.30 ਵਜੇ ਤੱਕ
- ਹੱਥ ਪੰਜਾ ........ 3.30 ਤੋਂ 4.00 ਵਜੇ ਤੱਕ

ਅਲੱਗ-ਅਲੱਗ ਤਰ੍ਹਾਂ ਦੇ ਖਾਣ-ਪੀਣ ਦੇ ਸਟਾਲ ਲੱਗਣਗੇ।

ਨੋਟ : ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਗੁਰਜੀਤ ਸਿੰਘ ਚਾਹਲ (209) 585-9168 ਅਤੇ ਗੁਰਜੀਤ ਸਿੰਘ ਢਿੱਲੋਂ (209) 250-6936 ਨਾਲ ਸੰਪਰਕ ਕਰੋ। ਖੇਡ ਮੇਲੇ ਸਬੰਧੀ ਹੋਰ ਜਾਣਕਾਰੀ ਲਈ ਸਰਬਜੀਤ ਸਿੰਘ (209) 740-5500, ਸੰਦੀਪ ਸਿੰਘ (ਜੈਂਟੀ) (209) 513-0508 ਨਾਲ ਸੰਪਰਕ ਕਰੋ।

**ਬੇਨਤੀ ਕਰਤਾ : ਦਵਿੰਦਰ ਸਿੰਘ ਵਿਰਕ ਮੁੱਖ ਸੇਵਾਦਾਰ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ**

**1391 Fifth St. Turlock, CA 95380**